ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 23 | Issue 210| 14 Jan. to 20 Jan., 2026 | Ph.: (510) 240-5949 | Email: asrtimes@gmail.com



**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ**
**ਚਾਲ੍ਹੀ ਮੁਕਤਿਆਂ ਦੀ ਲਾਸਾਨੀ ਸ਼ਹਾਦਤ ਨੂੰ**
**ਕੋਟਿਨ ਕੋਟ ਪ੍ਰਣਾਮ।**

# ਸ਼ਹੀਦੀ ਜੋੜ-ਮੇਲ ਮਾਘੀ ਮੌਕੇ ਸ੍ਰੀ ਮੁਕਤਸਰ ਸਾਹਿਬ ਵਿਖੇ ਸ਼ਰਧਾਲੂਆਂ ਦਾ ਆਇਆ ਸੈਲਾਬ

## ਦੇਸ਼- ਵਿਦੇਸ਼ ਤੋਂ ਆਈਆਂ ਸੰਗਤਾਂ ਨੇ 'ਟੁੱਟੀ ਗੰਢਣ' ਵਾਲੇ ਸਿੰਘਾਂ ਨੂੰ ਕੀਤਾ ਸਿਜਦਾ

### ਸੰਘਣੀ ਧੁੰਦ ਅਤੇ ਕੜਾਕੇ ਦੀ ਠੰਡ 'ਤੇ ਭਾਰੀ ਪਈ ਆਸਥਾ

**ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਿਕ ਗੁਰੂ ਘਰ ਸ੍ਰੀ ਦਰਬਾਰ ਸਾਹਿਬ ਸ੍ਰੀ ਟੁੱਟੀ ਗੰਢੀ ਸਾਹਿਬ, ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਰਕਾਬਸਰ ਸਾਹਿਬ, ਗੁਰਦੁਆਰਾ ਦਾਤਨਸਰ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਨਤਮਸਤਕ ਹੋ ਰਹੀਆਂ ਹਨ। ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਹੋਰ ਗੁਰੂ ਘਰਾਂ ਨੂੰ ਸੁੰਦਰ ਬਿਜਲਈ ਲੜੀਆਂ ਤੇ ਫੁੱਲਾਂ ਆਦਿ ਨਾਲ ਸਜਾਇਆ ਗਿਆ ਹੈ। ਓਧਰ ਪ੍ਰਸ਼ਾਸਨ ਵੱਲੋਂ ਵੀ ਮੇਲੇ 'ਤੇ ਪੁੱਜਣ ਵਾਲੀ ਸੰਗਤ ਦੀ ਸਹੂਲਤ ਲਈ ਸੁਚੱਜੇ ਪ੍ਰਬੰਧ ਕੀਤੇ ਗਏ ਹਨ।**



ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼: ਚਾਲੀ ਮੁਕਤਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਮਾਘੀ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਪਹੁੰਚ ਕੇ 40 ਮੁਕਤਿਆਂ ਦੀ ਸ਼ਹਾਦਤ ਨੂੰ ਸਿਜਦਾ ਕਰ ਰਹੀਆਂ ਹਨ। ਧਾਰਮਿਕ ਸਮਾਗਮਾਂ ਤਹਿਤ 12 ਜਨਵਰੀ 2026 ਨੂੰ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਸਨ ਜਿਨ੍ਹਾਂ ਦੇ ਭੋਗ ਅੱਜ 14 ਜਨਵਰੀ ਨੂੰ ਮਾਘੀ ਵਾਲੇ ਦਿਨ ਪਾਏ ਗਏ।

ਅੱਜ ਹੀ ਭਾਈ ਮਹਾਂ ਸਿੰਘ ਦੀਵਾਨ ਹਾਲ 'ਚ ਧਾਰਮਿਕ ਦੀਵਾਨ ਸਜਾਏ ਗਏ ਹਨ, ਜਿਨਾਂ 'ਚ ਰਾਗੀ, ਢਾਡੀ ਤੇ ਵਿਦਵਾਨ ਗੁਰੂ ਜਸ, ਸਿੱਖ ਇਤਿਹਾਸ ਤੇ ਪੰਥਕ ਪ੍ਰੋਗਰਾਮ ਪੇਸ਼ ਕਰ ਰਹੇ ਹਨ। ਧਾਰਮਿਕ ਸਮਾਗਮਾਂ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹਜ਼ੂਰੀ ਰਾਗੀ ਜੱਥੇ ਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਉੱਚ ਕੋਟੀ ਦੇ ਪ੍ਰਚਾਰਕ, ਢਾਡੀ ਤੇ ਕਵੀਸ਼ਰੀ ਜੱਥੇ ਪਹੁੰਚ ਪਹੁੰਚ ਕੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾ ਰਹੇ ਹਨ। ਭਲਕੇ 15 ਜਨਵਰੀ 2026 ਨੂੰ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਵਿਸ਼ੇਸ਼ ਢਾਡੀ ਸਮਾਗਮ ਹੋਵੇਗਾ ਤੇ 15 ਜਨਵਰੀ ਨੂੰ ਗੁਰਦੁਆਰਾ ਤੰਬੂ ਸਾਹਿਬ ਵਿਖੇ 11 ਵਜੇ ਅੰਮ੍ਰਿਤ ਸੰਚਾਰ ਵੀ ਹੋਵੇਗਾ। ਇਸ ਤੋਂ ਇਲਾਵਾ 15 ਜਨਵਰੀ ਨੂੰ ਹੀ ਗੇਟ ਨੰਬਰ 4 ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਕਿ ਗੁਰਦੁਆਰਾ ਟਿੱਬੀ ਸਾਹਿਬ ਤੋਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਵਿਖੇ ਪੁੱਜ ਕੇ ਸਮਾਪਤ ਹੋਵੇਗਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਸਿੱਖ ਇਤਿਹਾਸ ਨੂੰ ਦਰਸਾਉਂਦੀ ਪ੍ਰਦਰਸ਼ਨੀ ਲਗਾਈ ਗਈ ਹੈ। ਸੰਗਤਾਂ ਦੀ ਸਹੂਲਤ ਲਈ ਬੜੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਬਾਹਰੋਂ ਆਈ ਸੰਗਤ ਲਈ ਰਿਹਾਇਸ਼ ਅਤੇ ਲੰਗਰ ਦੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਸ੍ਰੀ ਦਰਬਾਰ ਸਾਹਿਬ ਦੇ ਗੇਟਾਂ ਦੇ ਬਾਹਰ ਲਾਇਟਾਂ ਲਗਾਈਆਂ ਗਈਆਂ ਹਨ।

ਮਾਘੀ ਦਾ ਦਿਨ ਬੜਾ ਪਵਿੱਤਰ ਮੰਨਿਆ ਜਾਂਦਾ ਹੈ ਤੇ ਸੰਗਰਾਂਦ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਗੁਰੂ ਘਰਾਂ 'ਚ ਨਤਮਸਤਕ ਹੁੰਦੀ ਹੈ ਤੇ ਇਸ਼ਨਾਨ ਕਰਦੀ ਹੈ। ਇਸੇ ਤਹਿਤ ਚਾਲੀ ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਕੜਾਕੇ ਦੀ ਠੰਢ ਅਤੇ ਭਾਰੀ ਧੁੰਦ ਦੇ ਬਾਵਜੂਦ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਵਿਖੇ ਸੰਗਤ ਦੀ ਆਮਦ ਦੇਖੀ ਜਾ ਰਹੀ ਹੈ। ਰਵਾਇਤੀ ਤੌਰ 'ਤੇ ਇਹ ਮੇਲਾ 14 ਤੇ 15 ਜਨਵਰੀ ਦੋ ਦਿਨ ਚੱਲਦਾ ਹੈ ਪਰ ਮਲੋਟ ਰੋਡ 'ਤੇ ਮਨੋਰੰਜਨ ਮੇਲੇ ਦੇ ਕਾਰਨ ਕਰੀਬ ਦੋ ਮਹੀਨੇ ਤੱਕ ਸ੍ਰੀ ਮੁਕਤਸਰ ਸਾਹਿਬ 'ਚ ਮਾਘੀ ਮੇਲੇ ਦੀ ਰੌਣਕ ਲੱਗੀ ਰਹਿੰਦੀ ਹੈ। ਸੰਗਤ ਲੋਹੜੀ ਦੀ ਰਾਤ ਤੋਂ ਹੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਨਾ ਸ਼ੁਰੂ ਕਰ ਦਿੰਦੀ ਹੈ, ਪਰ ਮਾਘੀ ਦੀ ਸਵੇਰ 4 ਵਜੇ ਤੋਂ ਹੀ ਵੱਡੀ ਗਿਣਤੀ 'ਚ ਸੰਗਤ ਗੁਰਦੁਆਰਾ ਸਾਹਿਬ ਉਮੜਦੀ ਹੈ ਤੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਕੇ ਚਾਲੀ ਮੁਕਤਿਆਂ ਨੂੰ ਨਮਨ ਕਰਦੀ ਹੈ। ਅੱਜ ਸੰਗਤ ਨੇ ਸਰੋਵਰ ਦੇ ਠੰਢੇ ਜਲ ਵਿੱਚ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦਿਆਂ ਇਸ਼ਨਾਨ ਕੀਤਾ। ਅੱਜ ਦੇ ਦਿਨ ਸੰਗਤ 40 ਮੁਕਤਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰ ਰਹੀ ਹੈ। ਸੰਗਤ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। ਪਰਿਕਰਮਾ ਵਿੱਚ ਮੈਟ ਵਿਛਾਏ ਗਏ ਹਨ, ਸਾਈਨ ਬੋਰਡ ਲਗਾਏ ਗਏ ਹਨ ਅਤੇ ਮਾਰਗਦਰਸ਼ਨ ਲਈ ਸੇਵਾਦਾਰ ਤਾਇਨਾਤ ਕੀਤੇ ਗਏ ਹਨ।

ਇਸ ਵਾਰ ਆਮ ਆਦਮੀ ਪਾਰਟੀ ਅਤੇ ਭਾਜਪਾ ਦੀਆਂ ਕਾਨਫਰੰਸਾਂ ਵੀ ਹੋਣ ਕਾਰਨ ਵੱਡੀ ਗਿਣਤੀ ਵਿੱਚ ਮੰਤਰੀ ਅਤੇ ਸਿਆਸੀ ਆਗੂ ਸ੍ਰੀ ਮੁਕਤਸਰ ਸਾਹਿਬ ਪਹੁੰਚ ਰਹੇ ਹਨ। ਇਸ ਦੇ ਚੱਲਦਿਆਂ ਸੁਰੱਖਿਆ ਪ੍ਰਬੰਧ ਕਾਫ਼ੀ ਸਖ਼ਤ ਕੀਤੇ ਗਏ ਹਨ ਅਤੇ ਕਈ ਥਾਵਾਂ 'ਤੇ ਪੁਲਿਸ ਵੱਲੋਂ ਆਵਾਜਾਈ ਲਈ ਰਾਹ ਡਾਈਵਰਟ ਕੀਤੇ ਗਏ ਹਨ।





# ਮਿਡਲੈਂਡਜ਼ ਵਿੱਚ ਹਮਲਿਆਂ ਨੇ ਬਦਲ ਦਿੱਤੀ ਹੈ ਸਿੱਖ ਔਰਤਾਂ ਦੀ ਰੋਜ਼ਾਨਾ ਜ਼ਿੰਦਗੀ

## ਧਾਰਮਿਕ ਤੌਰ ’ਤੇ ਪ੍ਰੇਰਿਤ ਬਲਾਤਕਾਰਾਂ ਅਤੇ ਹਮਲਿਆਂ ਤੋਂ ਬਾਅਦ, ਬਹੁਤ ਸਾਰੀਆਂ ਔਰਤਾਂ ਬਾਹਰ ਜਾਣ ਤੋਂ ਡਰਦੀਆਂ ਹਨ, ਖਾਸ ਕਰਕੇ ਇਕੱਲੀਆਂ

ਨੇਹਾ ਗੋਹਿਲ
ਮਿਡਲੈਂਡਜ਼ ਪੱਤਰਕਾਰ





ਮਿਡਲੈਂਡਜ਼ ਵਿੱਚ ਸਿੱਖ ਔਰਤਾਂ ਨੇ ਰਿਪੋਰਟ ਦਿੱਤੀ ਹੈ ਕਿ ਧਾਰਮਿਕ ਤੌਰ ’ਤੇ ਪ੍ਰੇਰਿਤ ਹਮਲਿਆਂ ਨੇ ਉਨ੍ਹਾਂ ਦੇ ਭਾਈਚਾਰੇ ਵਿੱਚ ਡਰ ਫੈਲਾਇਆ ਹੈ, ਜਿਸ ਨਾਲ ਕੁਝ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਦੇ ਹਰ ਪਹਿਲੂ ਨੂੰ ਬਦਲਣ ਲਈ ਮਜਬੂਰ ਹੋਣਾ ਪਿਆ ਹੈ।

ਹਾਲ ਹੀ ਦੇ ਹਫ਼ਤਿਆਂ ਵਿੱਚ, ਵਾਲਸਾਲ ਅਤੇ ਓਲਡਬਰੀ ਵਿੱਚ 20 ਸਾਲਾਂ ਦੀਆਂ ਦੋ ਸਿੱਖ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ ਹੈ। 32 ਸਾਲਾ ਜੌਨ ਐਸ਼ਬੀ ’ਤੇ ਕਥਿਤ ਵਾਲਸਾਲ ਹਮਲੇ ਦੇ ਸੰਬੰਧ ਵਿੱਚ ਧਾਰਮਿਕ ਕਾਰਨਾਂ ਕਰਕੇ ਬਲਾਤਕਾਰ ਅਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਹੈ।

ਇਹ ਘਟਨਾਵਾਂ, ਵੁਲਵਰਹੈਂਪਟਨ ਵਿੱਚ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ ’ਤੇ ਹਿੰਸਕ ਹਮਲੇ ਦੇ ਨਾਲ, ਅਕਤੂਬਰ ਦੇ ਅਖੀਰ ਵਿੱਚ ਖੇਤਰ ਵਿੱਚ ਸਿੱਖ ਵਿਰੋਧੀ ਨਫ਼ਰਤ ਅਪਰਾਧਾਂ ਬਾਰੇ ਸੰਸਦ ਵਿੱਚ ਇੱਕ ਮੀਟਿੰਗ ਹੋਈ।

ਵੈਸਟ ਮਿਡਲੈਂਡਜ਼ ਵਿੱਚ ਘਰੇਲੂ ਹਿੰਸਾ ਚੈਰਿਟੀ ਸਿੱਖ ਵੂਮੈਨਜ਼ ਏਡ ਦੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕਿਹਾ ਕਿ ਔਰਤਾਂ ਆਪਣੀ ਰੱਖਿਆ ਲਈ ਆਪਣੀ ਰੋਜ਼ਾਨਾ ਜ਼ਿੰਦਗੀ ਬਦਲ ਰਹੀਆਂ ਹਨ।

ਉਸ ਨੇ ਕਿਹਾ ਕਿ ਡਰ ਕਾਰਨ ਹੁਣ ਰੋਜ਼ਾਨਾ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਤਬਦੀਲੀ, ਅਸਲ ਹੈ। ਮੈਂ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ। ਸਿੱਖ ਵੂਮੈਨਜ਼ ਏਡ ਸ਼ੁਰੂ ਕਰਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਔਰਤਾਂ ਨੇ ਸਾਨੂੰ ਕਿਹਾ ਹੈ: ‘ਅਸੀਂ ਉਹ ਕੰਮ ਨਹੀਂ ਕਰ ਰਹੀਆਂ ਜੋ ਅਸੀਂ ਹੁਣ ਪਸੰਦ ਕਰਦੇ ਹਾਂ ਕਿਉਂਕਿ ਉਨ੍ਹਾਂ ਨੂੰ ਕਰਨ ਨਾਲ ਸਾਨੂੰ ਨੁਕਸਾਨ ਹੋ ਸਕਦਾ ਹੈ।’

ਉਸਨੇ ਕਿਹਾ ਕਿ ਔਰਤਾਂ ਹੁਣ ਜਿੰਮ ਜਾਣ, ਜਾਂ ਸੈਰ ਕਰਨ ਜਾਂ ਦੌੜਨ ਵਿੱਚ ਸੁਰੱਖਿਅਤ ਮਹਿਸੂਸ ਨਹੀ ਕਰਦੀਆਂ। ਉਹ ਇਹ ਕੰਮ ਸਮੂਹਾਂ ਵਿੱਚ ਕਰ ਰਹੀਆਂ ਹਨ। ਉਹ ਆਪਣੇ ਸਥਾਨ ਨੂੰ ਦੋਸਤਾਂ ਜਾਂ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕਰ ਰਹੀਆਂ ਹਨ।

ਉਸ ਨੇ ਕਿਹਾ ਕਿ ਵਾਲਸਾਲ ਵਿੱਚ ਹੋਏ ਹਮਲੇ ਨਾਲ ਕਵੈਂਟਰੀ ਵਿੱਚ ਔਰਤਾਂ ਡਰ ਜਾਣਗੀਆਂ ਕਿਉਂਕਿ ਇਹ ਮਿਡਲੈਂਡਜ਼ ਹੈ। ਔਰਤਾਂ ਦੇ ਆਪਣੀ ਸੁਰੱਖਿਆ ਬਾਰੇ ਸੋਚਣ ਦੇ ਤਰੀਕੇ ਵਿੱਚ ਜ਼ਰੂਰ ਬਦਲਾਅ ਆਇਆ ਹੈ। ਕੁਝ ਸਮਾਂ ਪਹਿਲਾਂ, ਪੁਲਿਸ ਨੇ ਪੁਸ਼ਟੀ ਕੀਤੀ ਕਿ ਵੁਲਵਰਹੈਂਪਟਨ ਵਿੱਚ ਇੱਕ 50 ਸਾਲਾ ਔਰਤ ਇੱਕ ਨਸਲਵਾਦੀ ਹਮਲੇ ਦਾ ਸ਼ਿਕਾਰ ਹੋਈ ਸੀ ਜਿਸ ਵਿੱਚ ਇੱਕ ਇਲੈਕਟ੍ਰਿਕ ਸਟਨ ਡਿਵਾਈਸ ਦੀ ਵਰਤੋਂ ਕੀਤੀ ਗਈ ਸੀ। ਲੇਬਰ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਐਕਸ ’ਤੇ ਲਿਖਿਆ ਕਿ ਪੀੜਤ ਸਿੱਖ ਸੀ। ਜਦੋਂ ਵੈਸਟ ਮਿਡਲੈਂਡਜ਼ ਪੁਲਿਸ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਇਸ ਜਾਣਕਾਰੀ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ।

ਮਿਡਲੈਂਡਜ਼ ਵਿੱਚ ਸਿੱਖ ਧਾਰਮਿਕ ਸਥਾਨਾਂ ਨੇ ਔਰਤਾਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਵਿੱਚ ਬਲਾਤਕਾਰ ਅਤੇ ਸੁਰੱਖਿਆ ਅਲਾਰਮ ਵੰਡਣੇ ਸ਼ੁਰੂ ਕਰ ਦਿੱਤੇ ਹਨ।

ਵਾਲਸਾਲ ਦੇ ਨਾਨਕਸਰ ਗੁਰਦੁਆਰੇ ਵਿੱਚ, ਇੱਕ ਨਿਯਮਤ ਦਰਸ਼ਨ ਕਰਨ ਵਾਲੀ ਕਾਮ ਕੌਰ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਨੇ ਇਲਾਕੇ ਵਿੱਚ



ਰਹਿਣ ਵਾਲੇ ਸਿੱਖਾਂ ਲਈ ਸਭ ਕੁਝ ਬਦਲ ਦਿੱਤਾ ਹੈ।

ਖਾਸ ਤੌਰ ’ਤੇ, ਉਸਨੇ ਕਿਹਾ ਕਿ ਉਹ ਗੁਰਦੁਆਰੇ ਵਿੱਚ ਇਕੱਲੇ ਜਾਣਾ ਸੁਰੱਖਿਅਤ ਮਹਿਸੂਸ ਕਰਦੀ ਹੈ ਹੁਣ ਅਜਿਹਾ ਨਹੀਂ ਹੁੰਦਾ। ਉਸਨੇ ਆਪਣੀ ਬਜ਼ੁਰਗ ਮਾਂ ਨੂੰ ਕਿਹਾ ਹੈ ਕਿ ਉਹ ਮੁੱਖ ਦਰਵਾਜ਼ਾ ਖੋਲ੍ਹਦੇ ਸਮੇਂ ਸਾਵਧਾਨ ਰਹੇ। ਅਸੀਂ ਸਾਰੇ ਨਿਸ਼ਾਨੇ ’ਤੇ ਹਾਂ। ਦਿਨ ਹੋਵੇ ਜਾਂ ਰਾਤ, ਕਿਸੇ ’ਤੇ ਵੀ ਹਮਲਾ ਹੋ ਸਕਦਾ ਹੈ।

ਇੱਕ ਹੋਰ ਸ਼ਰਧਾਲੂ, 32 ਸਾਲਾ ਇੰਦਰਜੀਤ ਕੌਰ ਨੇ ਕਿਹਾ ਕਿ ਉਹ ਕੰਮ ’ਤੇ ਜਾਣ ਵੇਲੇ ਵਾਧੂ ਸਾਵਧਾਨੀ ਵਰਤ ਰਹੀ ਹੈ। ਉਸ ਨੇ ਕਿਹਾ ਕਿ ਮੈਂ ਬੱਸ ਸਟੇਸ਼ਨ ਦੇ ਨੇੜੇ ਪਾਰਕਿੰਗ ਲੱਭਣ ਦੀ ਕੋਸ਼ਿਸ਼ ਕਰਦੀ ਹਾਂ। ਮੈਂ ਆਪਣੇ ਹੈੱਡਫੋਨ ਵਿੱਚ ਪਾਠ ਸੁਣਦੀ ਹਾਂ, ਪਰ ਬਹੁਤ ਘੱਟ ਆਵਾਜ਼ ਵਿੱਚ, ਇਸ ਲਈ ਮੈਂ ਅਜੇ ਵੀ ਲੰਘਦੀਆਂ ਕਾਰਾਂ ਨੂੰ ਸੁਣ ਸਕਦੀ ਹਾਂ, ਮੈਂ ਅਜੇ ਵੀ ਆਪਣੇ ਆਲੇ ਦੁਆਲੇ ਨੂੰ ਸੁਣ ਸਕਦੀ ਹਾਂ।

ਸੁਰਿੰਦਰ ਕੌਰ, 57, ਜਿਸ ਦੀਆਂ ਤਿੰਨ ਧੀਆਂ ਹਨ, ਨੇ ਕਿਹਾ: ‘ਅਸੀਂ, ਮੇਰੀਆਂ ਧੀਆਂ ਅਤੇ ਮੈਂ, ਸੈਰ ਲਈ ਜਾਂਦੇ ਹਾਂ, ਅਤੇ ਇਨ੍ਹਾਂ ਸਾਰੇ ਅਪਰਾਧਾਂ ਕਾਰਨ ਇਹ ਹੁਣ ਬਹੁਤ ਅਸੁਰੱਖਿਅਤ ਮਹਿਸੂਸ ਹੁੰਦਾ ਹੈ।’

‘ਅਸੀਂ ਪਹਿਲਾਂ ਕਦੇ ਇਨ੍ਹਾਂ ਸਾਵਧਾਨੀਆਂ ਬਾਰੇ ਨਹੀਂ ਸੋਚਿਆ,’ ਉਸਨੇ ਕਿਹਾ। ‘ਮੈਂ ਲਗਾਤਾਰ ਪਿੱਛੇ ਮੁੜ ਕੇ ਦੇਖ ਰਹੀ ਹਾਂ।’

ਵਾਲਸਾਲ ਵਿੱਚ ਪਲੀ 55 ਸਾਲਾ ਸੁਰਿੰਦਰ ਬਾਜਵਾ ਲਈ, ਇਹ ਮਾਹੌਲ 1970 ਅਤੇ 80 ਦੇ ਦਹਾਕੇ ਵਿੱਚ ਪੁਰਾਣੀਆਂ ਪੀੜ੍ਹੀਆਂ ਦੁਆਰਾ ਸਾਹਮਣਾ ਕੀਤੇ ਗਏ ਨਸਲਵਾਦ ਦੀ ਯਾਦ ਦਿਵਾਉਂਦਾ ਹੈ।

ਉਸ ਨੇ ਕਿਹਾ ਕਿ ਅਸੀਂ ਇਹ ਸਭ 1980 ਦੇ ਦਹਾਕੇ ਵਿੱਚ ਅਨੁਭਵ ਕੀਤਾ ਜਦੋਂ ਸਾਡੀਆਂ ਮਾਵਾਂ ਕਮਿਊਨਿਟੀ ਹਾਲ ਦੇ ਕੋਲੋਂ ਲੰਘਦੀਆਂ ਸਨ। ਨੈਸ਼ਨਲ ਫਰੰਟ ਉੱਥੇ ਹੁੰਦਾ ਸੀ ਅਤੇ ਹਰ ਕੋਈ ਉੱਥੇ ਬੈਠਦਾ ਸੀ ਅਤੇ ਉਹ ਉਨ੍ਹਾਂ ’ਤੇ ਥੁੱਕਦੇ ਸਨ, ਉਨ੍ਹਾਂ ਨਾਲ ਬਦਸਲੂਕੀ ਕਰਦੇ ਸਨ, ਜਾਂ ਉਨ੍ਹਾਂ ’ਤੇ ਕੁੱਤੇ ਸੁੱਟਦੇ ਸਨ। ਕਿਸੇ ਕਾਰਨ ਕਰਕੇ, ਮੈਂ ਉਸ ਸਮੇਂ ਵਿੱਚ ਵਾਪਸ ਜਾ ਰਹੀ ਹਾਂ। ਮੇਰੇ ਮਨ ਵਿੱਚ, ਮੈਨੂੰ ਲੱਗਦਾ ਹੈ ਕਿ ਉਹ ਦਿਨ ਲਗਭਗ ਵਾਪਸ ਆ ਗਏ ਹਨ।

ਲੇਬਰ ਕੌਂਸਲਰ ਸਿਮਰਨ ਚੀਮਾ ਨੇ ਇਸ ਭਾਵਨਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਲੋਕ ਮਹਿਸੂਸ ਕਰਦੇ ਹਨ ਕਿ ‘ਅਸੀਂ ਪੁਰਾਣੇ ਸਮੇਂ ਵਿੱਚ ਵਾਪਸ ਚਲੇ ਗਏ ਹਾਂ... ਜਿੱਥੇ ਬਹੁਤ ਜ਼ਿਆਦਾ ਸਪੱਸ਼ਟ ਨਸਲਵਾਦ ਸੀ।’

ਸਿਮਰਨ ਚੀਮਾ ਨੇ ਕਿਹਾ ਕਿ ਲੋਕ ਆਪਣੇ ਧਰਮ ਦੀਆਂ ਚੀਜ਼ਾਂ ਪਹਿਨਣ ਤੋਂ ਡਰਦੇ ਹਨ।

ਉਸ ਨੇ ਕਿਹਾ ਕਿ ਲੋਕ ਭਾਈਚਾਰੇ ਵਿੱਚ ਬਾਹਰ ਜਾਣ ਤੋਂ ਡਰਦੇ ਹਨ। ਲੋਕ ਆਪਣੇ ਧਰਮ ਦੀਆਂ ਚੀਜ਼ਾਂ ਪਹਿਨਣ ਤੋਂ ਡਰਦੇ ਹਨ; ਪੱਗਾਂ ਬੰਨਣ ਜਾਂ ਸਿਰ ਢੱਕਣ ਤੋਂ।

ਚੀਮਾ ਨੇ ਕਿਹਾ ਕਿ ਵਾਲਸਾਲ ਕੌਂਸਲ ਨੇ ਭਾਈਚਾਰੇ ਨੂੰ ਭਰੋਸਾ ਦਿਵਾਉਣ ਲਈ ਗੁਰਦੁਆਰਿਆਂ ਦੇ ਆਲੇ-ਦੁਆਲੇ ਵਾਧੂ ਸੀਸੀਟੀਵੀ ਲਗਾਏ ਹਨ।

ਵੈਸਟ ਮਿਡਲੈਂਡਜ਼ ਪੁਲਿਸ ਨੇ ਕਿਹਾ ਕਿ ਉਹ ਔਰਤਾਂ ਦੀ ਸੁਰੱਖਿਆ ਬਾਰੇ ਚਰਚਾ ਕਰਨ ਲਈ ਸਥਾਨਕ ਸਿਆਸਤਦਾਨਾਂ, ਮਹਿਲਾ ਸਮੂਹਾਂ ਅਤੇ ਭਾਈਚਾਰਕ ਆਗੂਆਂ ਨਾਲ ਮੀਟਿੰਗਾਂ ਕਰ ਰਹੇ ਹਨ, ਨਾਲ ਹੀ ਧਾਰਮਿਕ ਸਥਾਨਾਂ ਦਾ ਦੌਰਾ ਵੀ ਕਰ ਰਹੇ ਹਨ।

ਚੀਫ਼ ਸੁਪਰਡੈਂਟ ਫਿਲ ਡੌਲਬੀ ਨੇ ਵਾਲਸਾਲ ਗੁਰਦੁਆਰਾ ਕਮੇਟੀ ਨੂੰ ਦੱਸਿਆ, ‘ਇਹ ਭਾਈਚਾਰੇ ਲਈ ਬਹੁਤ ਮੁਸ਼ਕਿਲ ਸਮਾਂ ਰਿਹਾ ਹੈ। ਕੋਈ ਵੀ ਡਰ ਦੇ ਮਾਹੌਲ ਵਿੱਚ ਰਹਿਣ ਦਾ ਹੱਕਦਾਰ ਨਹੀਂ ਹੈ।’

ਵਾਲਸਾਲ ਕੌਂਸਲ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਅਤੇ ਸਾਡੇ ਭਾਈਚਾਰਿਆਂ ਦੇ ਸਹਿਯੋਗ ਨਾਲ, ਪੁਲਿਸ ਨਾਲ ਸਰਗਰਮੀ ਨਾਲ ਕੰਮ ਕਰ ਰਹੀ ਹੈ, ਤਾਂ ਜੋ ਸਹਾਇਤਾ ਅਤੇ ਭਰੋਸਾ ਦਿੱਤਾ ਜਾ ਸਕੇ।

ਸੈਂਡਵੈੱਲ ਕੌਂਸਲ ਦੇ ਨੇਤਾ ਕੈਰੀ ਕਾਰਮਾਈਕਲ ਨੇ ਕਿਹਾ: ‘ਅਸੀਂ ਸਾਰੇ ਓਲਡਬਰੀ ਵਿੱਚ ਵਾਪਰੀ ਭਿਆਨਕ ਘਟਨਾ ਤੋਂ ਹੈਰਾਨ ਹਾਂ।’ ਉਸਨੇ ਅੱਗੇ ਕਿਹਾ ਕਿ ਕੌਂਸਲ ਨੇ ਸੇਫਰ ਸੈਂਡਵੈਲ ਭਾਈਵਾਲੀ ਦੇ ਤਹਿਤ ਔਰਤਾਂ ਅਤੇ ਕੁੜੀਆਂ ਵਿਰੁੱਧ ਹਿੰਸਾ ਅਤੇ ਨਫ਼ਰਤ ਅਪਰਾਧ ਨਾਲ ਨਜਿੱਠਣ ਲਈ ਪੁਲਿਸ ਨਾਲ ਕੰਮ ਕੀਤਾ।

# ਬ੍ਰਿਟੇਨ ’ਤੇ ਕਿਉਂ ਛਾਇਆ ਨਵਾਂ ਆਰਥਿਕ ਸੰਕਟ ?

## 2025 ਵਿੱਚ 16,500 ਤੋਂ ਵੱਧ ਕਰੋੜਪਤੀਆਂ ਨੇ ਕਿਉਂ ਛੱਡਿਆ ਦੇਸ਼ ?

ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਨੂੰ ਅੱਜਕੱਲ੍ਹ ਇੱਕ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੰਕਟ ਕਿਸੇ ਯੁੱਧ ਜਾਂ ਕੁਦਰਤੀ ਆਫ਼ਤ ਨਾਲ ਨਹੀਂ, ਸਗੋਂ ਦੇਸ਼ ਦੇ ਅਮੀਰ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਬਾਹਰ ਜਾਣ ਨਾਲ ਜੁੜਿਆ ਹੋਇਆ ਹੈ। ਇੱਕ ਤਾਜ਼ਾ ਰਿਪੋਰਟ ਮੁਤਾਬਕ, ਸਾਲ 2025 ਵਿੱਚ ਬ੍ਰਿਟੇਨ ਤੋਂ ਲਗਭਗ 16,500 ਕਰੋੜਪਤੀਆਂ ਨੇ ਦੇਸ਼ ਛੱਡ ਦਿੱਤਾ। ਇਹ ਅੰਕੜਾ ਪਿਛਲੇ 10 ਸਾਲਾਂ ਵਿੱਚ ਕਿਸੇ ਵੀ ਦੇਸ਼ ਤੋਂ ਅਮੀਰਾਂ ਦੇ ਬਾਹਰ ਜਾਣ ਦਾ ਸਭ ਤੋਂ ਵੱਡਾ ਰਿਕਾਰਡ ਹੈ।

ਇਹ ਰਿਪੋਰਟ ਹੈਨਲੇ ਐਂਡ ਪਾਰਟਨਰਜ਼ ਅਤੇ ਨਿਊ ਵਰਲਡ ਵੈਲਥ ਨੇ ਜਾਰੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕਰੋੜਪਤੀਆਂ ਨਾਲ ਜੁੜੀ ਨਿਵੇਸ਼ਯੋਗ ਸੰਪਤੀ ਲਗਭਗ 92 ਬਿਲੀਅਨ ਅਮਰੀਕੀ ਡਾਲਰ ਬ੍ਰਿਟੇਨ ਤੋਂ ਬਾਹਰ ਚਲਾ ਗਿਆ। ਇਹ ਨੁਕਸਾਨ ਸਿਰਫ਼ ਪੈਸੇ ਦਾ ਨਹੀਂ, ਬਲਕਿ ਦੇਸ਼ ਦੀ ਆਰਥਿਕ ਤਾਕਤ, ਪ੍ਰਗਤੀ ਅਤੇ ਕਾਰੋਬਾਰੀ ਵਾਤਾਵਰਣ ਲਈ ਵੀ ਬਹੁਤ ਵੱਡਾ ਝਟਕਾ ਹੈ। ਆਰਥਿਕ ਮਾਹਿਰਾਂ ਅਨੁਸਾਰ, ਬ੍ਰਿਟੇਨ ਵਿੱਚ ਅਮੀਰਾਂ ਉੱਤੇ ਲੱਗੇ ਉੱਚ ਟੈਕਸ ਦਰਾਂ ਅਤੇ ਟੈਕਸ ਨਿਯਮਾਂ ਵਿੱਚ ਵੱਡੀ ਤਬਦੀਲੀ ਨੇ ਇਸ ਸਥਿਤੀ ਨੂੰ ਜਨਮ ਦਿੱਤਾ ਹੈ। ਖਾਸ ਤੌਰ ’ਤੇ ‘ਨਾਨ-ਡੋਮ’ (ਨਾਨ-ਡੋਮਿਸਾਈਲਡ) ਟੈਕਸ ਪ੍ਰਣਾਲੀ ਨੂੰ ਖਤਮ ਕਰਨਾ ਸਭ ਤੋਂ ਵੱਡਾ ਕਾਰਨ ਰਿਹਾ। ਇਹ ਪੁਰਾਣੀ ਵਿਵਸਥਾ 200 ਸਾਲ ਪੁਰਾਣੀ ਸੀ, ਜਿਸ ਵਿੱਚ ਵਿਦੇਸ਼ੀ ਮੂਲ ਦੇ ਅਮੀਰ ਲੋਕ ਬ੍ਰਿਟੇਨ ਵਿੱਚ ਰਹਿੰਦੇ ਹੋਏ ਵੀ ਆਪਣੀ ਵਿਦੇਸ਼ੀ ਕਮਾਈ ਅਤੇ ਜਾਇਦਾਦ ਉੱਤੇ ਟੈਕਸ ਤੋਂ ਬਚ ਸਕਦੇ ਸਨ, ਜੇਕਰ ਉਹ ਉਸ ਪੈਸੇ ਨੂੰ ਬ੍ਰਿਟੇਨ ਵਿੱਚ ਨਾ ਲਿਆਉਂਦੇ ਪਰ ਅਪ੍ਰੈਲ 2025 ਤੋਂ ਇਸ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ। ਹੁਣ ਲੰਬੇ ਸਮੇਂ ਤੱਕ ਬ੍ਰਿਟੇਨ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਆਪਣੀ ਵਿਸ਼ਵ ਭਰ ਦੀ ਕਮਾਈ ਅਤੇ ਜਾਇਦਾਦ ਉੱਤੇ ਟੈਕਸ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ, ਵਿਰਾਸਤ ਟੈਕਸ (ਇਨਹੈਰੀਟੈਂਸ ਟੈਕਸ) ਵੀ ਵਿਦੇਸ਼ੀ ਜਾਇਦਾਦ ਉੱਤੇ ਲੱਗਣ ਲੱਗ ਪਿਆ ਹੈ।



ਇਸ ਤਬਦੀਲੀ ਨਾਲ ਬਹੁਤ ਸਾਰੇ ਅਮੀਰ ਲੋਕਾਂ ਨੂੰ ਲੱਗਾ ਕਿ ਬ੍ਰਿਟੇਨ ਹੁਣ ਉਨ੍ਹਾਂ ਲਈ ਫਾਇਦੇਮੰਦ ਨਹੀਂ ਰਿਹਾ। ਉੱਚ ਆਮਦਨੀ ਵਾਲੇ ਲੋਕਾਂ ਉੱਤੇ 45% ਤੱਕ ਦਾ ਟੈਕਸ, ਆਰਥਿਕ ਅਨਿਸ਼ਚਿਤਤਾ, ਬ੍ਰੈਕਸਿਟ ਦੇ ਬਾਅਦ ਵਪਾਰਕ ਮੁਸ਼ਕਿਲਾਂ ਅਤੇ ਸਟਾਕ ਮਾਰਕੀਟ ਦੀ ਮੰਦੀ ਨੇ ਵੀ ਉਨ੍ਹਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤਾ।

**ਕਿੱਥੇ ਜਾ ਰਹੇ ਨੇ ਇਹ ਅਮੀਰ ਲੋਕ ?**

ਜ਼ਿਆਦਾਤਰ ਕਰੋੜਪਤੀ ਹੁਣ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਖਾਸ ਕਰਕੇ ਦੁਬਈ ਵੱਲ ਜਾ ਰਹੇ ਹਨ, ਜਿੱਥੇ ਕੋਈ ਵਿਅਕਤੀਗਤ ਆਮਦਨੀ ਟੈਕਸ ਨਹੀਂ ਲੱਗਦਾ ਅਤੇ ਜੀਵਨ ਸ਼ੈਲੀ ਬਹੁਤ ਸ਼ਾਨਦਾਰ ਹੈ। ਇਸ ਤੋਂ ਇਲਾਵਾ ਅਮਰੀਕਾ, ਇਟਲੀ, ਪੁਰਤਗਾਲ, ਸਵਿਟਜ਼ਰਲੈਂਡ ਅਤੇ ਸਿੰਗਾਪੁਰ ਵੀ ਪ੍ਰਸਿੱਧ ਟਿਕਾਣੇ ਬਣ ਰਹੇ ਹਨ। ਇਹ ਦੇਸ਼ ਘੱਟ ਟੈਕਸ, ਵਧੀਆ ਜੀਵਨ ਸ਼ੈਲੀ ਅਤੇ ਕਾਰੋਬਾਰ ਲਈ ਵਧੀਆ ਮੌਕੇ ਦਿੰਦੇ ਹਨ। ਯੂ.ਏ.ਈ. ਵਿੱਚ 2025 ਵਿੱਚ ਲਗਭਗ 9,800 ਨਵੇਂ ਕਰੋੜਪਤੀ ਆਏ।

ਤੁਲਨਾ ਲਈ ਦੇਖੀਏ ਤਾਂ ਚੀਨ ਤੋਂ 7,800 ਅਤੇ ਭਾਰਤ ਤੋਂ 3,500 ਅਮੀਰਾਂ ਦੇ ਬਾਹਰ ਜਾਣ ਦਾ ਅੰਦਾਜ਼ਾ ਹੈ, ਜੋ ਬ੍ਰਿਟੇਨ ਨਾਲੋਂ ਬਹੁਤ ਘੱਟ ਹੈ। ਇਸ ਤਰ੍ਹਾਂ ਬ੍ਰਿਟੇਨ ਇੱਕ ਅਜਿਹਾ ਦੇਸ਼ ਬਣ ਗਿਆ ਹੈ ਜਿੱਥੇ ਅਮੀਰ ਲੋਕ ਆਪਣੇ ਪੈਸੇ ਅਤੇ ਟੈਲੈਂਟ ਨਾਲ ਬਾਹਰ ਜਾ ਰਹੇ ਹਨ।

**ਇਸ ਨਾਲ ਕੀ ਨੁਕਸਾਨ ਹੋ ਰਿਹਾ ਹੈ ?**

ਇਹ ਸਿਰਫ਼ ਪੈਸਾ ਨਹੀਂ, ਬਲਕਿ ਨੌਕਰੀਆਂ, ਨਵੇਂ ਕਾਰੋਬਾਰ ਅਤੇ ਟੈਕਨਾਲੋਜੀ ਵਿੱਚ ਨਵੀਨਤਾ ਵੀ ਗੁਆ ਰਿਹਾ ਹੈ। ਬਹੁਤ ਸਾਰੇ ਬੈਂਕਰ, ਟੈਕ ਐਂਟਰਪ੍ਰੇਨਿਊਰ ਅਤੇ ਵਪਾਰੀ ਬਾਹਰ ਜਾ ਰਹੇ ਹਨ। ਮਾਹਿਰ ਚਿਤਾਵਨੀ ਦੇ ਰਹੇ ਹਨ ਕਿ ਜੇਕਰ ਸਰਕਾਰ ਨੇ ਟੈਕਸ ਨੀਤੀਆਂ ਵਿੱਚ ਬਦਲਾਅ ਨਾ ਕੀਤਾ ਅਤੇ ਅਮੀਰਾਂ ਨੂੰ ਰੋਕਣ ਲਈ ਆਕਰਸ਼ਕ ਪ੍ਰੋਗਰਾਮ ਨਾ ਬਣਾਏ, ਤਾਂ ਇਹ ਸੰਕਟ ਲੰਬੇ ਸਮੇਂ ਤੱਕ ਬ੍ਰਿਟੇਨ ਦੀ ਆਰਥਿਕ ਵਿਕਾਸ ਨੂੰ ਰੋਕ ਸਕਦਾ ਹੈ।

ਕੁਝ ਮਾਹਿਰ ਇਸ ਅੰਕੜੇ ਨੂੰ ਥੋੜ੍ਹਾ ਵੱਧ ਚੜ੍ਹਾ ਕੇ ਦੱਸਿਆ ਜਾਂਦਾ ਵੀ ਮੰਨਦੇ ਹਨ, ਪਰ ਇਹ ਸੱਚ ਹੈ ਕਿ ਬ੍ਰਿਟੇਨ ਦੀ ਪੁਰਾਣੀ ਚਮਕ ਹੁਣ ਘੱਟ ਰਹੀ ਹੈ ਅਤੇ ਅਮੀਰ ਵਰਗ ਹੁਣ ਹੋਰ ਦੇਸ਼ਾਂ ਵੱਲ ਰੁਖ਼ ਕਰ ਰਿਹਾ ਹੈ। ਸਵਾਲ ਇਹ ਹੈ ਕਿ ਕੀ ਬ੍ਰਿਟੇਨ ਆਪਣੀ ਪੁਰਾਣੀ ਸ਼ਾਨ ਵਾਪਸ ਲਿਆ ਸਕੇਗਾ ?

# ਅਮਰੀਕਾ ਨੇ ਜਾਰੀ ਕੀਤੀ ਟ੍ਰੈਵਲ ਐਡਵਾਈਜ਼ਰੀ : '21 ਦੇਸ਼ਾਂ ਵਿੱਚ ਨਾ ਜਾਓ'

ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੇ ਨਾਗਰਿਕਾਂ ਲਈ ਇੱਕ ਵੱਡੀ ਚਿਤਾਵਨੀ ਜਾਰੀ ਕੀਤੀ ਹੈ। ਇਹ ਚਿਤਾਵਨੀ 8 ਜਨਵਰੀ 2026 ਨੂੰ ਜਾਰੀ ਕੀਤੀ ਗਈ ਸੀ, ਜਿਸ ਵਿੱਚ 21 ਦੇਸ਼ਾਂ ਨੂੰ 'ਲੈਵਲ-4: ਯਾਤਰਾ ਨਾ ਕਰੋ' ਵਾਲੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਸ ਦਾ ਮਤਲਬ ਹੈ ਕਿ ਅਮਰੀਕੀ ਨਾਗਰਿਕਾਂ ਨੂੰ ਇਨ੍ਹਾਂ ਦੇਸ਼ਾਂ ਵਿੱਚ ਕਿਸੇ ਵੀ ਹਾਲਤ ਵਿੱਚ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਇਹ ਫੈਸਲਾ ਅਮਰੀਕੀ ਵਿਦੇਸ਼ ਵਿਭਾਗ ਦੇ ਬਿਊਰੋ ਆਫ਼ ਕੰਸੂਲਰ ਅਫੇਅਰਜ਼ ਵੱਲੋਂ ਲਿਆ ਗਿਆ ਹੈ ਅਤੇ ਇਸ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਅਧਿਕਾਰਤ ਪੋਸਟ ਰਾਹੀਂ ਸਾਂਝਾ ਕੀਤਾ ਗਿਆ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਐਡਵਾਈਜ਼ਰੀ ਵਿੱਚ ਬੜੀ ਸਖ਼ਤੀ ਨਾਲ ਕਿਹਾ ਹੈ ਕਿ ਉਹ ਯਾਤਰੀਆਂ ਲਈ ਲੈਵਲ 1 ਤੋਂ ਲੈਵਲ 4 ਤੱਕ ਦੀਆਂ ਚਿਤਾਵਨੀਆਂ ਜਾਰੀ ਕਰਦੇ ਹਨ। ਲੈਵਲ 4 ਦਾ ਮਤਲਬ ਹੈ 'ਬਿਲਕੁਲ ਯਾਤਰਾ ਨਾ ਕਰੋ।' ਇਹ ਲੈਵਲ ਉਦੋਂ ਨਿਰਧਾਰਿਤ ਕੀਤਾ ਜਾਂਦਾ ਹੈ ਜਦੋਂ ਕਿਸੇ ਦੇਸ਼ ਵਿੱਚ ਸਥਾਨਕ ਹਾਲਾਤ ਬਹੁਤ ਖ਼ਤਰਨਾਕ ਹੋਣ ਜਾਂ ਉੱਥੇ ਅਮਰੀਕੀ ਨਾਗਰਿਕਾਂ ਨੂੰ ਮਦਦ ਕਰਨ ਦੀ ਅਮਰੀਕੀ ਸਰਕਾਰ ਦੀ ਸਮਰੱਥਾ ਸੀਮਿਤ ਹੋਵੇ। ਅਜਿਹੇ ਸਥਾਨ ਗੰਭੀਰ ਜੋਖਮਾਂ ਨਾਲ ਭਰੇ ਹੁੰਦੇ ਹਨ ਅਤੇ ਉੱਥੇ ਕਿਸੇ ਵੀ ਕਾਰਨ ਨਾਲ ਜਾਣਾ ਸੁਰੱਖਿਅਤ ਨਹੀਂ ਹੁੰਦਾ। ਇਹ ਚਿਤਾਵਨੀ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਜਾਰੀ ਕੀਤੀ ਜਾਂਦੀ ਹੈ ਤਾਂ ਜੋ ਉਹ ਖ਼ਤਰਨਾਕ ਜਗ੍ਹਾਵਾਂ ਤੋਂ ਦੂਰ ਰਹਿਣ।

ਇਸ ਐਡਵਾਈਜ਼ਰੀ ਵਿੱਚ 21 ਦੇਸ਼ਾਂ ਨੂੰ ਯਾਤਰਾ ਨਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਵਿੱਚ ਰੂਸ, ਯੂਕ੍ਰੇਨ, ਲੀਬੀਆ ਅਤੇ ਬੁਰਕੀਨਾ ਫਾਸੋ ਵਰਗੇ ਦੇਸ਼ ਸ਼ਾਮਲ ਹਨ। ਪੂਰੀ ਸੂਚੀ ਇਸ ਤਰ੍ਹਾਂ ਹੈ: ਅਫਗਾਨਿਸਤਾਨ, ਬੇਲਾਰੂਸ, ਬਰਮਾ (ਮਿਆਂਮਾਰ), ਸੈਂਟਰਲ ਅਫਰੀਕਨ ਰੀਪਬਲਿਕ (ਸੀਏਆਰ), ਹੈਤੀ, ਇਰਾਨ, ਇਰਾਕ, ਲੇਬਨਾਨ, ਮਾਲੀ, ਨਾਈਜਰ, ਉੱਤਰੀ ਕੋਰੀਆ, ਸੋਮਾਲੀਆ, ਦੱਖਣੀ ਸੂਡਾਨ, ਸੂਡਾਨ, ਸੀਰੀਆ, ਵੈਨੇਜ਼ੁਏਲਾ ਅਤੇ ਯਮਨ। ਇਨ੍ਹਾਂ ਦੇਸ਼ਾਂ ਵਿੱਚ ਅਸਥਿਰਤਾ, ਅੱਤਵਾਦ, ਅਪਰਾਧ, ਸਿਹਤ ਸਮੱਸਿਆਵਾਂ ਅਤੇ ਹੋਰ ਜੋਖਮਾਂ ਕਾਰਨ ਅਮਰੀਕੀ ਨਾਗਰਿਕਾਂ ਨੂੰ ਉੱਥੇ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਉਦਾਹਰਨ ਵਜੋਂ, ਰੂਸ ਅਤੇ ਯੂਕ੍ਰੇਨ ਵਿੱਚ ਜੰਗੀ ਹਾਲਾਤ ਹਨ, ਜਦਕਿ ਇਰਾਨ ਅਤੇ ਉੱਤਰੀ ਕੋਰੀਆ ਵਿੱਚ ਸਿਆਸੀ ਤਣਾਅ ਅਤੇ ਅਮਰੀਕੀ ਵਿਰੋਧੀ ਨੀਤੀਆਂ ਕਾਰਨ ਖ਼ਤਰਾ ਹੈ। ਬੁਰਕੀਨਾ ਫਾਸੋ ਅਤੇ ਮਾਲੀ ਵਰਗੇ ਅਫਰੀਕੀ ਦੇਸ਼ਾਂ ਵਿੱਚ ਅੱਤਵਾਦੀ ਗਤੀਵਿਧੀਆਂ ਅਤੇ ਅਪਰਾਧ ਵੱਧ ਰਹੇ ਹਨ।

## ਕੀ ਭਾਰਤ ਅਤੇ ਪਾਕਿਸਤਾਨ ਨੂੰ ਵੀ ਲੈਵਲ 4 'ਚ ਸ਼ਾਮਲ ਕੀਤਾ ਗਿਆ ?

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਇਸ ਸੂਚੀ ਵਿੱਚ ਭਾਰਤ ਅਤੇ ਪਾਕਿਸਤਾਨ ਦਾ ਨਾਂਅ ਵੀ ਸ਼ਾਮਲ ਹੈ ? ਨਹੀਂ, ਇਨ੍ਹਾਂ 21 ਦੇਸ਼ਾਂ ਵਿੱਚ ਨਾ ਤਾਂ ਭਾਰਤ ਹੈ ਅਤੇ ਨਾ ਹੀ ਪਾਕਿਸਤਾਨ। ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਨੂੰ ਲੈਵਲ 2 ਜਾਂ ਲੈਵਲ 3 ਵਿੱਚ ਰੱਖਿਆ ਹੋ ਸਕਦਾ ਹੈ, ਜਿਸ ਵਿੱਚ ਨਿਰੰਤਰ ਸਾਵਧਾਨੀ ਵਰਤਣ ਦੀ ਸਲਾਹ ਹੁੰਦੀ ਹੈ, ਪਰ ਲੈਵਲ 4 ਵਿੱਚ ਨਹੀਂ। ਇਸ ਨਾਲ ਇਹ ਸਪੱਸ਼ਟ ਹੈ ਕਿ ਅਮਰੀਕਾ ਭਾਰਤ ਨੂੰ ਖ਼ਤਰਨਾਕ ਦੇਸ਼ ਨਹੀਂ ਮੰਨਦਾ। ਭਾਰਤ ਵਿੱਚ ਅੱਤਵਾਦੀ ਖ਼ਤਰੇ ਜਾਂ ਰਾਜਨੀਤਕ ਅਸਥਿਰਤਾ ਹੈ, ਪਰ ਇਹ ਉਨ੍ਹਾਂ ਦੇਸ਼ਾਂ ਵਾਂਗ ਨਹੀਂ ਜਿੱਥੇ ਅਮਰੀਕੀ ਨਾਗਰਿਕਾਂ ਨੂੰ ਸਿੱਧੇ ਤੌਰ ਤੇ ਜਾਨ ਦਾ ਖ਼ਤਰਾ ਹੈ। ਭਾਰਤ ਵਿੱਚ ਅਮਰੀਕੀ ਸੈਲਾਨੀ ਅਕਸਰ ਆਉਂਦੇ ਹਨ ਅਤੇ ਉਹ ਆਮ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੇ ਹਨ, ਹਾਲਾਂਕਿ ਕੁਝ ਖੇਤਰਾਂ ਜਿਵੇਂ ਜੰਮੂ-ਕਸ਼ਮੀਰ ਵਿੱਚ ਵੱਧ ਸਾਵਧਾਨੀ ਵਰਤਣੀ ਪੈਂਦੀ ਹੈ।

## ਇਸ ਐਡਵਾਈਜ਼ਰੀ ਪਿੱਛੇ ਰੂਸ-ਅਮਰੀਕਾ ਤਣਾਅ ਅਤੇ ਪਰਮਾਣੂ ਧਮਕੀਆਂ ਵੱਡਾ ਕਾਰਨ ਬਣਿਆ

ਇਸ ਐਡਵਾਈਜ਼ਰੀ ਨੂੰ ਜਾਰੀ ਕਰਨ ਪਿੱਛੇ ਵੱਡੇ ਕਾਰਨ ਹਨ। ਸਭ ਤੋਂ ਵੱਡਾ ਕਾਰਨ ਰੂਸ ਅਤੇ ਅਮਰੀਕਾ ਵਿਚਕਾਰ ਵਧ ਰਹੇ ਤਣਾਅ ਹਨ। ਇਹ ਫੈਸਲਾ ਰੂਸ ਵੱਲੋਂ ਅਮਰੀਕਾ ਨੂੰ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦੇਣ ਤੋਂ ਬਾਅਦ ਆਇਆ ਹੈ। ਅਸਲ ਵਿੱਚ, ਅਟਲਾਂਟਿਕ ਮਹਾਸਾਗਰ ਵਿੱਚ ਅਮਰੀਕੀ ਫੌਜ ਨੇ ਇੱਕ ਰੂਸੀ ਝੰਡੇ ਵਾਲੇ ਤੇਲ ਟੈਂਕਰ 'ਮਰੀਨੇਰਾ' ਨੂੰ ਜ਼ਬਤ ਕਰ ਲਿਆ ਸੀ। ਇਹ ਟੈਂਕਰ ਵੈਨੇਜ਼ੁਏਲਾ ਤੋਂ ਤੇਲ ਲੈ ਕੇ ਜਾ ਰਿਹਾ ਸੀ ਅਤੇ ਇਸ ਨੂੰ ਰੂਸ ਨੇ ਆਪਣੇ ਝੰਡੇ ਹੇਠ ਰੱਖਿਆ ਸੀ ਤਾਂ ਜੋ ਅਮਰੀਕੀ ਪਾਬੰਦੀਆਂ ਤੋਂ ਬਚ ਸਕੇ। ਰੂਸ ਨੇ ਇਸ ਕਾਰਵਾਈ ਨੂੰ 'ਸਮੁੰਦਰੀ ਡਕੈਤੀ' ਕਿਹਾ ਅਤੇ ਇਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਟਕਰਾਅ ਵਧ ਗਿਆ।



ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਪਾਰਟੀ ਦੇ ਸੰਸਦ ਮੈਂਬਰ ਅਤੇ ਦੇਸ਼ ਦੀ ਰੱਖਿਆ ਮਾਮਲਿਆਂ ਤੇ ਬਣੀ ਸਟੇਟ ਕਮੇਟੀ ਦੇ ਉਪ ਚੇਅਰਮੈਨ ਐਲੇਕਸੀ ਜ਼ੁਰਾਵਲੇਵ ਨੇ ਅਮਰੀਕਾ ਨੂੰ ਸਿੱਧੇ ਤੌਰ 'ਤੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕੀ ਫੌਜਾਂ ਨੂੰ ਜਵਾਬ ਵਿੱਚ ਮਿਜਾਈਲਾਂ ਨਾਲ ਹਮਲਾ ਕੀਤਾ ਜਾਣਾ ਚਾਹੀਦਾ ਜਾਂ ਅਮਰੀਕੀ ਜਹਾਜ਼ਾਂ ਨੂੰ ਡੁਬੋ ਦਿੱਤਾ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰੂਸੀ ਫੌਜੀ ਨੀਤੀ ਵਿੱਚ ਅਜਿਹੇ ਹਮਲੇ ਦੇ ਜਵਾਬ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਇਜਾਜ਼ਤ ਹੈ। ਇਸ ਧਮਕੀ ਨੇ ਵਿਸ਼ਵ ਪੱਧਰ ਤੇ ਤਣਾਅ ਵਧਾ ਦਿੱਤਾ ਹੈ ਅਤੇ ਅਮਰੀਕਾ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਆਪਣੇ ਨਾਗਰਿਕਾਂ ਨੂੰ ਰੂਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ।

ਇਸ ਘਟਨਾ ਦਾ ਬੈਕਗ੍ਰਾਉਂਡ ਵੀ ਬਹੁਤ ਮਹੱਤਵਪੂਰਨ ਹੈ। ਵੈਨੇਜ਼ੁਏਲਾ ਉਪਰ ਅਮਰੀਕੀ ਪਾਬੰਦੀਆਂ ਲੱਗੀਆਂ ਹੋਈਆਂ ਹਨ ਅਤੇ ਉਸ ਦੇ ਤੇਲ ਨੂੰ ਵੇਚਣ 'ਤੇ ਰੋਕ ਹੈ। ਰੂਸ ਨੇ ਵੈਨੇਜ਼ੁਏਲਾ ਦੇ ਨੇਤਾ ਨਿਕੋਲਸ ਮਾਦੁਰੋ ਨੂੰ ਸਮਰਥਨ ਦਿੱਤਾ ਹੈ ਅਤੇ ਆਪਣੇ ਝੰਡੇ ਹੇਠ ਟੈਂਕਰ ਚਲਾ ਕੇ ਪਾਬੰਦੀਆਂ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਪਰ ਅਮਰੀਕੀ ਫੌਜ ਨੇ ਇਸ ਟੈਂਕਰ ਨੂੰ ਅਟਲਾਂਟਿਕ ਵਿੱਚ ਰੋਕ ਲਿਆ ਅਤੇ ਜ਼ਬਤ ਕਰ ਲਿਆ। ਇਸ ਨੂੰ ਰੂਸ ਨੇ ਆਪਣੀ ਬੇਇੱਜ਼ਤੀ ਮੰਨਿਆ ਅਤੇ ਧਮਕੀਆਂ ਦਿੱਤੀਆਂ ਹਨ। ਡੋਨਾਲਡ ਟਰੰਪ ਪ੍ਰਸ਼ਾਸਨ ਨੇ ਇਸ ਨੂੰ ਵੈਨੇਜ਼ੁਏਲਾ ਨੂੰ ਸਥਿਰ ਕਰਨ ਦੇ ਉਪਾਅ ਵਜੋਂ ਵੇਖਿਆ ਹੈ, ਪਰ ਇਸ ਨਾਲ ਰੂਸ ਨਾਲ ਸੰਬੰਧ ਵਿਗੜ ਗਏ ਹਨ।ਇਸ ਐਡਵਾਈਜ਼ਰੀ ਦੇ ਪਿੱਛੇ ਹੋਰ ਵੀ ਕਾਰਨ ਹਨ। ਵਿਸ਼ਵ ਵਿੱਚ ਅੱਤਵਾਦ ਅਤੇ ਜੰਗਾਂ ਵਧ ਰਹੀਆਂ ਹਨ। ਉਦਾਹਰਨ ਵਜੋਂ, ਯੂਕਰੇਨ ਵਿੱਚ ਰੂਸ ਨਾਲ ਜੰਗ ਚੱਲ ਰਹੀ ਹੈ, ਜਿਸ ਕਾਰਨ ਅਮਰੀਕੀ ਨਾਗਰਿਕਾਂ ਨੂੰ ਉੱਥੇ ਜਾਣਾ ਖ਼ਤਰਨਾਕ ਹੈ। ਇਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਪੁਰਾਣਾ ਹੈ ਅਤੇ ਉੱਥੇ ਅਮਰੀਕੀਆਂ ਨੂੰ ਅਗਵਾ ਕਰਨ ਜਾਂ ਗ੍ਰਿਫ਼ਤਾਰ ਕਰਨ ਦੇ ਮਾਮਲੇ ਵਧੇ ਹਨ। ਇਸੇ ਤਰ੍ਹਾਂ, ਅਫਰੀਕੀ ਦੇਸ਼ਾਂ ਜਿਵੇਂ ਨਾਈਜਰ ਅਤੇ ਮਾਲੀ ਵਿੱਚ ਅੱਤਵਾਦੀ ਸਮੂਹ ਸਰਗਰਮ ਹਨ, ਜੋ ਵਿਦੇਸ਼ੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਅਮਰੀਕੀ ਸਰਕਾਰ ਆਪਣੇ ਨਾਗਰਿਕਾਂ ਨੂੰ ਇਨ੍ਹਾਂ ਜੋਖਮਾਂ ਤੋਂ ਬਚਾਉਣ ਲਈ ਅਜਿਹੀਆਂ ਚਿਤਾਵਨੀਆਂ ਜਾਰੀ ਕਰਦੀ ਹੈ।

ਕੀ ਭਾਰਤ ਖ਼ਤਰਨਾਕ ਦੇਸ਼ ਹੈ ? ਨਹੀਂ, ਭਾਰਤ ਨੂੰ ਅਮਰੀਕੀ ਵਿਦੇਸ਼ ਵਿਭਾਗ ਆਮ ਤੌਰ ਤੇ ਲੈਵਲ 2 ਵਿੱਚ ਰੱਖਦਾ ਹੈ, ਜਿਸ ਵਿੱਚ ਵੱਧ ਸਾਵਧਾਨੀ ਵਰਤਣ ਦੀ ਸਲਾਹ ਹੁੰਦੀ ਹੈ। ਭਾਰਤ ਵਿੱਚ ਅੱਤਵਾਦੀ ਘਟਨਾਵਾਂ ਹੁੰਦੀਆਂ ਹਨ, ਪਰ ਸਰਕਾਰ ਅਤੇ ਪੁਲਿਸ ਇਨ੍ਹਾਂ ਨੂੰ ਕੰਟਰੋਲ ਕਰਦੀ ਹੈ। ਭਾਰਤ ਵਿੱਚ ਲੱਖਾਂ ਵਿਦੇਸ਼ੀ ਸੈਲਾਨੀ ਆਉਂਦੇਹਨ ਅਤੇ ਉਹ ਤਾਜ ਮਹਿਲ, ਗੋਆ ਅਤੇ ਕੇਰਲ ਵਰਗੀਆਂ ਜਗ੍ਹਾਵਾਂ ਨੂੰ ਆਨੰਦ ਮਾਣਦੇ ਹਨ। ਹਾਲਾਂਕਿ, ਕੁਝ ਖੇਤਰਾਂ ਵਿੱਚ ਜਿਵੇਂ ਸਰਹੱਦੀ ਇਲਾਕੇ ਜਾਂ ਅਸਥਿਰ ਰਾਜਾਂ ਵਿੱਚ ਵੱਧ ਧਿਆਨ ਰੱਖਣਾ ਪੈਂਦਾ ਹੈ। ਅਮਰੀਕਾ ਭਾਰਤ ਨੂੰ ਆਪਣਾ ਮਿੱਤਰ ਦੇਸ਼ ਮੰਨਦਾ ਹੈ ਅਤੇ ਦੋਹਾਂ ਵਿਚਕਾਰ ਵਪਾਰ ਅਤੇ ਰੱਖਿਆ ਸਹਿਯੋਗ ਵਧ ਰਿਹਾ ਹੈ। ਇਸ ਲਈ ਭਾਰਤ ਨੂੰ ਲੈਵਲ 4 ਵਿੱਚ ਨਹੀਂ ਰੱਖਿਆ ਗਿਆ।

ਇਸ ਐਡਵਾਈਜ਼ਰੀ ਦੇ ਨਤੀਜੇ ਵੀ ਵੱਡੇ ਹਨ। ਇਸ ਨਾਲ ਵਿਸ਼ਵ ਵਿੱਚ ਤਣਾਅ ਵਧੇਗਾ ਅਤੇ ਅਮਰੀਕੀ ਨਾਗਰਿਕਾਂ ਨੂੰ ਯਾਤਰਾ ਯੋਜਨਾਵਾਂ ਬਦਲਣੀਆਂ ਪੈਣਗੀਆਂ। ਰੂਸ ਅਤੇ ਅਮਰੀਕਾ ਵਿਚਕਾਰ ਇਹ ਟਕਰਾਅ ਵਿਸ਼ਵ ਜੰਗ ਦੇ ਸੰਕੇਤ ਵੀ ਦੇ ਰਿਹਾ ਹੈ, ਕਿਉਂਕਿ ਪਰਮਾਣੂ ਧਮਕੀਆਂ ਨੇ ਸਭ ਨੂੰ ਚਿੰਤਤ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਆਪਣੀ ਵਿਦੇਸ਼ ਨੀਤੀ ਦਾ ਹਿੱਸਾ ਬਣਾਇਆ ਹੈ, ਜਿਸ ਵਿੱਚ ਅੱਤਵਾਦ ਅਤੇ ਅਸਥਿਰਤਾ ਵਾਲੇ ਦੇਸ਼ਾਂ ਨੂੰ ਨਿਯੰਤਰਿਤ ਕਰਨਾ ਸ਼ਾਮਲ ਹੈ।

ਅੰਤ ਵਿੱਚ, ਇਹ ਐਡਵਾਈਜ਼ਰੀ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਹੈ ਅਤੇ ਵਿਸ਼ਵ ਪੱਧਰ 'ਤੇ ਸੰਤੁਲਨ ਬਣਾਉਣ ਲਈ ਮਹੱਤਵਪੂਰਨ ਹੈ। ਪਰ ਇਸ ਨਾਲ ਇਹ ਵੀ ਸਪੱਸ਼ਟ ਹੈ ਕਿ ਵਿਸ਼ਵ ਵਿੱਚ ਸ਼ਾਂਤੀ ਬਣਾਉਣ ਲਈ ਵੱਡੇ ਦੇਸ਼ਾਂ ਨੂੰ ਗੱਲਬਾਤ ਕਰਨੀ ਚਾਹੀਦੀ ਹੈ।

# ਭਾਰਤ ਉੱਤੇ 500% ਟੈਰਿਫ਼ ਦਾ ਖ਼ਤਰਾ ਮੰਡਰਾਇਆ

## ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ਲਈ ਟਰੰਪ ਨੇ ਕਿਉਂ ਬਣਾਇਆ ਸਖ਼ਤ ਬਿੱਲ ?

## ਟਰੰਪ ਦੇ ਬਿੱਲ ਨਾਲ ਅਰਥਵਿਵਸਥਾ ਨੂੰ ਝਟਕਾ ਲੱਗਣ ਦਾ ਡਰ

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਨਵਾਂ ਬਿੱਲ ਮਨਜ਼ੂਰ ਕੀਤਾ ਹੈ ਜੋ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ਉੱਤੇ 500% ਤੱਕ ਟੈਰਿਫ਼ ਲਗਾ ਸਕਦਾ ਹੈ। ਇਹ ਬਿੱਲ ਖਾਸ ਕਰਕੇ ਭਾਰਤ, ਚੀਨ ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਨਾਲ ਭਾਰਤ ਦੀ ਅਰਥਵਿਵਸਥਾ ਉੱਤੇ ਵੱਡਾ ਅਸਰ ਪੈ ਸਕਦਾ ਹੈ, ਕਿਉਂਕਿ ਭਾਰਤ ਅਜੇ ਵੀ ਰੂਸ ਨੂੰ ਤੇਲ ਖਰੀਦ ਕੇ ਆਪਣੀ ਊਰਜਾ ਦੀ ਜ਼ਰੂਰਤ ਪੂਰੀ ਕਰ ਰਿਹਾ ਹੈ। ਪਰ ਇਹ ਸਿਰਫ਼ ਆਰਥਿਕ ਮਾਮਲਾ ਨਹੀਂ, ਇਹ ਵਿਸ਼ਵ ਰਾਜਨੀਤੀ ਨਾਲ ਵੀ ਜੁੜਿਆ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੀਤੇ ਦਿਨੀਂ ਇੱਕ ਸਖਤ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਬਿੱਲ 'ਸੈਂਕਸ਼ਨਿੰਗ ਰਸ਼ੀਆ ਐਕਟ ਆਫ਼ 2025' ਕਹਾਉਂਦਾ ਹੈ। ਇਸ ਵਿੱਚ ਅਮਰੀਕਾ ਨੂੰ ਇਹ ਅਧਿਕਾਰ ਮਿਲ ਜਾਂਦਾ ਹੈ ਕਿ ਉਹ ਰੂਸੀ ਤੇਲ ਜਾਂ ਯੂਰੇਨੀਅਮ ਖਰੀਦਣ ਵਾਲੇ ਦੇਸ਼ਾਂ ਉੱਤੇ 500% ਤੱਕ ਟੈਰਿਫ਼ ਲਗਾ ਸਕੇ। ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਨੇ ਕਿਹਾ ਕਿ ਇਹ ਬਿੱਲ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ 'ਯੁੱਧ ਮਸ਼ੀਨ' ਨੂੰ ਰੋਕੇਗਾ, ਕਿਉਂਕਿ ਰੂਸੀ ਤੇਲ ਵੇਚ ਕੇ ਪੂਤਿਨ ਯੂਕ੍ਰੇਨ ਨਾਲ ਲੜਾਈ ਚਲਾ ਰਿਹਾ ਹੈ।

ਭਾਰਤ ਲਈ ਇਹ ਖ਼ਬਰ ਵੱਡੀ ਚਿੰਤਾ ਵਾਲੀ ਹੈ। ਭਾਰਤ ਰੂਸ ਤੋਂ ਬਹੁਤ ਸਸਤਾ ਤੇਲ ਖਰੀਦਦਾ ਹੈ। 2022 ਵਿੱਚ ਯੂਕ੍ਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਭਾਰਤ ਨੇ ਰੂਸੀ ਤੇਲ ਦੀ ਖਰੀਦ ਵਧਾ ਲਈ ਸੀ। ਅੱਜ ਭਾਰਤ ਦੇ ਕੁੱਲ ਤੇਲ ਖਰੀਦ ਵਿੱਚ ਰੂਸੀ ਤੇਲ ਦਾ ਹਿੱਸਾ ਲਗਭਗ 35-40% ਹੈ। ਇਸ ਨਾਲ ਭਾਰਤ ਨੂੰ ਕਰੋੜਾਂ ਡਾਲਰਾਂ ਦੀ ਬਚਤ ਹੋਈ ਹੈ। ਪਰ ਅਮਰੀਕਾ ਇਸ ਨੂੰ ਪਸੰਦ ਨਹੀਂ ਕਰਦਾ। ਉਹ ਕਹਿੰਦੇ ਹਨ ਕਿ ਇਹ ਰੂਸ ਨੂੰ ਯੁੱਧ ਵਿੱਚ ਮਦਦ ਕਰ ਰਿਹਾ ਹੈ। ਪਿਛਲੇ ਸਾਲ ਅਮਰੀਕਾ ਨੇ ਭਾਰਤ ਉੱਤੇ 25% ਵਾਧੂ ਟੈਰਿਫ਼ ਲਗਾਏ ਸਨ।ਹੁਣ 500% ਦੀ ਗੱਲ ਹੈ, ਜੋ ਭਾਰਤ ਦੇ ਨਿਰਯਾਤ ਨੂੰ ਖਤਮ ਕਰ ਸਕਦੀ ਹੈ।




ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਨਿਰਯਾਤ ਬਾਜ਼ਾਰ ਹੈ। 2025 ਵਿੱਚ ਭਾਰਤ ਨੇ ਅਮਰੀਕਾ ਨੂੰ 50 ਅਰਬ ਡਾਲਰਾਂ ਤੋਂ ਵੱਧ ਦਾ ਸਾਮਾਨ ਵੇਚਿਆ। ਜੇ 500% ਟੈਰਿਫ਼ ਲੱਗੇ ਤਾਂ ਭਾਰਤੀ ਉਤਪਾਦ ਅਮਰੀਕਾ ਵਿੱਚ ਬਹੁਤ ਮਹਿੰਗੇ ਹੋ ਜਾਣਗੇ। ਇਸ ਨਾਲ ਆਈਟੀ, ਫ਼ਾਰਮਾ, ਟੈਕਸਟਾਈਲ ਅਤੇ ਹੋਰ ਉਦਯੋਗਾਂ ਨੂੰ ਨੁਕਸਾਨ ਹੋਵੇਗਾ। ਭਾਰਤੀ ਕੰਪਨੀਆਂ ਵਾਂਗ ਇੰਫ਼ੋਸਿਸ ਅਤੇ ਟੀਸੀਐੱਸ ਦਾ 60% ਤੋਂ ਵੱਧ ਕਾਰੋਬਾਰ ਅਮਰੀਕਾ ਨਾਲ ਹੈ। ਇਸ ਨਾਲ ਲੱਖਾਂ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ।

### ਕੀ ਹੈ ਯੂਕ੍ਰੇਨ ਯੁੱਧ ਅਤੇ ਰੂਸੀ ਤੇਲ ਦੀ ਕਹਾਣੀ ?

ਯੂਕ੍ਰੇਨ ਯੁੱਧ 2022 ਵਿੱਚ ਸ਼ੁਰੂ ਹੋਇਆ ਸੀ। ਰੂਸ ਨੇ ਯੂਕ੍ਰੇਨ ਉੱਤੇ ਹਮਲਾ ਕੀਤਾ ਅਤੇ ਅਮਰੀਕਾ ਸਮੇਤ ਪੱਛਮੀ ਦੇਸ਼ਾਂ ਨੇ ਰੂਸ ਉੱਤੇ ਪਾਬੰਦੀਆਂ ਲਗਾ ਦਿੱਤੀਆਂ ਸਨ। ਜੀ-7 ਦੇਸ਼ਾਂ ਨੇ ਰੂਸੀ ਤੇਲ ਉੱਤੇ 60 ਡਾਲਰ ਪ੍ਰਤੀ ਬੈਰਲ ਦੀ ਕੀਮਤ ਸੀਮਾ ਲਗਾਈ। ਪਰ ਭਾਰਤ ਨੇ ਇਸ ਨੂੰ ਨਹੀਂ ਮੰਨਿਆ ਅਤੇ ਰੂਸ ਤੋਂ ਸਸਤਾ ਤੇਲ ਖਰੀਦਦਾ ਰਿਹਾ ਸੀ। 2024-25 ਵਿੱਚ ਭਾਰਤ ਨੇ ਰੂਸ ਤੋਂ 50 ਅਰਬ ਡਾਲਰਾਂ ਤੋਂ ਵੱਧ ਦਾ ਤੇਲ ਖਰੀਦਿਆ। ਇਸ ਨਾਲ ਭਾਰਤ ਨੂੰ ਬਚਤ ਹੋਈ ਅਤੇ ਰੂਸ ਨੂੰ ਪੈਸਾ ਮਿਲਿਆ।

ਅਮਰੀਕਾ ਨੇ ਭਾਰਤ ਨੂੰ ਬਹੁਤ ਵਾਰ ਕਿਹਾ ਕਿ ਰੂਸੀ ਤੇਲ ਨਾ ਖਰੀਦੋ। ਪਿਛਲੇ ਸਾਲ ਅਮਰੀਕੀ ਰਾਜਦੂਤ ਏਰਿਕ ਗਾਰਸੈਟੀ ਨੇ ਕਿਹਾ ਕਿ ਇਹ ਸੀਮਾ ਭਾਰਤ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਗਈ ਹੈ। ਪਰ ਭਾਰਤ ਨੇ ਕਿਹਾ ਕਿ ਅਸੀਂ ਮੌਜੂਦਾ ਕੀਮਤਾਂ ਉੱਤੇ ਤੇਲ ਖਰੀਦਾਂਗੇ। ਹੁਣ ਟਰੰਪ ਨੇ ਇਸ ਨੂੰ ਵੱਡਾ ਮੁੱਦਾ ਬਣਾ ਲਿਆ ਹੈ। ਉਹ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਨਾਲ ਖੁਸ਼ ਨਹੀਂ ਹਨ, ਪਰ ਉਹ ਭਾਰਤ ਨੂੰ ਸਜ਼ਾ ਦੇਣਗੇ।

ਇਸ ਵਿਚਾਲੇ ਅਮਰੀਕਾ ਨੇ ਭਾਰਤ ਨਾਲ ਵਪਾਰ ਸਮਝੌਤੇ ਦੀ ਗੱਲ ਵੀ ਕੀਤੀ ਹੈ। ਭਾਰਤ ਨੇ ਆਪਣੀ 'ਅੰਤਿਮ ਪੇਸ਼ਕਸ਼' ਦਿੱਤੀ ਹੈ ਪਰ ਅਮਰੀਕਾ ਦਾ ਜਵਾਬ ਨਹੀਂ ਆਇਆ। ਇਹ ਬਿੱਲ ਅਜੇ ਸੈਨੇਟ ਵਿੱਚ ਪਾਸ ਨਹੀਂ ਹੋਇਆ ਪਰ ਇਸ ਨੂੰ 84 ਕੋ-ਸਪਾਂਸਰ ਮਿਲ ਚੁੱਕੇ ਹਨ। ਜੇ ਪਾਸ ਹੋ ਗਿਆ ਤਾਂ ਟਰੰਪ ਨੂੰ ਟੈਰਿਫ਼ ਲਗਾਉਣ ਦਾ ਫ਼ੈਸਲਾ ਮਿਲ ਜਾਵੇਗਾ।

ਭਾਰਤ ਉੱਤੇ ਅਸਰ: ਅਰਥਵਿਵਸਥਾ ਤੇ ਜੇਬ ਉੱਤੇ ਭਾਰ

ਇਹ ਟੈਰਿਫ਼ ਭਾਰਤ ਲਈ ਵੱਡੀ ਮੁਸੀਬਤ ਹੈ। ਭਾਰਤ ਅਮਰੀਕਾ ਨੂੰ ਟੈਕਸਟਾਈਲ, ਜੈਮਸ, ਚਮੜਾ ਅਤੇ ਆਈਟੀ ਸੇਵਾਵਾਂ ਵੇਚਦਾ ਹੈ। 500% ਟੈਰਿਫ਼ ਨਾਲ ਇਹ ਸਾਮਾਨ ਅਮਰੀਕਾ ਵਿੱਚ ਨਹੀਂ ਵਿਕੇਗਾ। ਇਸ ਨਾਲ ਭਾਰਤ ਦੇ 120 ਅਰਬ ਡਾਲਰਾਂ ਦੇ ਵਪਾਰ ਨੂੰ ਨੁਕਸਾਨ ਹੋਵੇਗਾ।

(ਬਾਕੀ ਸਫ਼ਾ 26 'ਤੇ)

# ਹੁਣ ਡੋਨਾਲਡ ਟਰੰਪ ਦੀ ਨਜ਼ਰ ਗ੍ਰੀਨਲੈਂਡ ’ਤੇ

## ਗ੍ਰੀਨਲੈਂਡ ਵਿੱਚ ਮੌਜੂਦ ਹਨ ਕਈ ਤਰ੍ਹਾਂ ਦੇ ਰੇਅਰ ਅਰਥ ਖਣਿਜ, ਗ੍ਰੇਫਾਈਟ ਅਤੇ ਲਿਥੀਅਮ ਦੇ ਵਿਸ਼ਾਲ ਭੰਡਾਰ

ਵਾਸ਼ਿੰਗਟਨ/ਏ.ਟੀ.ਨਿਊਜ਼: ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ’ਤੇ ਹਮਲਾ ਕਰਕੇ ਪੂਰੀ ਦੁਨੀਆ ਨੂੰ ਅਮਰੀਕਾ ਦੀ ਤਾਕਤ ਦਿਖਾਈ ਹੈ। ਅਮਰੀਕੀ ਸੈਨਾ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਉਨ੍ਹਾਂ ਦੇ ਆਪਣੇ ਘਰ ਤੋਂ ਗ੍ਰਿਫਤਾਰ ਕਰ ਲਿਆ ਅਤੇ ਕੈਦ ਕਰਕੇ ਅਮਰੀਕਾ ਲੈ ਗਈ।




ਅਮਰੀਕਾ ਦੀ ਨਜ਼ਰ ਹੁਣ ਗ੍ਰੀਨਲੈਂਡ ’ਤੇ ਹੈ, ਜਿਸ ਕੋਲ ਕਈ ਅਰਬ ਟਨ ਰੇਅਰ ਅਰਥ ਖਣਿਜ ਹਨ। ਇਸ ਦੇ ਨਾਲ ਹੀ ਉੱਥੇ ਗ੍ਰੇਫਾਈਟ ਅਤੇ ਲਿਥੀਅਮ ਦੇ ਵੀ ਵਿਸ਼ਾਲ ਭੰਡਾਰ ਹਨ। ਗ੍ਰੀਨਲੈਂਡ ’ਤੇ ਕਬਜ਼ਾ ਕਰਨ ਲਈ ਟਰੰਪ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ।

**ਗ੍ਰੀਨਲੈਂਡ ਖਰੀਦਣਾ ਚਾਹੁੰਦੇ ਸਨ ਡੋਨਾਲਡ ਟਰੰਪ**

ਡੋਨਾਲਡ ਟਰੰਪ ਨੇ 2019 ਵਿੱਚ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਗ੍ਰੀਨਲੈਂਡ ਨੂੰ ਖਰੀਦਣ ਵਿੱਚ ਦਿਲਚਸਪੀ ਦਿਖਾਈ ਸੀ ਪਰ ਡੈਨਮਾਰਕ ਨੇ ਅਮਰੀਕੀ ਰਾਸ਼ਟਰਪਤੀ ਦੀ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

ਡੈਨਮਾਰਕ ਨੇ ਡੋਨਾਲਡ ਟਰੰਪ ਨੂੰ ਸਾਫ਼ ਤੌਰ ’ਤੇ ਕਹਿ ਦਿੱਤਾ ਸੀ ਕਿ ਆਰਕਟਿਕ ਖੇਤਰ ਵਿਕਾਊ ਨਹੀਂ ਹੈ। ਪਰ ਇਸ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਦੀਆਂ ਨਜ਼ਰਾਂ ਗ੍ਰੀਨਲੈਂਡ ਤੋਂ ਹਟੀਆਂ ਨਹੀਂ ਹਨ, ਉਹ ਅੱਜ ਵੀ ਇਸ ’ਤੇ ਕਬਜ਼ਾ ਕਰਨਾ ਚਾਹੁੰਦੇ ਹਨ।

**ਗ੍ਰੀਨਲੈਂਡ ’ਚ ਕਿਹੜਾ ਖ਼ਜ਼ਾਨਾ ਛਿਪਿਆ ਹੈ?**

ਗ੍ਰੀਨਲੈਂਡ ਵਿੱਚ ਕਈ ਤਰ੍ਹਾਂ ਦੇ ਰੇਅਰ ਅਰਥ ਖਣਿਜ, ਗ੍ਰੇਫਾਈਟ ਅਤੇ ਲਿਥੀਅਮ ਦੇ ਵਿਸ਼ਾਲ ਭੰਡਾਰ ਹਨ। ਇਸ ਤੋਂ ਇਲਾਵਾ, ਇਸ ਟਾਪੂ ’ਤੇ ਕੱਚੇ ਤੇਲ ਦੇ ਭੰਡਾਰ ਹੋਣ ਦਾ ਵੀ ਅਨੁਮਾਨ ਹੈ। ਜੀਓਲੌਜੀਕਲ ਸਰਵੇਅ ਆਫ ਡੈਨਮਾਰਕ ਅਤੇ ਗ੍ਰੀਨਲੈਂਡ ਦੇ ਅਨੁਸਾਰ, ਆਰਕਟਿਕ ਖੇਤਰ ਦੇ ਇਸ ਟਾਪੂ ’ਤੇ 36.1 ਅਰਬ ਟਨ ਰੇਅਰ ਅਰਥ ਖਣਿਜ ਮੌਜੂਦ ਹਨ। ਗ੍ਰੀਨਲੈਂਡ ਵਿੱਚ 60 ਲੱਖ ਟਨ ਗ੍ਰੇਫਾਈਟ ਹੋਣ ਦਾ ਅਨੁਮਾਨ ਹੈ, ਜੋ ਕਿ ਦੁਨੀਆ ਵਿੱਚ ਮੌਜੂਦ ਕੁੱਲ ਗ੍ਰੇਫਾਈਟ ਦਾ ਲਗਭਗ 0.75 ਪ੍ਰਤੀਸ਼ਤ ਹੋ ਸਕਦਾ ਹੈ। ਗ੍ਰੀਨਲੈਂਡ ਵਿੱਚ 2.35 ਟਨ ਲਿਥੀਅਮ ਦਾ ਭੰਡਾਰ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਟਾਪੂ ’ਤੇ ਲਗਪਗ 28 ਅਰਬ ਬੈਰਲ ਕੱਚਾ ਤੇਲ ਹੋਣ ਦੀ ਵੀ ਸੰਭਾਵਨਾ ਹੈ।

### ਟਰੰਪ ਨੇ ਮੁੜ ਪ੍ਰਗਟਾਈ ਨੋਬਲ ਪੁਰਸਕਾਰ ਲੈਣ ਦੀ ਇੱਛਾ

# 8 ਯੁੱਧ ਰੁਕਵਾਏ, ਨੋਬਲ ਤਾਂ ਮੈਨੂੰ ਹੀ ਮਿਲਣਾ ਚਾਹੀਦੈ : ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ, 9 ਜਨਵਰੀ ਨੂੰ ਭਾਰਤ-ਪਾਕਿਸਤਾਨ ਨੂੰ ਲੈ ਕੇ ਇੱਕ ਵਾਰ ਫਿਰ ਆਪਣੀ ਗੱਲ ਦੁਹਰਾਈ। ਟਰੰਪ ਨੇ ਕਿਹਾ ਕਿ ਮੈਂ ਹੀ ਭਾਰਤ ਅਤੇ ਪਾਕਿਸਤਾਨ ਵਿਚਾਲੇ ਲੜਾਈ ਰੁਕਵਾਈ ਸੀ। ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਅਮਰੀਕਾ ਆਏ ਸਨ, ਤਾਂ ਉਨ੍ਹਾਂ ਨੇ ਲੱਖਾਂ ਲੋਕਾਂ ਦੀ ਜਾਨ ਬਚਾਉਣ ਲਈ ਮੇਰਾ ਧੰਨਵਾਦ ਕੀਤਾ ਸੀ। ਟਰੰਪ ਨੇ ਅੱਗੇ ਇਹ ਵੀ ਕਿਹਾ ਕਿ 8 ਜੰਗਾਂ ਰੁਕਵਾਉਣ ਲਈ ਮੈਨੂੰ ਨੋਬਲ ਪੁਰਸਕਾਰ ਮਿਲਣਾ ਚਾਹੀਦਾ ਹੈ।

ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਨੂੰ ਤੇਲ ਅਤੇ ਗੈਸ ਨਾਲ ਜੁੜੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਮੀਡੀਆ ਕਰਮੀਆਂ ਦੇ ਸਵਾਲਾਂ ਦਾ ਜਵਾਬ



ਦਿੰਦਿਆਂ ਟਰੰਪ ਨੇ ਫਿਰ ਭਾਰਤ-ਪਾਕਿ ਨੂੰ ਲੈ ਕੇ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ।

ਟਰੰਪ ਨੇ ਕਿਹਾ, ‘ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇੱਥੇ ਆਏ ਅਤੇ ਉਨ੍ਹਾਂ ਨੇ ਇੱਕ ਜਨਤਕ ਬਿਆਨ ਦਿੱਤਾ। ਪਾਕਿਸਤਾਨ ਦੇ ਪੀਐੱਮ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਪਾਕਿਸਤਾਨ ਅਤੇ ਭਾਰਤ ਨਾਲ ਜੁੜੇ ਮਾਮਲਿਆਂ ਵਿੱਚ ਘੱਟੋ-ਘੱਟ ਦਸ ਮਿਲੀਅਨ (ਇੱਕ ਕਰੋੜ) ਲੋਕਾਂ ਦੀ ਜਾਨ ਬਚਾਈ ਹੈ, ਜਦਕਿ ਇਹ ਮਾਮਲਾ ਬਹੁਤ ਗੰਭੀਰ ਰੂਪ ਧਾਰਨ ਕਰਨ ਵਾਲਾ ਸੀ।’

**ਨੋਬਲ ਪੁਰਸਕਾਰ ਮਿਲਣ ਦੀ ਜਤਾਈ ਇੱਛਾ**

ਨੋਬਲ ਸ਼ਾਂਤੀ ਪੁਰਸਕਾਰ ਪਾਉਣ ਦੀ ਇੱਛਾ ਬਾਰੇ ਗੱਲ ਕਰਦਿਆਂ ਟਰੰਪ ਨੇ ਕਿਹਾ, ‘ਉਹ ਇਸ ਤਰ੍ਹਾਂ ਦੇ ਸੰਘਰਸ਼ਾਂ ਨੂੰ ਸੁਲਝਾਉਣ ਬਾਰੇ ਫ਼ੜ੍ਹਾਂ ਨਹੀਂ ਮਾਰਨਾ ਚਾਹੁੰਦੇ, ਪਰ ਇਤਿਹਾਸ ਵਿੱਚ ਅਜਿਹਾ ਕੋਈ ਵਿਅਕਤੀ ਨਹੀਂ ਹੈ ਜੋ ਉਨ੍ਹਾਂ ਨਾਲੋਂ ਵੱਧ ਨੋਬਲ ਪੁਰਸਕਾਰ ਪਾਉਣ ਦਾ ਹੱਕਦਾਰ ਹੋਵੇ।’

ਅਮਰੀਕੀ ਰਾਸ਼ਟਰਪਤੀ ਨੇ ਅੱਗੇ ਕਿਹਾ, ‘ਚਾਹੇ ਲੋਕ ਟਰੰਪ ਨੂੰ ਪਸੰਦ ਕਰਨ ਜਾਂ ਨਾ ਕਰਨ, ਮੈਂ ਅੱਠ ਵੱਡੀਆਂ ਜੰਗਾਂ ਦਾ ਨਿਪਟਾਰਾ ਕੀਤਾ ਹੈ।’ ਟਰੰਪ ਇਸ ਤੋਂ ਪਹਿਲਾਂ ਵੀ ਕਈ ਵਾਰ ਨੋਬਲ ਪੁਰਸਕਾਰ ਪਾਉਣ ਦੀ ਇੱਛਾ ਜ਼ਾਹਰ ਕਰ ਚੁੱਕੇ ਹਨ।

## ਮੈਂ ਦੋਸ਼ੀ ਨਹੀਂ, ਅਜੇ ਵੀ ਵੈਨੇਜ਼ੁਏਲਾ ਦਾ ਰਾਸ਼ਟਰਪਤੀ ਹਾਂ: ਨਿਕੋਲਸ ਮਾਦੂਰੋ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ’ਤੇ ਅਮਰੀਕੀ ਫ਼ੌਜ ਵੱਲੋਂ ਵੈਨੇਜ਼ੁਏਲਾ ਉੱਪਰ ਹਮਲਾ ਕਰਕੇ ਹਿਰਾਸਤ ਵਿੱਚ ਲਏ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਮੈਨਹਟਨ ਦੀ ਇੱਕ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਉਸ ਨੇ ਦੋਸ਼ੀ ਵਜੋਂ ਦਰਖਾਸਤ ਦਾਇਰ ਕਰਨ ਤੋਂ ਨਾਂਹ ਕਰ ਦਿੱਤੀ।



ਉਨਾਂ ਸੰਘੀ ਅਦਾਲਤ ਦੇ ਜੱਜ ਨੂੰ ਕਿਹਾ ਕਿ ਉਹ ਦੋਸ਼ੀ ਨਹੀਂ ਹੈ ਤੇ ਉਹ ਅਜੇ ਵੀ ਆਪਣੇ ਦੇਸ਼ ਦਾ ਰਾਸ਼ਟਰਪਤੀ ਹੈ। ਮਾਦੂਰੋ ਜਿਸ ਨੇ ਇੱਕ ਕੈਦੀ ਵਾਲੀ ਵਰਦੀ ਪਾਈ ਹੋਈ ਸੀ, ਨੂੰ ਯੂ ਐਸ ਡਿਸਟ੍ਰਿਕਟ ਜੱਜ ਐਲਵਿਨ ਹੈਲਰਸਟੀਨ ਅੱਗੇ ਪੇਸ਼ ਕੀਤਾ ਗਿਆ। ਮਾਦੂਰੋ ਨੇ ਦੁਭਾਈਏ ਰਾਹੀਂ ਆਪਣੇ ਬਿਆਨ ਵਿੱਚ ਕਿਹਾ ਕਿ ਮੈ ਨਿਰਦੋਸ਼ ਹਾਂ, ਮੈ ਦੋਸ਼ੀ ਨਹੀਂ ਹਾਂ, ਮੈ ਇੱਕ ਜਿੰਮੇਵਾਰ ਵਿਅਕਤੀ ਹਾਂ ਤੇ ਅਜੇ ਵੀ ਵੈਨੇਜ਼ੁਏਲਾ ਦਾ ਰਾਸ਼ਟਰਪਤੀ ਹਾਂ। ਮਾਦੂਰੋ ਦੀ ਪਤਨੀ ਸਿਲੀਆ ਫਲੋਰਸ ਨੇ ਵੀ ਦੋਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਦੋਸ਼ੀ ਵਜੋਂ ਅਪੀਲ ਦਾਇਰ ਨਹੀਂ ਕੀਤੀ। ਜੱਜ ਨੇ ਅਗਲੀ ਸੁਣਵਾਈ 17 ਮਾਰਚ ’ਤੇ ਪਾਉਂਦਿਆਂ ਮਾਦੂਰੋ ਨੂੰ ਹਿਰਾਸਤ ਵਿੱਚ ਰੱਖਣ ਦਾ ਆਦੇਸ਼ ਦਿੱਤਾ। ਮਾਦੂਰੋ ਨੂੰ ਬਰੁੱਕਲਿਨ ਦੀ ਸੰਘੀ ਜੇਲ ਵਿੱਚੋਂ ਸੰਘੀ ਅਦਾਲਤ ਵਿੱਚ ਪੇਸ਼ ਕਰਨ ਲਈ ਮੈਨਹਟਨ ਲਿਆਂਦਾ ਗਿਆ। ਇਸ ਮੌਕੇ ਮਾਦੂਰੋ ਦੇ ਸਮਰਥਕ ਤੇ ਵਿਰੋਧੀ ਵੀ ਮੌਜੂਦ ਸਨ ਜਿਨਾਂ ਨੇ ਝੰਡੇ ਲਹਿਰਾ ਕੇ ਆਪਣੇ-ਆਪਣੇ ਢੰਗ ਨਾਲ ਪ੍ਰਦਰਸ਼ਨ ਕੀਤਾ। ਮੁਦਾਰੋ ਤੇ ਫਲੋਰਸ ਵਿਰੁੱਧ ਡਰੱਗ ਦਹਿਸ਼ਤਵਾਦ ਨਾਲ ਸਬੰਧਿਤ ਦੋਸ਼ ਲਾਏ ਗਏ ਹਨ।

## ਗ਼ੈਰ ਕਾਨੂੰਨੀ 2 ਭਾਰਤੀ ਡਰਾਇਵਰ 3 ਸੌ ਪੌਂਡ ਕੁਕੀਨ ਸਮੇਤ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਇੰਡਿਆਨਾਪੋਲਿਸ ਵਿੱਚ ਦੋ ਗ਼ੈਰ ਕਾਨੂੰਨੀ ਭਾਰਤੀ ਡਰਾਇਵਰਾਂ ਨੂੰ 300 ਪੌਂਡ ਕੁਕੀਨ, ਜੋ ਉਨ੍ਹਾਂ ਨੇ ਆਪਣੇ ਸੈਮੀ ਟਰੱਕ ਵਿੱਚ ਲੁਕੋਈ ਹੋਈ ਸੀ, ਸਮੇਤ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ। ਇਨਾਂ ਡਰਾਇਵਰਾਂ ਵਿੱਚ ਜਸਵੀਰ ਸਿੰਘ ਤੇ ਗੁਰਪ੍ਰੀਤ ਸਿੰਘ ਸ਼ਾਮਿਲ ਹਨ। ਜਸਵੀਰ ਸਿੰਘ ਮਾਰਚ 2017 ਵਿੱਚ ਤੇ ਗੁਰਪ੍ਰੀਤ ਸਿੰਘ ਮਾਰਚ 2023 ਵਿੱਚ ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਇਆ ਸੀ। ਇਮੀਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ ਅਨੁਸਾਰ ਇਨਾਂ ਦੋਨਾਂ ਨੂੰ ਕਮਰਸ਼ੀਅਲ ਵਾਹਣਾਂ ਦੀ ਰੂਟੀਨ ਦੀ ਚੈਕਿੰਗ ਦੌਰਾਨ ਪੁਟਨਾਮ ਕਾਉਂਟੀ, ਇੰਡਿਆਨਾ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਇਨਾਂ ਕੋਲੋਂ 309 ਪੌਂਡ ਕੁਕੀਨ ਬਰਾਮਦ ਹੋਈ ਹੈ ਜੋ ਇਨਾਂ ਨੇ ਟੱਰਕ ਦੇ ਸਲੀਪਰ ਬਰਥ ਵਿੱਚ ਲੁਕੋਈ ਹੋਈ ਸੀ। ਜਾਂਚਕਾਰਾਂ ਅਨੁਸਾਰ ਇਨਾਂ ਦੋਨਾਂ ਕੋਲ ਕੈਲੀਫ਼ੋਰਨੀਆ ਦੁਆਰਾ ਜਾਰੀ ਕਮਰਸ਼ੀਅਲ ਡਰਾਇਵਿੰਗ ਲਾਇਸੰਸ ਹਨ।

## ਸੰਘੀ ਇਮੀਗ੍ਰੇਸ਼ਨ ਏਜੰਟ ਵੱਲੋਂ ਗੋਲੀਬਾਰੀ ’ਚ 37 ਸਾਲਾ ਔਰਤ ਦੀ ਮੌਤ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਮਿਨੇਅਪੋਲਿਸ ਸ਼ਹਿਰ ਵਿੱਚ ਇੱਕ ਸੰਘੀ ਇਮੀਗ੍ਰੇਸ਼ਨ ਏਜੰਟ ਦੁਆਰਾ ਚਲਾਈ ਗੋਲੀ ਨਾਲ ਇੱਕ 37 ਸਾਲਾ ਔਰਤ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਸ਼ਹਿਰ ਵਿੱਚ ਵੱਡੀ ਪੱਧਰ ’ਤੇ ਪ੍ਰਦਰਸ਼ਨ ਹੋਏ। ਮਿਨੀਸੋਟਾ ਸਟੇਟ ਅਧਿਕਾਰੀਆਂ ਨੇ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਕਿਹਾ ਹੈ। ਮਿਨੇਅਪੋਲਿਸ ਸਿਟੀ ਕੌਂਸਲ ਪ੍ਰਧਾਨ ਇਲੀਆਟ ਪੇਨੇ ਨੇ ਮ੍ਰਿਤਕ ਔਰਤ ਦੀ ਪਛਾਣ ਰੀਨੀ ਨਿਕੋਲ ਗੁੱਡ ਵਜੋਂ ਕੀਤੀ ਹੈ। ਸੈਨੇਟਰ



ਟੀਨਾ ਸਮਿਥ ਨੇ ਕਿਹਾ ਹੈ ਕਿ ਮ੍ਰਿਤਕ ਔਰਤ ਅਮਰੀਕੀ ਸ਼ਹਿਰੀ ਸੀ। ਮਿਨੇਅਪੋਲਿਸ ਪੁਲਿਸ ਮੁਖੀ ਬਰੀਅਨ ਓ ਹਾਰਾ ਨੇ ਕਿਹਾ ਹੈ ਕਿ ਅਜਿਹਾ ਨਹੀਂ ਲੱਗਦਾ ਕਿ ਔਰਤ ਕਿਸੇ ਲਾਅ ਇਨਫ਼ੋਰਸਮੈਂਟ ਮਾਮਲੇ ਵਿੱਚ ਲੋੜੀਂਦੀ ਸੀ ਤੇ ਇਹ ਅਚਾਨਕ ਵਾਪਰੀ ਘਟਨਾ ਹੈ। ਗਵਰਨਰ ਟਿਮ ਵਾਲਜ਼ ਅਨੁਸਾਰ ਸ਼ੂਟਿੰਗ ਨੂੰ ਟਾਲਿਆ ਜਾ ਸਕਦਾ ਸੀ। ਉਨਾਂ ਕਿਹਾ ਕਿ ਜਿਸ ਥਾਂ ਔਰਤ ਦੀ ਮੌਤ ਹੋਈ ਹੈ, ਉਸ ਤੋਂ ਇੱਕ ਮੀਲ ਦੇ ਵੀ ਘੱਟ ਫ਼ਰਕ ’ਤੇ ਜਾਰਜ ਫ਼ਲਾਇਡ ਦੀ ਸੰਘੀ ਏਜੰਟਾਂ ਹੱਥੋਂ ਮੌਤ ਹੋਈ ਸੀ ਜਿਸ ਤੋਂ ਬਾਅਦ ਵੱਡੀ ਪੱਧਰ ’ਤੇ ਪ੍ਰਦਰਸ਼ਨ ਹੋਏ ਸਨ। ਵਾਲਜ਼ ਨੇ ਲੋਕਾਂ ਨੂੰ ਕਿਹਾ ਕਿ ਮੈ ਤੁਹਾਡੇ ਗੁੱਸੇ ਨੂੰ ਸਮਝਦਾ ਹਾਂ, ਮੈ ਵੀ ਗੁੱਸੇ ਵਿੱਚ ਹਾਂ ਪਰੰਤੂ ਸ਼ਾਂਤੀ ਕਾਇਮ ਰੱਖਣੀ ਅਹਿਮ ਹੈ। ਹੋਮਲੈਂਡ ਸਿਕਿਉਰਿਟੀ ਵਿਭਾਗ ਨੇ ਕਿਹਾ ਹੈ ਕਿ ਇਮਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ ਏਜੰਟ ਨੇ ਆਪਣੇ ਬਚਾਅ ਵਿੱਚ ਗੋਲੀ ਚਲਾਈ ਕਿਉਂਕਿ ਔਰਤ ਏਜੰਟ ਉਪਰ ਆਪਣੀ ਕਾਰ ਚੜਾਉਣ ਦੀ ਕੋਸ਼ਿਸ਼ ਵਿੱਚ ਸੀ ਪਰੰਤੂ ਸ਼ਹਿਰ ਦੇ ਮੇਅਰ ਜੈਕੋਬ ਫ਼ਰੇ ਨੇ ਇਸ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਮੈਂ ਵੀਡੀਓ ਵੇਖੀ ਹੈ ਤੇ ਮੈ ਹਰ ਇੱਕ ਨੂੰ ਦੱਸਣਾ ਚਾਹੁੰਦਾ ਹਾਂ ਕਿ ਤਾਕਤ ਦੀ ਵਰਤੋਂ ਹੋਈ ਹੈ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡੇਵਿਡ ਆਬੇ ਦੀ ਭਾਰਤ ਯਾਤਰਾ ਦਾ ਸਿੱਖਾਂ ਵੱਲੋਂ ਵਿਰੋਧ

## ਸਿੱਖਸ ਫਾਰ ਜਸਟਿਸ ਦੀ ਅਗਵਾਈ ਵਿੱਚ ਬੀ. ਸੀ. ਵਿਧਾਨ ਸਭਾ ਵਿਖੇ ਸਿੱਖਾਂ ਵੱਲੋਂ ਰੈਲੀ

ਬੀ.ਸੀ./ਕੈਨੇਡਾ/ਏ.ਟੀ.ਨਿਊਜ਼: ਸਿੱਖ ਕਾਰਕੁਨਾਂ ਦੇ ਇੱਕ ਸਮੂਹ ਨੇ ਪਿਛਲੇ ਦਿਨੀਂ ਬੀ.ਸੀ. ਵਿਧਾਨ ਸਭਾ ਦੀਆਂ ਪੌੜੀਆਂ ’ਤੇ ਪ੍ਰਦਰਸ਼ਨ ਕਰਦੇ ਹੋਏ ਖ਼ਾਲਿਸਤਾਨ ਦੇ ਝੰਡੇ ਲਹਿਰਾਏ ਅਤੇ ਪ੍ਰੀਮੀਅਰ ਡੇਵਿਡ ਆਬੇ ਨੂੰ ਆਪਣੀ ਭਾਰਤ ਫੇਰੀ ਰੱਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦੌਰਾ 2023 ਵਿੱਚ ਸਰੀ ਵਿੱਚ ਸਾਥੀ ਸਿੱਖ ਕਾਰਕੁਨ ਹਰਦੀਪ ਨਿੱਝਰ ਦੀ ਮੌਤ ਤੋਂ ਬਾਅਦ ਗਲਤ ਸੰਦੇਸ਼ ਦਿੰਦਾ ਹੈ, ਜਿਸਨੂੰ ਕਥਿਤ ਤੌਰ ’ਤੇ ਭਾਰਤੀ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ। ਸਿੱਖ ਕਾਰਕੁੰਨਾਂ ਅਨੁਸਾਰ ਇਸ ਮਾਮਲੇ ਵਿੱਚ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਹਨਾਂ ’ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਰੈਲੀ ਆਯੋਜਕ ਸਿੱਖਸ ਫਾਰ ਜਸਟਿਸ ਦੇ ਬੁਲਾਰੇ ਜਗ ਸਿੱਧੂ ਨੇ ਪੁੱਛਿਆ, ‘ਕਾਤਲ ਹਿਰਾਸਤ ਵਿੱਚ ਹਨ, ਪਰ ਇਸ ਪਿੱਛੇ ਕੌਣ ਹੈ?’ ਸਿੱਧੂ ਨੇ ਕਿਹਾ, ‘ਜੇ



ਤੁਸੀਂ ਭਾਰਤ ਨਾਲ ਬਿਨਾਂ ਜਵਾਬਦੇਹੀ, ਬਿਨਾਂ ਜਵਾਬ, ਬਿਨਾਂ ਕਿਸੇ ਕੈਨੇਡੀਅਨ ਨਾਗਰਿਕ ਲਈ ਇਨਸਾਫ਼ ਦੇ ਵਪਾਰ ਸਮਝੌਤਾ ਕਰਨ ਜਾ ਰਹੇ ਹੋ, ਤਾਂ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਸਤੀਫਾ ਦੇ ਦਿਓ।’

ਆਬੇ ਨੇ ਆਪਣੀ ਯਾਤਰਾ ਦਾ ਬਚਾਅ ਕੀਤਾ ਜਦੋਂ ਉਸਨੇ ਪਹਿਲੀ ਵਾਰ ਇਸਦਾ ਐਲਾਨ ਕੀਤਾ। ਨਿੱਝਰ ਦੇ ਕਤਲ ਬਾਰੇ ਪੁੱਛੇ ਜਾਣ ’ਤੇ ਉਸ ਨੇ ਕਿਹਾ ਕਿ ਜ਼ਿੰਮੇਵਾਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣਾ ਅਦਾਲਤਾਂ ਦਾ ਕੰਮ ਹੈ ਅਤੇ ਕਿਸੇ ਵੀ ਕੂਟਨੀਤਕ ਨਤੀਜੇ ਨਾਲ ਨਜਿੱਠਣਾ ਸੰਘੀ ਸਰਕਾਰ ਦਾ ਕੰਮ ਹੈ। ਆਬੇ ਦੀ ਯਾਤਰਾ ਸਿਰਫ਼ ਆਰਥਿਕ ਸਬੰਧਾਂ ਬਾਰੇ ਹੈ। ਸਿੱਖ ਕਾਰਕੁਨ ਇਸ ਗੱਲ ’ਤੇ ਸਹਿਮਤ ਨਹੀਂ ਸਨ, ਉਨ੍ਹਾਂ ਨੇ ਪੋਸਟਰ ਫੜੇ ਹੋਏ ਸਨ ਜਿਨ੍ਹਾਂ ’ਤੇ ਲਿਖਿਆ ਸੀ ‘ਖ਼ੂਨ-ਖਰਾਬੇ ’ਤੇ ਵਪਾਰ ਨਾ ਚੁਣੋ।’ ਸਿੱਧੂ ਨੇ ਸਰੀ ਦੇ ਐਨਡੀਪੀ ਵਿਧਾਇਕਾਂ, ਜੋ ਚੌਥੇ ਨੰਬਰ ’ਤੇ ਹਨ, ਨੂੰ ਆਬੇ ਦੀ ਭਾਰਤ ਫੇਰੀ ਦੀ ਨਿੰਦਾ ਕਰਨ ਲਈ ਕਿਹਾ ਅਤੇ ਚਿਤਾਵਨੀ ਦਿੱਤੀ ਕਿ ਨਹੀਂ ਤਾਂ ਸਿੱਖ ਕਾਰਕੁਨ ਉਸਨੂੰ ਅਹੁਦੇ ਤੋਂ ਹਟਾਉਣ ਲਈ ਕੰਮ ਕਰਨਗੇ। ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਬੀ.ਸੀ. ਵਿੱਚ 290,000 ਤੋਂ ਵੱਧ ਸਿੱਖ ਰਹਿੰਦੇ ਹਨ। 2021 ਦੀ ਮਰਦਮਸ਼ੁਮਾਰੀ ਦੇ ਸਮੇਂ, ਸਰੀ ਵਿੱਚ ਲਗਭਗ 155,000 ਸਨ। ਸਿੱਧੂ ਨੇ ਕਿਹਾ ਕਿ ਆਬੇ, ਤੁਹਾਨੂੰ ਅਗਲੀਆਂ ਚੋਣਾਂ ਵਿੱਚ ਇੱਕ ਸਬਕ ਮਿਲੇਗਾ ਅਤੇ ਤੁਹਾਡੇ ਵਿਧਾਇਕਾਂ ਨੂੰ ਵੀ।

# ਆਸਟ੍ਰੇਲੀਆ ਨੇ ਭਾਰਤ ਨੂੰ ਵਿਦਿਆਰਥੀ ਵੀਜ਼ਾ ਲਈ ਉੱਚ ਜੋਖ਼ਮ ਵਾਲਾ ਦੇਸ਼ ਕਿਉਂ ਐਲਾਨ ਕੀਤਾ ?

## ➢ ਅਰਜ਼ੀਆਂ ਦੀ ਜਾਂਚ ਕਿਉਂ ਸਖ਼ਤ ਕੀਤੀ ? ➢ ਕੀ ਭਾਰਤੀ ਵਿਦਿਆਰਥੀਆਂ ਲਈ ਆਸਟ੍ਰੇਲੀਆ ਜਾਣਾ ਹੁਣ ਸੌਖਾ ਹੋਵੇਗਾ ?

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਨੇ ਹਾਲ ਹੀ ਵਿੱਚ ਭਾਰਤ ਨੂੰ ਵਿਦਿਆਰਥੀ ਵੀਜ਼ਾ ਲਈ ਸਭ ਤੋਂ ਵੱਧ ਜੋਖ਼ਮ ਵਾਲੀ ਸ਼੍ਰੇਣੀ ਵਿੱਚ ਰੱਖਿਆ ਹੈ। ਇਹ ਫੈਸਲਾ 8 ਜਨਵਰੀ 2026 ਤੋਂ ਲਾਗੂ ਹੋ ਗਿਆ ਹੈ। ਭਾਰਤ ਨੂੰ ਨੇਪਾਲ, ਬੰਗਲਾਦੇਸ਼ ਅਤੇ ਭੂਟਾਨ ਨਾਲ ਮਿਲਾ ਕੇ ਇਸ ਨਵੀਂ ਸ਼੍ਰੇਣੀ ਵਿੱਚ ਪਾਇਆ ਗਿਆ ਹੈ। ਇਸ ਨਾਲ ਭਾਰਤੀ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀ ਜਾਂਚ ਹੁਣ ਵੱਧ ਸਖ਼ਤ ਹੋ ਜਾਵੇਗੀ। ਆਸਟ੍ਰੇਲੀਆ ਦੀ ਸਰਕਾਰ ਨੇ ਇਹ ਕਦਮ ਉੱਭਰ ਰਹੇ ‘ਇਮਾਨਦਾਰੀ ਦੇ ਜੋਖ਼ਮਾਂ’ ਨੂੰ ਵੇਖਦੇ ਹੋਏ ਚੁੱਕਿਆ ਹੈ।

ਆਸਟ੍ਰੇਲੀਆ ਦੀ ਸਿੱਖਿਆ ਪ੍ਰਣਾਲੀ ਦੁਨੀਆ ਭਰ ਵਿੱਚ ਮਸ਼ਹੂਰ ਹੈ। ਹਰ ਸਾਲ ਲੱਖਾਂ ਵਿਦਿਆਰਥੀ ਉੱਥੇ ਪੜ੍ਹਨ ਜਾਂਦੇ ਹਨ। ਭਾਰਤ ਤੋਂ ਵੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਆਸਟ੍ਰੇਲੀਆ ਨੂੰ ਆਪਣੀ ਪੜ੍ਹਾਈ ਲਈ ਚੁਣਦੇ ਹਨ। ਜਨਵਰੀ ਤੋਂ ਅਕਤੂਬਰ 2025 ਦੌਰਾਨ ਆਸਟ੍ਰੇਲੀਆ ਵਿੱਚ ਕੁੱਲ 833,041 ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹ ਰਹੇ ਸਨ। ਇਨ੍ਹਾਂ ਵਿੱਚੋਂ 140,871 ਭਾਰਤ ਤੋਂ ਸਨ। ਇਹ ਗਿਣਤੀ ਆਸਟ੍ਰੇਲੀਆ ਵਿੱਚ ਚੀਨ ਤੋਂ ਬਾਅਦ ਭਾਰਤ ਦੀ ਹੈ। ਇਨ੍ਹਾਂ ਵਿੱਚੋਂ 31,197 ਨਵੇਂ ਵਿਦਿਆਰਥੀ ਸਨ ਅਤੇ 109,674 ਪੁਰਾਣੇ ਵਿਦਿਆਰਥੀ ਜੋ ਪਹਿਲਾਂ ਹੀ ਪੜ੍ਹ ਰਹੇ ਸਨ। 2024 ਵਿੱਚ ਇਹ 138,351 ਸੀ।

ਪਰ ਹੁਣ ਇਹ ਨਵੀਂ ਤਬਦੀਲੀ ਕਿਉਂ ਆਈ ਹੈ ?

ਆਸਟ੍ਰੇਲੀਆ ਵੀਜ਼ਾ ਜੋਖ਼ਮ ਢਾਂਚੇ ਤਹਿਤ ਵੱਖ-ਵੱਖ ਦੇਸ਼ਾਂ ਨੂੰ ਵਰਗੀਕ੍ਰਿਤ ਕਰਦਾ ਹੈ। ਇਸ ਨੂੰ ਸਿਮਪਲੀਫਾਈਡ ਸਟੂਡੈਂਟ ਵੀਜ਼ਾ ਫਰੇਮਵਰਕ ਕਿਹਾ ਜਾਂਦਾ ਹੈ। ਇਸ ਵਿੱਚ ਤਿੰਨ ਪੱਧਰ ਹੁੰਦੇ ਹਨ: ਐਵੀਡੈਂਸ ਲੈਵਲ 1 (ਸਭ ਤੋਂ ਘੱਟ ਜੋਖ਼ਮ), ਲੈਵਲ 2 (ਮੱਧਮ ਜੋਖ਼ਮ) ਅਤੇ ਲੈਵਲ 3 (ਸਭ ਤੋਂ ਵੱਧ ਜੋਖ਼ਮ)। ਪਹਿਲਾਂ ਭਾਰਤ ਲੈਵਲ 2 ਵਿੱਚ ਸੀ, ਪਰ ਹੁਣ ਇਸ ਨੂੰ ਲੈਵਲ 3 ਵਿੱਚ ਰੱਖ ਦਿੱਤਾ ਗਿਆ ਹੈ। ਇਹ ਤਬਦੀਲੀ ਅਸਧਾਰਨ ਹੈ ਕਿਉਂਕਿ ਇਹ ਨਿਰਧਾਰਤ ਸਮੇਂ ਤੋਂ ਬਾਹਰ ਹੋਈ ਹੈ। ਆਸਟ੍ਰੇਲੀਆ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਉੱਭਰ ਰਹੇ ਇਮਾਨਦਾਰੀ ਦੇ ਜੋਖ਼ਮਾਂ ਨੂੰ ਨਿਯੰਤਰਿਤ ਕਰਨ ਲਈ ਕੀਤਾ ਗਿਆ ਹੈ। ਭਾਰਤ ਵਿੱਚ ਜਾਅਲੀ ਡਿਗਰੀਆਂ ਅਤੇ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੀਆਂ ਰਿਪੋਰਟਾਂ ਨੇ ਇਸ ਨੂੰ ਵਧਾਇਆ ਹੈ। ਅਸਟ੍ਰੇਲੀਆ ਨੂੰ ਡਰ ਹੈ ਕਿ ਕੁਝ ਵਿਦਿਆਰਥੀ ਅਸਲ ਵਿੱਚ ਪੜ੍ਹਨ ਨਹੀਂ ਬਲਕਿ ਵੀਜ਼ਾ ਦਾ ਗਲਤ ਇਸਤੇਮਾਲ ਕਰਨ ਲਈ ਆ ਰਹੇ ਹਨ। ਭਾਰਤ ਵਿੱਚ ਜਾਅਲੀ ਡਿਗਰੀ ਰੈਕੇਟਾਂ ਨੇ ਅੰਤਰਰਾਸ਼ਟਰੀ ਧਿਆਨ ਖਿੱਚਿਆ ਹੈ। ਇਹਨਾਂ ਨੇ ਦਸਤਾਵੇਜ਼ ਧੋਖਾਧੜੀ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਸਭ ਤੋਂ ਵੱਧ ਜੋਖ਼ਮ ਵਾਲੀ ਸ਼੍ਰੇਣੀ ਵਿੱਚ ਜਾਣ ਨਾਲ ਵੀਜ਼ਾ ਜਾਂਚ ਭਾਰਤੀ ਵਿਦਿਆਰਥੀਆਂ ਲਈ ਵੱਧ ਸਖ਼ਤ ਹੋ ਜਾਵੇਗੀ। ਅਰਜ਼ੀਕਾਰਾਂ ਨੂੰ ਵੱਧ ਦਸਤਾਵੇਜ਼ ਜਮ੍ਹਾਂ ਕਰਨੇ ਪੈਣਗੇ, ਜਿਵੇਂ ਵਿਸਤ੍ਰਿਤ ਵਿੱਤੀ ਰਿਕਾਰਡ। ਬੈਂਕ ਸਟੇਟਮੈਂਟਾਂ ਨੂੰ ਸਖਤੀ ਨਾਲ ਜਾਂਚਿਆ ਜਾਵੇਗਾ। ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਲਈ ਵੱਧ ਸਬੂਤ ਮੰਗੇ ਜਾ ਸਕਦੇ ਹਨ। ਇਮੀਗ੍ਰੇਸ਼ਨ ਮਾਹਿਰਾਂ ਨੇ ਕਿਹਾ ਹੈ ਕਿ ਲੈਵਲ 3 ਨਾਲ ਅਧਿਕਾਰੀ ਹਰ ਅਰਜ਼ੀ ਦੀ ਡੂੰਘੀ ਜਾਂਚ ਕਰਨਗੇ। ਪ੍ਰਕਿਰਿਆ ਦਾ ਸਮਾਂ ਵਧ ਕੇ 3 ਤੋਂ 8 ਹਫ਼ਤੇ ਹੋ ਜਾਵੇਗਾ। ਇਹ ਪਹਿਲਾਂ 3 ਹਫ਼ਤੇ ਸੀ। ਇਸ ਨਾਲ ਵਿਦਿਆਰਥੀਆਂ ਨੂੰ ਵੱਧ ਤਣਾਅ ਅਤੇ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪਵੇਗਾ।

ਇਸ ਤਬਦੀਲੀ ਨਾਲ ਭਾਰਤੀ ਵਿਦਿਆਰਥੀਆਂ ਲਈ ਆਸਟ੍ਰੇਲੀਆ ਜਾਣਾ ਵੱਧ ਮੁਸ਼ਕਲ ਹੋ ਜਾਵੇਗਾ। ਆਸਟ੍ਰੇਲੀਆ ਨੇ ਕਿਹਾ ਹੈ ਕਿ ਇਹ ਅਸਲ ਵਿਦਿਆਰਥੀਆਂ ਨੂੰ ਰੋਕਣ ਲਈ ਨਹੀਂ ਹੈ, ਬਲਕਿ ਧੋਖਾਧੜੀ ਨੂੰ ਰੋਕਣ ਲਈ ਹੈ। ਪਰ ਵੱਧ ਜਾਂਚ ਨਾਲ ਅਸਲ ਵਿਦਿਆਰਥੀ ਵੀ ਪ੍ਰਭਾਵਿਤ ਹੋਣਗੇ। ਬਹੁਤ ਸਾਰੇ ਵਿਦਿਆਰਥੀ ਹੁਣ ਹੋਰ ਦੇਸ਼ਾਂ ਵੱਲ ਵੇਖ ਰਹੇ ਹਨ, ਜਿਵੇਂ ਕੈਨੇਡਾ, (ਬਾਕੀ ਸਫ਼ਾ 26 ’ਤੇ)

# ਕੈਨੇਡਾ:ਆਪਣੇ ਮਾਪਿਆਂ ਨੂੰ ਪੱਕਾ ਨਹੀਂ ਕਰਵਾ ਸਕਣਗੇ ਪਰਵਾਸੀ

## ਇਸ ਸਾਲ ਵੀ ਜਾਰੀ ਰਹੇਗੀ ‘ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ’ ’ਤੇ ਰੋਕ

ਟੋਰਂਟੋ/ਏ.ਟੀ.ਨਿਊਜ਼: ਕੈਨੇਡਾ ਪ੍ਰਸ਼ਾਸਨ 2026 ਵਿੱਚ ਆਪਣਾ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ (ਪੀ.ਜੀ.ਪੀ.) ਵੀ ਨਹੀਂ ਖੋਲ੍ਹ ਰਿਹਾ ਹੈ ਅਤੇ 2025 ਵਿੱਚ ਐਲਾਨੇ ਗਏ ਰੋਕ ਨੂੰ ਜਾਰੀ ਰੱਖ ਰਿਹਾ ਹੈ। ਏਜੰਸੀ 2025 ਤੋਂ ਪਹਿਲਾਂ ਪ੍ਰਾਪਤ ਹੋਈਆਂ ਅਰਜ਼ੀਆਂ ’ਤੇ ਕਾਰਵਾਈ ਕਰੇਗੀ ਅਤੇ ਵੱਧ ਤੋਂ ਵੱਧ 10,000 ਅਰਜ਼ੀਆਂ ’ਤੇ ਕਾਰਵਾਈ ਕੀਤੀ ਜਾਵੇਗੀ। ਹੁਣ ਤੱਕ, ਇਹ ਪ੍ਰੋਗਰਾਮ ਕਿਸੇ ਵੀ ਨਵੀਂ ਅਰਜ਼ੀ ਨੂੰ ਸਵੀਕਾਰ ਕਰਨ ਲਈ ਖੁੱਲ੍ਹਾ ਨਹੀਂ ਹੈ। ਜਿਹੜੇ ਲੋਕ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਲਿਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ



ਮਾਹਿਰਾਂ ਦੁਆਰਾ ਸੁਪਰ ਵੀਜ਼ਾ ਦੀ ਚੋਣ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ, ਜੋ ਮਾਪਿਆਂ ਜਾਂ ਦਾਦਾ-ਦਾਦੀ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ ਨਹੀਂ ਦੇਵੇਗਾ ਪਰ ਉਹ ਕੈਨੇਡਾ ਵਿੱਚ ਪੰਜ ਸਾਲ ਤੱਕ ਰਹਿ ਸਕਦੇ ਹਨ, ਅਤੇ ਵੀਜ਼ਾ ਨਵਿਆਇਆ ਜਾ ਸਕਦਾ ਹੈ ਕੁਝ ਸਾਲ ਪਹਿਲਾਂ, ਪ੍ਰਸ਼ਾਸਨ ਨੇ ਪਾਇਆ ਕਿ 2023 ਦੇ ਅੰਤ ਤੱਕ 40,000 ਤੋਂ ਵੱਧ ਪੇਰੈਂਟਸ ਅਤੇ ਗ੍ਰੈਂਡਪੇਰੈਂਟਸ ਸਪਾਂਸਰਸ਼ਿਪ ਅਰਜ਼ੀਆਂ ਅਜੇ ਵੀ ਲੰਬਿਤ ਸਨ। ਨਵੀਂ ਸਪਾਂਸਰਸ਼ਿਪ ਦੀ ਆਗਿਆ ਦੇਣ ਲਈ ਪਹਿਲਾਂ ਵੱਡੇ ਬੈਕਲਾਗ ਨੂੰ ਸਾਫ਼ ਕਰਨਾ ਪਵੇਗਾ ਅਤੇ ਇਸ ਲਈ 2025 ਵਿੱਚ ਰੋਕ ਲਗਾਈ ਗਈ ਸੀ ਅਤੇ (ਬਾਕੀ ਸਫ਼ਾ 27 ’ਤੇ)

# ਸਪਲਿਟਸਵਿਲਾ ਐਕਸ 6 ਕਾਰਨ ਚਰਚਾ ਵਿੱਚ ਆਇਆ ਚਕਸ਼ਦੀਪ ਸਿੰਘ

*ਸਪਲਿਟਸਵਿਲਾ ਐਕਸ 6 ਦੇ ਪਹਿਲੇ ਸਿੱਖ ਪ੍ਰਤੀਯੋਗੀ, ਚਕਸ਼ਦੀਪ ਸਿੰਘ, ਕਹਿੰਦੇ ਹਨ “ਮੈਂ ਜਿੱਥੇ ਵੀ ਜਾਂਦਾ ਹਾਂ, ਮਾਣ ਨਾਲ ਆਪਣੀਆਂ ਜੜ੍ਹਾਂ ਆਪਣੇ ਨਾਲ ਰੱਖਦਾ ਹਾਂ”*

ਚਕਸ਼ਦੀਪ ਸਿੰਘ, ਜੋ ਸਪਲਿਟਸਵਿਲਾ ਐਕਸ 6 ਦੇ ਨਵੀਨਤਮ ਸੀਜ਼ਨ ਵਿੱਚ ਦਿਖਾਈ ਦੇ ਰਿਹਾ ਹੈ, ਸ਼ੋਅ ਦਾ ਪਹਿਲਾ ਸਿੱਖ ਪ੍ਰਤੀਯੋਗੀ ਹੈ। ਉਹ ਇੱਕ ਮਾਣਮੱਤਾ ਪੰਜਾਬੀ ਸਿੱਖ ਹੈ, ਜੋ ਗਾਜ਼ੀਆਬਾਦ ਅਤੇ ਪੰਜਾਬ ਵਿਚਕਾਰ ਵੱਡਾ ਹੋਇਆ ਹੈ। ਰਿਐਲਿਟੀ ਸ਼ੋਅ ਦੇ ਪ੍ਰਤੀਯੋਗੀ ਨੇ ਆਪਣੀ ਯਾਤਰਾ ਬਾਰੇ ਗੱਲ ਕੀਤੀ ਅਤੇ ਸ਼ੋਅ ’ਤੇ ਪਹਿਲਾ ਸਿੱਖ ਪ੍ਰਤੀਯੋਗੀ ਹੋਣ ’ਤੇ ਆਪਣੀ ਖੁਸ਼ੀ ਜ਼ਾਹਰ ਕੀਤੀ। ਚਕਸ਼ਦੀਪ ਨੇ ਕਿਹਾ, ਮੈਂ ਇੱਕ ਪੰਜਾਬੀ ਸਿੱਖ ਪਰਿਵਾਰ ਵਿੱਚ ਵੱਡਾ ਹੋਇਆ ਹਾਂ, ਅਤੇ ਮੇਰੇ ਮਾਪਿਆਂ ਨੇ ਹਮੇਸ਼ਾ ਮੈਨੂੰ ਕਿਹਾ ਕਿ ਮੈਂ ਸਿੱਧਾ ਖੜ੍ਹਾ ਹੋਵਾਂ, ਇਮਾਨਦਾਰ ਰਹਾਂ, ਅਤੇ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਵਾਂ, ਖਾਸ ਕਰਕੇ ਜਦੋਂ ਰਿਸ਼ਤਿਆਂ ਅਤੇ ਭਾਵਨਾਵਾਂ ਦੀ ਗੱਲ ਆਉਂਦੀ ਹੈ। ਸ਼ੋਅ ਵਿੱਚ ਪਹਿਲਾ ਸਿੱਖ ਹੋਣਾ



ਮੇਰੇ ਲਈ ਸਿਰਫ਼ ਇੱਕ ਖਿਤਾਬ ਨਹੀਂ ਹੈ। ਮੈਂ ਆਪਣੀਆਂ ਜੜ੍ਹਾਂ ਨੂੰ ਇਮਾਨਦਾਰੀ ਅਤੇ ਮਾਣ ਨਾਲ ਪੇਸ਼ ਕਰਨਾ ਇੱਕ ਅਸਲ ਜ਼ਿੰਮੇਵਾਰੀ ਮਹਿਸੂਸ ਕਰਦਾ ਹਾਂ। ਉਹ ਗਾਜ਼ੀਆਬਾਦ ਵਿੱਚ ਵੱਡੇ ਹੋਣ ਬਾਰੇ ਗੱਲ ਕਰਦਾ ਹੈ ਪਰ ਆਪਣੀਆਂ ਪੰਜਾਬੀ ਜੜ੍ਹਾਂ ਨਾਲ ਜੁੜੇ ਰਹਿਣ ਬਾਰੇ ਗੱਲ ਕਰਦਾ ਹੈ। ਇਸਨੇ ਮੈਨੂੰ ਆਕਾਰ ਦਿੱਤਾ ਹੈ। ਇਸਨੇ ਮੈਨੂੰ ਅਨੁਸ਼ਾਸਨ, ਨਿਮਰਤਾ ਅਤੇ (ਬਾਕੀ ਸਫ਼ਾ 27 ’ਤੇ)

# ਪਿਟਸਬਰਗ, ਕੈਲੀਫ਼ੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਪਿਟਸਬਰਗ/ਕੈਲੀਫੋਰਨੀਆ/ਏ.ਟੀ.ਨਿਊਜ਼: ਲੰਘੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ‘ਮੁਕਤਸਰ ਦੀ ਜੰਗ’ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਹਫ਼ਤਾਵਾਰੀ ਸਜੇ ਵਿਸ਼ੇਸ ਦੀਵਾਨ ਵਿੱਚ ਬੀਬੀ ਸੁਨੀਤਾ ਸਿੰਘ ਬੰਗੜ ਪ੍ਰਧਾਨ ਵੱਲੋਂ ਕਵੀਆਂ ਨੂੰ ਸੱਦਾ ਦਿੱਤਾ ਗਿਆ ਅਤੇ ਕਿਹਾ ਕਿ ਸਥਾਨਕ ਅਮਰੀਕੀ ਕਵੀਆਂ ਵੱਲੋਂ ਸਮੇਂ ਸਮੇਂ ਗੁਰੂ ਘਰ ਵਿੱਚ ਸਫ਼ਲ ਪ੍ਰੋਗਰਾਮ ਕੀਤੇ ਜਾਂਦੇ ਹਨ। ਸੰਗਤ ਨੂੰ ਬੇਨਤੀ ਹੈ ਕਿ ਇਸੇ ਤਰ੍ਹਾਂ ਦੀਵਾਨ ਵਿੱਚ ਜੁੜੇ ਰਹਿ ਕੇ ਇਤਿਹਾਸ ਅਤੇ ਕਵਿਤਾਵਾਂ ਦਾ ਲਾਹਾ ਪ੍ਰਾਪਤ ਕਰੋ ਜੀ। ਇਸ ਮੌਕੇ ਮੰਚ ਸੰਭਾਲਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਇਤਿਹਾਸ ’ਤੇ ਰੋਸ਼ਨੀ ਪਾਈ ਗਈ। ਉਹਨਾਂ ਕਿਹਾ ਕਿ ਮੁਕਤਸਰ ਦੀ ਜੰਗ ਦਾ ਸੁਨੇਹਾ ਹੈ ਕਿ ਗੁਰੂ ਵਾਸਤੇ ਨਿਭਾਈ ਗਈ ਸੇਵਾ ਅਤੇ ਹਿੰਮਤ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਚਾਲੀ ਮੁਕਤਿਆਂ ਨੇ ਆਪਣੀ ਗਲਤੀ ਮੰਨ ਕੇ ਗੁਰੂ ਲਈ ਆਪਣੀਆਂ ਜਾਨਾਂ



ਨਿਛਾਵਰ ਕਰ ਦਿੱਤੀਆਂ। ਉਹਨਾਂ ਦਾ ਤਿਆਗ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਹੋ ਗਿਆ ਕਿ ਸੱਚ, ਅਤੇ ਧਰਮ ਲਈ ਖੜ੍ਹਾ ਹੋਣ ਵਾਲਾਕ ਦੇ ਹਾਰਦਾ ਨਹੀਂ। ਚਾਲੀ ਮੁਕਤਿਆਂ ਦਾ ਨਾਉਂ ਰੋਜਾਨਾ ਅਰਦਾਸ ਵਿੱਚ ਬੜੇ ਸਤਿਕਾਰ ਨਾਲ ਦਰਜ ਹੈ। ਮੁਕਤਸਰ ਦੀ ਧਰਤੀ ’ਤੇ ਕਈ ਗੁਰਧਾਮਾਂ ਦੇ ਦਰਸ਼ਨ ਸ਼ਰਧਾਲੂਆਂ ਵੱਲੋਂ ਮਾਘੀ ਦੇ ਜੋੜ ਮੇਲੇ ਵੇਲੇ ਕੀਤੇ ਜਾਂਦੇ ਹਨ। ਉਪਰੰਤ ਸਰੋਵਰ ਇਸ਼ਨਾਨ ਕਰਕੇ ਚਾਲੀ ਮੁਕਤਿਆਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

ਕਵਿਤਾਵਾਂ ਦੇ ਦੌਰ ਵਿੱਚ ਕਵੀ ਤਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮੰਨ, ਬੀਬੀ ਬਲਵਿੰਦਰ ਕੌਰ ਹੰਸਰਾ, ਜਸਦੀਪ ਸਿੰਘ ਫਰੀਮੌਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਗੁਰੂ ਘਰ ਦੀ ਬਖ਼ਸਿਸ ਸਿਰੋਪਾਓ ਨਾਲ ਕੀਤਾ ਗਿਆ। ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।



# ਕਿਉਂ ਲੱਗਦੀ ਹੈ ਜੰਗਲਾਂ ਨੂੰ ਅੱਗ?

## ਆਸਟ੍ਰੇਲੀਆ ਦੇ ਜੰਗਲਾਂ ਨੂੰ ਲੱਗੀ ਅੱਗ ਨੇ ਖੜ੍ਹੇ ਕੀਤੇ ਕਈ ਸਵਾਲ

**ਭਾਰਤ ਵਿੱਚ ਇਸ ਸਮੇਂ ਸਿਆਲ ਦਾ ਮੌਸਮ ਚੱਲ ਰਿਹਾ ਹੈ ਜਿਸ ਕਰਕੇ ਜੰਗਲਾਂ ਨੂੰ ਅੱਗ ਲੱਗਣ ਦੀ ਸੰਭਾਵਨਾ ਘੱਟ ਹੈ ਪਰ ਆਸਟ੍ਰੇਲੀਆ ਵਿੱਚ ਤੇਜ਼ ਗਰਮੀ ਦਾ ਮੌਸਮ ਚੱਲ ਰਿਹਾ ਹੈ, ਜਿਥੇ ਇਸ ਸਮੇਂ ਜੰਗਲ ਨੂੰ ਲੱਗੀ ਅੱਗ ਕਹਿਰ ਢਾਹ ਰਹੀ ਹੈ। ਗਰਮੀਆਂ ਦੌਰਾਨ ਭਾਰਤ ਵਿੱਚ ਵੀ ਕਈ ਥਾਂਵਾਂ 'ਤੇ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਬੀਤੇ ਸਮੇਂ ਦੌਰਾਨ ਵਾਪਰਦੀਆਂ ਰਹੀਆਂ ਹਨ। ਜੰਗਲ ਦੀ ਅੱਗ ਬਾਰੇ ਮਸ਼ਹੂਰ ਹੈ ਕਿ ਇਹ ਬਹੁਤ ਤੇਜ਼ੀ ਨਾਲ ਫ਼ੈਲਦੀ ਹੈ। ਇਸ ਲਈ ਜੰਗਲਾਂ ਨੂੰ ਅੱਗ ਤੋਂ ਬਚਾਉਣ ਲਈ ਵਿਸ਼ੇਸ਼ ਯੋਜਨਾ ਅਤੇ ਰਣਨੀਤੀ ਬਣਾਉਣ ਦੀ ਲੋੜ ਹੈ।**

ਅੰਮ੍ਰਿਤਸਰ ਟਾਈਮਜ਼ ਬਿਊਰੋ

ਲੰਘੇ ਦਿਨੀਂ ਕੁਦਰਤੀ ਸੁੰਦਰਤਾ ਨਾਲ ਭਰਪੂਰ ਅਤੇ ਆਪਣੇ ਖ਼ੂਬਸੂਰਤ ਜੰਗਲਾਂ ਲਈ ਪੂਰੀ ਦੁਨੀਆ 'ਚ ਪ੍ਰਸਿੱਧ ਦੇਸ਼ ਆਸਟ੍ਰੇਲੀਆ ਦੇ ਸੂਬੇ ਵਿਕਟੋਰੀਆ ਵਿੱਚ ਲੱਗੀ ਜੰਗਲੀ ਅੱਗ (ਬੁਸ਼ਫਾਇਰ) ਨੇ ਖੌਫ਼ਨਾਕ ਰੂਪ ਧਾਰਨ ਕਰ ਲਿਆ, ਜਿਸ ਨੇ ਹਜ਼ਾਰਾਂ ਏਕੜ ਜੰਗਲ, ਖੇਤੀਬਾੜੀ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਇਸ ਤੋਂ ਪਹਿਲਾਂ ਕੈਨੇਡਾ ਦੇ ਜੰਗਲਾਂ, ਅਮਰੀਕਾ ਦੇ ਕੈਲੀਫ਼ੋਰਨੀਆਂ ਇਲਾਕੇ ਦੇ ਜੰਗਲਾਂ, ਦੱਖਣੀ ਅਮਰੀਕੀ ਦੇਸ਼ ਚਿਲੀ ਦੇ ਜੰਗਲਾਂ, ਪੱਛਮੀ ਅਮਰੀਕਾ ਦੇ ਟਾਪੂ ਰਾਜ ਹਵਾਈ ਦੇ ਇਤਿਹਾਸਕ ਸ਼ਹਿਰ ਲਹੈਨਾ ਦੇ ਜੰਗਲਾਂ, ਭਾਰਤ ਦੇ ਪਹਾੜੀ ਸੂਬਿਆਂ ਦੇ ਜੰਗਲਾਂ ਸਮੇਤ ਦੁਨੀਆਂ ਭਰ ਦੇ ਅਨੇਕਾਂ ਇਲਾਕਿਆਂ ਵਿੱਚ ਅਕਸਰ ਹੀ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਜਿਹਨਾਂ ਨਾਲ ਕਾਫ਼ੀ ਨੁਕਸਾਨ ਵੀ ਹੁੰਦਾ ਹੈ ਅਤੇ ਜੰਗਲਾਂ ਦਾ ਬਹੁਤ ਸਾਰਾ ਇਲਾਕਾ ਅੱਗ ਵਿੱਚ ਸੜ ਕੇ ਸਵਾਹ ਹੋ ਜਾਂਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਕਸਰ ਜੰਗਲਾਂ ਨੂੰ ਅੱਗ ਕਿਉਂ ਅਤੇ ਕਿਵੇਂ ਲੱਗ ਜਾਂਦੀ ਹੈ?

ਅੱਗ ਨੂੰ ਬਲਣ ਲਈ ਗਰਮੀ, ਬਾਲਣ ਅਤੇ ਆਕਸੀਜਨ ਜ਼ਰੂਰੀ ਹੈ। ਜੰਗਲ ਵਿੱਚ, ਆਕਸੀਜਨ ਸਿਰਫ ਹਵਾ ਵਿੱਚ ਮੌਜੂਦ ਹੈ। ਰੁੱਖਾਂ ਦੀਆਂ ਸੁੱਕੀਆਂ ਟਾਹਣੀਆਂ ਅਤੇ ਪੱਤੇ ਬਾਲਣ ਦਾ ਕੰਮ ਕਰਦੇ ਹਨ। ਇੱਕ ਛੋਟੀ ਜਿਹੀ ਚੰਗਿਆੜੀ ਗਰਮੀ ਦਾ ਕੰਮ ਕਰ ਸਕਦੀ ਹੈ। ਜ਼ਿਆਦਾਤਰ ਅੱਗ ਗਰਮੀਆਂ ਦੇ ਮੌਸਮ ਦੌਰਾਨ ਹੁੰਦੀ ਹੈ। ਇਸ ਮੌਸਮ ਵਿੱਚ, ਇੱਕ ਛੋਟੀ ਜਿਹੀ ਚੰਗਿਆੜੀ ਵੀ ਪੂਰੇ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀਆਂ ਕਈ ਵਾਰ ਰੁੱਖਾਂ ਦੀਆਂ ਟਾਹਣੀਆਂ ਨੂੰ ਇੱਕ ਦੂਜੇ ਦੇ ਵਿਰੁੱਧ ਰਗੜਨ ਨਾਲ ਜਾਂ ਸੂਰਜ ਦੀਆਂ ਤੇਜ਼ ਕਿਰਨਾਂ ਕਾਰਨ ਹੁੰਦੀਆਂ ਹਨ। ਗਰਮੀਆਂ ਵਿੱਚ, ਰੁੱਖਾਂ ਦੀਆਂ ਟਹਿਣੀਆਂ ਅਤੇ ਟਾਹਣੀਆਂ ਸੁੱਕ ਜਾਂਦੀਆਂ ਹਨ, ਜਿਨ੍ਹਾਂ ਨੂੰ ਆਸਾਨੀ ਨਾਲ ਅੱਗ ਲੱਗ ਜਾਂਦੀ ਹੈ। ਇੱਕ ਵਾਰ ਜਦੋਂ ਅੱਗ ਲੱਗ ਜਾਂਦੀ ਹੈ, ਤਾਂ ਇਸ ਨੂੰ ਹਵਾ ਦੁਆਰਾ ਭੜਕਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਦਰਤੀ ਬਿਜਲੀ, ਜਵਾਲਾਮੁਖੀ ਅਤੇ ਕੋਲੇ ਦੇ ਜਲਣ ਕਾਰਨ ਵੀ ਜੰਗਲ ਦੀ ਅੱਗ ਲੱਗ ਸਕਦੀ ਹੈ।



ਆਮ ਤੌਰ 'ਤੇ ਅੱਗ ਨੂੰ ਬਾਲਣ, ਆਕਸੀਜਨ ਅਤੇ ਗਰਮੀ ਦੀ ਲੋੜ ਹੁੰਦੀ ਹੈ। ਜਦੋਂ ਬਹੁਤ ਜ਼ਿਆਦਾ ਗਰਮੀ ਹੁੰਦੀ ਹੈ, ਤਾਂ ਇੱਕ ਛੋਟੀ ਜਿਹੀ ਚੰਗਿਆੜੀ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀਆਂ ਜੰਗਲਾਂ ਵਿੱਚੋਂ ਲੰਘਦੀਆਂ ਰੇਲ ਪਟੜੀਆਂ ਅਤੇ ਰੇਲ ਗੱਡੀਆਂ ਦੇ ਪਹੀਆਂ ਨੂੰ ਰਗੜਨ ਕਾਰਨ ਪੈਦਾ ਹੋ ਸਕਦੀਆਂ ਹਨ।



ਜੰਗਲ ਦੀ ਅੱਗ ਲਈ ਆਮ ਤੌਰ 'ਤੇ ਮਨੁੱਖੀ ਲਾਪਰਵਾਹੀ ਜ਼ਿੰਮੇਵਾਰ ਹੁੰਦੀ ਹੈ। ਕਈ ਵਾਰ ਜੋ ਲੋਕ ਜੰਗਲ ਵਿੱਚ ਸੈਰ ਕਰਨ, ਫੋਟੋਗ੍ਰਾਫੀ ਲਈ ਜਾਂ ਕਿਸੇ ਖੋਜ ਲਈ ਜਾਂਦੇ ਹਨ, ਉਹ ਅਚਾਨਕ ਕੈਂਪ ਫਾਇਰ, ਬਲਦੀ ਸਿਗਰੇਟ, ਜਾਨਵਰਾਂ ਨੂੰ ਡਰਾਉਣ ਲਈ ਵਰਤੇ ਜਾਂਦੇ ਪਟਾਕੇ, ਜਾਂ ਮਾਚਿਸ ਦੀਆਂ ਸਟਿਕਾਂ ਨੂੰ ਸਾੜ ਦਿੰਦੇ ਹਨ। ਇਸ ਨਾਲ ਜੰਗਲ ਦੀ ਅੱਗ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਦੇ ਨਾਲ ਹੀ, ਜਦੋਂ ਇੱਕ ਵਾਰ ਜੰਗਲ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਉੱਥੇ ਵਗਣ ਵਾਲੀ ਖੁੱਲ੍ਹੀ ਹਵਾ ਇਸ ਨੂੰ ਹੋਰ ਵਧਾ ਦਿੰਦੀ ਹੈ। ਤੇਜ਼ ਹਵਾ ਹੋਵੇ ਤਾਂ ਅੱਗ ਬੜੀ ਤੇਜ਼ੀ ਨਾਲ ਜੰਗਲ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ।

ਕਈ ਵਾਰ ਜੰਗਲ ਦੀ ਅੱਗ ਲਈ ਜੰਗਲ ਵੀ ਜ਼ਿੰਮੇਵਾਰ ਹੁੰਦਾ ਹੈ। ਅਸਲ ਵਿੱਚ ਜਦੋਂ ਗਰਮੀ ਆਪਣੇ ਸਿਖਰ 'ਤੇ ਹੁੰਦੀ ਹੈ ਤਾਂ ਰੁੱਖਾਂ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ। ਇਹ ਸੁੱਕੀਆਂ ਟਹਿਣੀਆਂ ਆਸਾਨੀ ਨਾਲ ਅੱਗ ਫੜ ਲੈਂਦੀਆਂ ਹਨ। ਢਲਾਣ ਵਾਲੇ ਜੰਗਲਾਂ ਵਿੱਚ ਅੱਗ ਜ਼ਿਆਦਾ ਤੇਜ਼ੀ ਨਾਲ ਫੈਲਦੀ ਹੈ। ਅਸਲ ਵਿੱਚ ਅਜਿਹੇ ਜੰਗਲਾਂ ਵਿੱਚ ਅੱਗ ਪਹਿਲਾਂ ਸੁੱਕੇ ਘਾਹ ਵਿੱਚ ਫੈਲਦੀ ਹੈ ਅਤੇ ਫਿਰ ਰੁੱਖਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ। ਜੇਕਰ ਜੰਗਲ 'ਚ ਸੁੱਕਾ ਬਾਲਣ ਬਹੁਤ ਜ਼ਿਆਦਾ ਹੋ ਜਾਵੇ ਤਾਂ ਅੱਗ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਤੇਜ਼ੀ ਨਾਲ ਬਦਲਦਾ ਮੌਸਮ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ। ਦਰਅਸਲ, ਘੱਟ ਬਰਸਾਤ, ਸੋਕੇ ਵਰਗੀਆਂ ਸਥਿਤੀਆਂ, ਬਹੁਤ ਜ਼ਿਆਦਾ ਗਰਮੀ ਦੀਆਂ ਲਹਿਰਾਂ ਅਤੇ ਅਤਿ ਦੀ ਗਰਮੀ ਜੰਗਲਾਂ ਦੀ ਅੱਗ ਲਈ ਜ਼ਿੰਮੇਵਾਰ ਹਨ। ਜਲਵਾਯੂ ਪਰਿਵਰਤਨ ਦੇ ਨਾਲ, ਇਹੋ ਜਿਹੇ ਹਾਲਾਤ ਪੈਦਾ ਹੋ ਰਹੇ ਹਨ. ਕੁਦਰਤ ਦੇ ਵੱਧ ਰਹੇ ਸ਼ੋਸ਼ਣ ਕਾਰਨ ਵਾਤਾਵਰਣ ਦਾ ਸੰਤੁਲਨ ਵਿਗੜ ਗਿਆ ਹੈ। ਕੁਝ ਥਾਵਾਂ 'ਤੇ ਜ਼ਿਆਦਾ ਮੀਂਹ ਪੈ ਰਿਹਾ ਹੈ ਅਤੇ ਕਈ ਥਾਵਾਂ 'ਤੇ ਘੱਟ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ ਤਾਪਮਾਨ ਵੀ ਵੱਧ ਰਿਹਾ ਹੈ। ਇਸ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦਾ ਖਤਰਾ ਵੱਧ ਰਿਹਾ ਹੈ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੰਗਲ ਦੀ ਇਸ ਵਿਸ਼ਾਲ ਅੱਗ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਮਾਹਰ ਅੱਗ ਲੱਗਣ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਵਿਸ਼ੇਸ਼ ਸਾਧਨਾਂ ਦੀ ਵਰਤੋਂ ਕਰਦੇ ਹਨ। ਇਹ ਟੂਲ ਤਾਪਮਾਨ, ਹਵਾ ਦੀ ਗਤੀ ਵਰਗੇ ਮਾਪਦੰਡਾਂ ਦੀ ਜਾਂਚ ਕਰਦਾ ਹੈ। ਇਹ ਮਾਪਦੰਡ ਖਤਰਨਾਕ ਪੱਧਰ ਤੱਕ ਪਹੁੰਚਣ ਤੋਂ ਪਹਿਲਾਂ ਅੱਗ ਨੂੰ ਰੋਕਣ ਦੇ ਯਤਨ ਕੀਤੇ ਜਾਂਦੇ ਹਨ। ਇਸ ਤਹਿਤ ਜੰਗਲਾਂ ਵਿੱਚ ਟੋਏ ਪੁੱਟੇ ਜਾਂਦੇ ਹਨ ਤਾਂ ਜੋ ਅੱਗ ਨਾ ਫੈਲੇ। ਨਾਲ ਹੀ, ਉਹ ਸਾਰੀਆਂ ਚੀਜ਼ਾਂ ਜੋ ਚੰਗਿਆੜੀਆਂ ਦਾ ਕਾਰਨ ਬਣਦੀਆਂ ਹਨ, ਜੰਗਲਾਂ ਵਿੱਚੋਂ ਹਟਾ ਦਿੱਤੀਆਂ ਜਾਂਦੀਆਂ ਹਨ।

ਸਰਕਾਰ ਅਤੇ ਪ੍ਰਸ਼ਾਸਨ ਕੁਦਰਤੀ ਆਫ਼ਤਾਂ ਤੋਂ ਛੁਟਕਾਰਾ ਪਾਉਣ ਜਾਂ ਰਾਹਤ ਦੇਣ ਲਈ ਤੁਰੰਤ ਕਦਮ ਚੁੱਕਦੇ ਹਨ, ਪਰ ਪ੍ਰਸ਼ਾਸਨ ਅੱਗ ਨਾਲ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਵਿੱਚ ਵੀ ਅਸਫਲ ਰਹਿੰਦਾ ਹੈ। ਜ਼ਿੰਮੇਵਾਰ ਵਿਭਾਗਾਂ ਅਤੇ ਉਨ੍ਹਾਂ ਅੰਦਰ ਜ਼ਿੰਮੇਵਾਰ ਅਧਿਕਾਰੀਆਂ ਨੂੰ ਲਾਪ੍ਰਵਾਹੀ ਤੋਂ ਸੁਚੇਤ ਕਰਨ ਦੀ ਲੋੜ ਹੈ। ਡਿਊਟੀ ਪ੍ਰਤੀ ਲਾਪਰਵਾਹੀ ਨੂੰ ਗੰਭੀਰ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ। ਜੇਕਰ ਪ੍ਰਸ਼ਾਸਨ ਆਪਣੇ ਫਰਜ਼ਾਂ ਵਿੱਚ ਸਰਗਰਮ ਰਹਿੰਦਾ ਹੈ ਤਾਂ ਭਵਿੱਖ ਵਿੱਚ ਜੰਗਲ ਦੀ ਬੇਕਾਬੂ ਅੱਗ ਭਿਆਨਕ ਰੂਪ ਨਹੀਂ ਧਾਰਨ ਕਰੇਗੀ ਅਤੇ ਇਸ ਦੇ ਨਾਲ ਹੀ ਸਾਨੂੰ ਇਹ ਵੀ ਸੋਚਣਾ ਹੋਵੇਗਾ ਕਿ ਕੁਦਰਤੀ ਦੌਲਤ ਨੂੰ ਬਚਾਉਣ ਲਈ ਅਜਿਹੀ ਯੋਜਨਾ ਵੱਡੇ ਪੱਧਰ 'ਤੇ ਬਣਾਈ ਜਾਵੇ ਤਾਂ ਜੋ ਜੇਕਰ ਜੰਗਲ ਵਿੱਚ ਅੱਗ ਲੱਗੇ ਤਾਂ ਇਸ 'ਤੇ ਤੁਰੰਤ ਕਾਬੂ ਪਾਇਆ ਜਾ ਸਕੇ।

### ਕੈਲੀਫ਼ੋਰਨੀਆ ਦੇ ਜੰਗਲਾਂ ਵਿੱਚ ਅੱਗ

ਕੁਝ ਸਮਾਂ ਪਹਿਲਾਂ ਅਮਰੀਕਾ ਦੇ ਕੈਲੀਫ਼ੋਰਨੀਆ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਨੇ ਇੱਕ ਰਾਤ ਵਿੱਚ ਹੀ 50 ਹਜ਼ਾਰ ਏਕੜ ਤੋਂ ਵੱਧ ਰਕਬੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ, ਜਿਸ ਕਾਰਨ ਜੰਗਲ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਇਲਾਕਾ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹੋਣਾ ਪਿਆ ਸੀ। ਕੈਲੀਫ਼ੋਰਨੀਆ ਦੇ ਜੰਗਲਾਤ ਅਤੇ ਅੱਗ ਸੁਰੱਖਿਆ ਵਿਭਾਗ (ਕੈਲ ਫਾਇਰ) ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਉਸ ਸਮੇਂ ਸੈਨ ਲੁਈਸ ਓਬਿਸਪੋ ਕਾਉਂਟੀ ਵਿੱਚ ਲੱਗੀ ਅੱਗ ਅਗਲੇ ਦਿਨ ਸ਼ਾਮ ਤੱਕ 52,593 ਏਕੜ (212.8 ਵਰਗ ਕਿਲੋਮੀਟਰ) ਤੱਕ ਫੈਲ ਗਈ ਸੀ, ਜਿਸ ਵਿੱਚੋਂ ਸਿਰਫ ਪੰਜ ਪ੍ਰਤੀਸ਼ਤ ਖੇਤਰ ਨੂੰ ਬਚਾਇਆ ਜਾ ਸਕਿਆ ਸੀ। ਇਹ ਅੱਗ ਪਿਛਲੇ ਸਾਲ ਕੈਲੀਫੋਰਨੀਆ ਵਿੱਚ ਸਭ ਤੋਂ ਭਿਆਨਕ ਅੱਗ ਸੀ।





# ਭਾਜਪਾ ਦੇ 54 ਨੇਤਾ ਔਰਤਾਂ ਖ਼ਿਲਾਫ਼ ਅਪਰਾਧਾਂ 'ਚ ਫਸੇ, ਮੋਦੀ ਚੁੱਪ ਕਿਉਂ ?

## ➢ਬੇਟੀ ਬਚਾਓ ਵਾਲਿਆਂ ਤੋਂ ਬੇਟੀਆਂ ਕਿਉਂ ਡਰਨ ਲੱਗ ਪਈਆਂ ? ➢ਸੈਕਸ ਸੈਕੰਡਲਾਂ ਵਿੱਚ ਨੇਤਾ ਤੋਂ ਲੈ ਕੇ ਮੰਤਰੀ ਤੱਕ ਫਸੇ

ਅੱਜਕੱਲ੍ਹ ਦੇਸ਼ ਵਿੱਚ ਔਰਤਾਂ ਖਿਲਾਫ਼ ਅਪਰਾਧਾਂ ਦੀਆਂ ਘਟਨਾਵਾਂ ਨੂੰ ਲੈ ਕੇ ਚਰਚਾ ਬਹੁਤ ਗਰਮ ਹੈ। ਇਸ ਵਿੱਚ ਸਭ ਤੋਂ ਵੱਧ ਨਾਂ ਆ ਰਿਹਾ ਹੈ ਸੱਤਾ ਧਿਰ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ। ਕਈ ਭਾਜਪਾ ਨੇਤਾ ਜਿਨਸੀ ਸ਼ੋਸ਼ਣ, ਜ਼ਬਰ-ਜਨਾਹ ਤੇ ਹੋਰ ਅਪਰਾਧਾਂ ਦੇ ਦੋਸ਼ਾਂ ਵਿੱਚ ਫਸੇ ਹੋਏ ਹਨ। ਵਿਰੋਧੀ ਧਿਰ ਤਾਂ ਇਹ ਵੀ ਕਹਿ ਰਹੀ ਹੈ ਕਿ ਜਿਹੜੀ ਪਾਰਟੀ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੇ ਨਾਅਰੇ ਲੈ ਕੇ ਆਈ ਸੀ, ਅੱਜ ਉਸ ਤੋਂ ਬੇਟੀਆਂ ਨੂੰ ਬਚਾਉਣ ਦੀ ਲੋੜ ਪੈ ਰਹੀ ਹੈ। ਪਰ ਭਾਜਪਾ ਵਾਲੇ ਕਹਿੰਦੇ ਹਨ ਕਿ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤੇ ਦੋਸ਼ੀਆਂ ਨੂੰ ਪਾਰਟੀ ਤੋਂ ਕੱਢ ਦਿੱਤਾ ਜਾਂਦਾ ਹੈ। ਪਰ ਸੁਆਲ ਹੈ ਕਿ ਕਿਹੜੇ ਵੱਡੇ ਮਾਮਲੇ ਹਨ, ਪੁਲਿਸ ਨੇ ਕੀ ਕਾਰਵਾਈ ਕੀਤੀ ਤੇ ਕਿੰਨਿਆਂ ਨੂੰ ਸਜ਼ਾ ਮਿਲੀ।

ਸਭ ਤੋਂ ਤਾਜ਼ਾ ਹੰਗਾਮਾ ਉੱਤਰਾਖੰਡ ਦੇ ਅੰਕਿਤਾ ਭੰਡਾਰੀ ਕਤਲ ਮਾਮਲੇ ਨੂੰ ਲੈ ਕੇ ਹੈ। 2022 ਵਿੱਚ 19 ਸਾਲ ਦੀ ਅੰਕਿਤਾ ਰਿਸ਼ੀਕੇਸ਼ ਦੇ ਇੱਕ ਰਿਜ਼ੋਰਟ ਵਿੱਚ ਨੌਕਰੀ ਕਰਦੀ ਸੀ। ਰਿਜ਼ੋਰਟ ਮਾਲਕ ਪੁਲਕਿਤ ਆਰੀਆ (ਉਸ ਵੇਲੇ ਭਾਜਪਾ ਨੇਤਾ ਵਿਨੋਦ ਆਰੀਆ ਦਾ ਪੁੱਤਰ) ਤੇ ਉਸ ਦੇ ਸਾਥੀਆਂ ਨੇ ਅੰਕਿਤਾ ਤੇ ਵੀ.ਆਈ.ਪੀ. ਮਹਿਮਾਨਾਂ ਨੂੰ ਜਿਨਸੀ ਸੇਵਾ ਦੇਣ ਦਾ ਦਬਾਅ ਪਾਇਆ। ਲੜਕੀ ਨੇ ਮਨ੍ਹਾ ਕਰ ਦਿੱਤਾ ਤਾਂ ਉਸ ਨੂੰ ਮਾਰ ਕੇ ਨਹਿਰ ਵਿੱਚ ਸੁੱਟ ਦਿੱਤਾ। 2025 ਵਿੱਚ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਪਰ ਦਸੰਬਰ 2025 ਵਿੱਚ ਅਦਾਕਾਰਾ ਉਰਮਿਲਾ ਸਨਾਵਰ ਨੇ ਵੀਡੀਓ ਪਾ ਕੇ ਦਾਅਵਾ ਕੀਤਾ ਕਿ ਉਹ ਵੀ.ਆਈ.ਪੀ. ਭਾਜਪਾ ਦਾ ਵੱਡਾ ਨੇਤਾ ਸੀ। ਵਿਰੋਧੀਆਂ ਨੇ ਭਾਜਪਾ ਦੇ ਇੱਕ ਸੀਨੀਅਰ ਨੇਤਾ ਦਾ ਨਾਂ ਲਿਆ, ਪਰ ਅਦਾਲਤ ਨੇ ਉਨ੍ਹਾਂ ਪੋਸਟਾਂ ਨੂੰ ਹਟਾਉਣ ਦੇ ਹੁਕਮ ਦਿੱਤੇ, ਕਿਉਂਕਿ ਕੋਈ ਸਬੂਤ ਨਹੀਂ ਮਿਲਿਆ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਪ੍ਰਧਾਨ ਮੰਤਰੀ ਮੋਦੀ ਇਸ ਬਾਰੇ ਚੁੱਪ ਹਨ।








ਹੁਣ ਗੱਲ ਕਰੀਏ ਵੱਡੇ ਅੰਕੜਿਆਂ ਦੀ। 2024 ਵਿੱਚ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਰਿਪੋਰਟ ਜਾਰੀ ਕੀਤੀ ਕਿ ਦੇਸ਼ ਭਰ ਵਿੱਚ 151 ਵਿਧਾਇਕ ਤੇ ਸੰਸਦ ਮੈਂਬਰ ਔਰਤਾਂ ਖਿਲਾਫ਼ ਅਪਰਾਧਾਂ ਦੇ ਕੇਸਾਂ ਵਿੱਚ ਫਸੇ ਹਨ। ਇਨ੍ਹਾਂ ਵਿੱਚੋਂ 54 ਭਾਜਪਾ ਦੇ ਹਨ - ਸਭ ਤੋਂ ਵੱਧ। ਕਾਂਗਰਸ ਦੇ 23 ਹਨ। ਭਾਜਪਾ ਦੇ 5 ਵਿਧਾਇਕਾਂ ਤੇ ਸੰਸਦ ਮੈਂਬਰਾਂ ਤੇ ਜ਼ਬਰ-ਜਨਾਹ ਦੇ ਦੋਸ਼ ਹਨ ਤੇ ਉਨ੍ਹਾਂ ਨੇ ਚੋਣ ਹਲਫ਼ਨਾਮੇ ਵਿੱਚ ਇਹ ਗੱਲ ਖ਼ੁਦ ਕਬੂਲੀ ਹੈ।

**ਕੁਝ ਵੱਡੇ ਮਾਮਲੇ ਇਸ ਤਰ੍ਹਾਂ ਹਨ:**

ਕੁਲਦੀਪ ਸਿੰਘ ਸੇਂਗਰ (ਸਾਬਕਾ ਭਾਜਪਾ ਵਿਧਾਇਕ, ਉੱਤਰ ਪ੍ਰਦੇਸ਼): 2017 ਵਿੱਚ ਨਾਬਾਲਗ ਲੜਕੀ ਨਾਲ ਜ਼ਬਰ-ਜਨਾਹ ਕੀਤਾ। ਲੜਕੀ ਦੇ ਪਿਤਾ ਨੂੰ ਮਾਰਿਆ ਗਿਆ। ਸੁਪਰੀਮ ਕੋਰਟ ਦੇ ਹੁਕਮ ਤੇ ਕੇਸ ਦਿੱਲੀ ਟਰਾਂਸਫਰ ਹੋਇਆ। 2019 ਵਿੱਚ ਉਮਰ ਕੈਦ ਦੀ ਸਜ਼ਾ ਮਿਲੀ। ਭਾਜਪਾ ਨੇ ਉਸ ਨੂੰ ਪਾਰਟੀ ਤੋਂ ਕੱਢ ਦਿੱਤਾ।

ਰਾਮਦੁਲਾਰ ਗੋਂਡ (ਭਾਜਪਾ ਵਿਧਾਇਕ, ਉੱਤਰ ਪ੍ਰਦੇਸ਼): ਨਾਬਾਲਗ ਆਦਿਵਾਸੀ ਲੜਕੀ ਨਾਲ ਜ਼ਬਰ-ਜਨਾਹ। 2023 ਵਿੱਚ 25 ਸਾਲ ਦੀ ਸਜ਼ਾ ਤੇ 10 ਲੱਖ ਜੁਰਮਾਨਾ।

**ਪ੍ਰਜਵਲ ਰੇਵੰਨਾ (ਭਾਜਪਾ ਦੇ ਸਾਥੀ ਜੇ.ਡੀ.ਐੱਸ. ਦਾ ਸੰਸਦ ਮੈਂਬਰ, ਕਰਨਾਟਕ):** ਕਈ ਔਰਤਾਂ ਨਾਲ ਜ਼ਬਰ-ਜਨਾਹ ਤੇ ਵੀਡੀਓ ਬਣਾ ਕੇ ਬਲੈਕਮੇਲ। 2025 ਵਿੱਚ ਉਮਰ ਕੈਦ ਦੀ ਸਜ਼ਾ। ਭਾਜਪਾ ਨੇ ਜੇ.ਡੀ.ਐੱਸ. ਨਾਲ ਗਠਜੋੜ ਤੋੜ ਦਿੱਤਾ।

ਬ੍ਰਿਜ ਭੂਸ਼ਣ ਸ਼ਰਨ ਸਿੰਘ (ਸਾਬਕਾ ਭਾਜਪਾ ਸੰਸਦ ਮੈਂਬਰ ਤੇ ਕੁਸ਼ਤੀ ਫੈਡਰੇਸ਼ਨ ਮੁਖੀ): ਮਹਿਲਾ ਪਹਿਲਵਾਨਾਂ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ। ਕੇਸ ਚੱਲ ਰਿਹਾ ਹੈ, ਅਜੇ ਸਜ਼ਾ ਨਹੀਂ ਹੋਈ।

**ਹੋਰ ਵੀ ਬਹੁਤ ਸਾਰੇ ਦੋਸ਼ ਹਨ** - ਜਿਵੇਂ ਅਮਿਤ ਮਾਲਵੀਆ (ਭਾਜਪਾ ਆਈ.ਟੀ. ਸੈੱਲ ਮੁਖੀ) ਤੇ ਵੀ ਜਿਨਸੀ ਸ਼ੋਸ਼ਣ ਦੇ ਇਲਜ਼ਾਮ, ਹਰਿਆਣਾ ਭਾਜਪਾ ਪ੍ਰਧਾਨ ਤੇ ਗੈਂਗਰੇਪ ਦਾ ਕੇਸ, ਤੇ ਕਈ ਸਾਬਕਾ ਮੰਤਰੀਆਂ ਦੀਆਂ ਸੈਕਸ ਵੀਡੀਓ ਵਾਇਰਲ ਹੋਣ ਵਾਲੀਆਂ ਘਟਨਾਵਾਂ।

**ਮੋਦੀ ਸਰਕਾਰ ਨੇ ਕੀ ਕੀਤਾ ?**

ਜਦੋਂ ਵੱਡੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਭਾਜਪਾ ਦੋਸ਼ੀ ਨੂੰ ਪਾਰਟੀ ਤੋਂ ਕੱਢ ਦਿੰਦੀ ਹੈ। ਪੁਲਿਸ ਜਾਂਚ ਕਰਦੀ ਹੈ, ਪਰ ਬਹੁਤ ਸਾਰੇ ਕੇਸਾਂ ਵਿੱਚ ਦੇਰੀ ਹੁੰਦੀ ਹੈ। ਸੁਪਰੀਮ ਕੋਰਟ ਜਾਂ ਵੱਡੇ ਵਿਰੋਧ ਤੋਂ ਬਾਅਦ ਹੀ ਤੇਜ਼ੀ ਆਉਂਦੀਹੈ। ਸੇਂਗਰ, ਗੋਂਡ ਤੇ ਰੇਵੰਨਾ ਵਰਗੇ ਮਾਮਲਿਆਂ ਵਿੱਚ ਸਜ਼ਾ ਮਿਲੀ ਹੈ, ਪਰ ਜ਼ਿਆਦਾਤਰ ਕੇਸ ਅਜੇ ਅਦਾਲਤਾਂ ਵਿੱਚ ਲਟਕੇ ਹਨ। ਵਿਰੋਧੀ ਧਿਰ ਕਹਿੰਦੀ ਹੈ ਕਿ ਭਾਜਪਾ ਸ਼ਾਸਿਤ ਰਾਜਾਂ ਵਿੱਚ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹੁੰਦੀ ਹੈ। ਭਾਜਪਾ ਵਾਲੇ ਕਹਿੰਦੇ ਹਨ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਤੇ ਹੋਰ ਪਾਰਟੀਆਂ ਵਿੱਚ ਵੀ ਅਜਿਹੇ ਮਾਮਲੇ ਹਨ।

ਸਿਆਸੀ ਮਾਹਿਰ ਅਭੈ ਦੂਬੇ ਕਹਿੰਦੇ ਹਨ ਕਿ ਵੋਟ ਪਾਉਣ ਵੇਲੇ ਨੇਤਾਵਾਂ ਦੇ ਚਰਿੱਤਰ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਔਰਤਾਂ ਦੀ ਸੁਰੱਖਿਆ ਦੀਆਂ ਗੱਲਾਂ ਸਿਰਫ਼ ਨਾਅਰੇ ਨਹੀਂ ਬਣਨੀਆਂ ਚਾਹੀਦੀਆਂ, ਸਗੋਂ ਅਸਲ ਕਾਰਵਾਈ ਹੋਣੀ ਚਾਹੀਦੀ ਹੈ।

## ਪੰਜਾਬ ਦੇ 136 ਸ਼ਹਿਰਾਂ 'ਚ ਪ੍ਰਦੂਸ਼ਣ ਤੈਅ ਮਿਆਰਾਂ ਨਾਲੋਂ ਵੱਧ

ਨਵੀਂ ਦਿੱਲੀ/ਏ.ਟੀ.ਨਿਊਜ਼: ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (ਸੀ ਆਰ ਈ ਏ) ਦੇ ਵਿਸ਼ਲੇਸ਼ਣ ਅਨੁਸਾਰ, ਪੰਜਾਬ ਦੇ 136 ਸ਼ਹਿਰਾਂ 'ਚ ਪ੍ਰਦੂਸ਼ਣ ਤੈਅ ਮਿਆਰਾਂ ਨਾਲੋਂ ਵੱਧ ਹੈ। ਰਿਪੋਰਟ ਮੁਤਾਬਕ, ਭਾਰਤ ਦੇ ਲਗਪਗ 44 ਫੀਸਦੀ ਸ਼ਹਿਰ ਪੁਰਾਣੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਹ ਦਰਸਾਉਂਦਾ ਹੈ ਕਿ ਇਹ ਪ੍ਰਦੂਸ਼ਣ ਥੋੜ੍ਹੇ ਸਮੇਂ ਦੀਆਂ ਘਟਨਾਵਾਂ ਦੀ ਬਜਾਏ ਲਗਾਤਾਰ ਹੋਣ ਵਾਲੇ ਨਿਕਾਸ ਦੇ ਸਰੋਤਾਂ ਕਾਰਨ ਪੈਦਾ ਹੋਈ ਢਾਂਚਾਗਤ ਸਮੱਸਿਆ ਹੈ; ਹਾਲਾਂਕਿ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਵਿੱਚੋਂ ਸਿਰਫ 4 ਫੀਸਦੀ ਸ਼ਹਿਰ ਹੀ ਕੌਮੀ ਸਵੱਛ ਹਵਾ ਪ੍ਰੋਗਰਾਮ (ਐੱਨ ਸੀ ਏ ਪੀ) ਅਧੀਨ ਆਉਂਦੇ ਹਨ। ਸੀ ਆਰ ਈ ਏ ਨੇ ਸੈਟੇਲਾਈਟ ਡੇਟਾ ਦੀ ਵਰਤੋਂ ਕਰਦਿਆਂ ਭਾਰਤ ਦੇ 4041 ਸ਼ਹਿਰਾਂ ਵਿੱਚ ਪੀ ਐੱਮ 2.5 ਦੇ ਪੱਧਰ ਦਾ ਮੁਲਾਂਕਣ ਕੀਤਾ। ਰਿਪੋਰਟ ਵਿੱਚ ਦੱਸਿਆ ਗਿਆ ਹੈ, "4041 ਵਿੱਚੋਂ ਘੱਟੋ-ਘੱਟ 1787 ਸ਼ਹਿਰਾਂ ਵਿੱਚ ਪਿਛਲੇ ਪੰਜ ਸਾਲਾਂ (2019-2024, ਕੋਵਿਡ ਪ੍ਰਭਾਵਿਤ ਸਾਲ 2020 ਨੂੰ ਛੱਡ ਕੇ) ਦੌਰਾਨ ਹਰੇਕ ਸਾਲ ਪੀ ਐੱਮ 2.5 ਦਾ ਪੱਧਰ ਕੌਮੀ ਸਾਲਾਨਾ ਮਿਆਰ ਤੋਂ ਵਧ ਰਿਹਾ। ਇਸ ਦਾ ਮਤਲਬ ਹੈ ਕਿ ਭਾਰਤ ਦੇ ਲਗਪਗ 44 ਫੀਸਦ ਸ਼ਹਿਰ ਗੰਭੀਰ ਹਵਾ ਪ੍ਰਦੂਸ਼ਣ ਦਾ ਸਾਹਮਣਾ ਕਰ ਰਹੇ ਹਨ, ਜੋ ਸਿਰਫ ਕੁਝ ਦਿਨਾਂ ਦੀ ਸਮੱਸਿਆ ਨਹੀਂ ਬਲਕਿ ਪ੍ਰਦੂਸ਼ਣ ਦੇ ਪੱਕੇ ਸਰੋਤਾਂ ਕਾਰਨ ਪੈਦਾ ਹੋਈ ਸਥਿਤੀ ਹੈ।" ਰਿਪੋਰਟ ਮੁਤਾਬਕ ਉੱਤਰ ਪ੍ਰਦੇਸ਼ 416 ਨਾਨ-ਅਟੇਨਮੈਂਟ (ਉਹ ਸ਼ਹਿਰ ਜਿੱਥੇ ਪ੍ਰਦੂਸ਼ਣ ਨਿਰਧਾਰਤ ਮਿਆਰਾਂ ਨਾਲੋਂ ਵੱਧ ਹੈ) ਸ਼ਹਿਰਾਂ ਦੇ ਨਾਲ ਸੂਚੀ ਵਿੱਚ ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਰਾਜਸਥਾਨ (158), ਗੁਜਰਾਤ (152), ਮੱਧ ਪ੍ਰਦੇਸ਼ (143), ਪੰਜਾਬ ਤੇ ਬਿਹਾਰ (ਹਰੇਕ ਵਿੱਚ 136) ਅਤੇ ਪੱਛਮੀ ਬੰਗਾਲ (124) ਦਾ ਨੰਬਰ ਆਉਂਦਾ ਹੈ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਕੀਤਾ ਤਲਬ

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਬਿਆਨਾਂ ਅਤੇ ਵੀਡੀਓਜ਼ ਨੂੰ ਲੈ ਕੇ ਵਿਵਾਦ ਗਰਮਾਇਆ

## ਬੇਅਦਬੀ ਮਾਮਲਿਆਂ ਵਿੱਚ ਨਿਆਂ ਨਾ ਮਿਲਣ 'ਤੇ ਜਥੇਦਾਰ ਨੇ ਸਰਕਾਰ ਨੂੰ ਘੇਰਿਆ

### 328 ਲਾਪਤਾ ਸਰੂਪਾਂ ਮਾਮਲੇ 'ਚ ਐਸ.ਜੀ.ਪੀ.ਸੀ. ਨੇ ਪੁਲਿਸ ਨੂੰ ਸਹਿਯੋਗ ਦੇਣ ਦਾ ਕੀਤਾ ਐਲਾਨ



ਪੰਜਾਬ ਦੀ ਰਾਜਨੀਤੀ ਅਤੇ ਧਾਰਮਿਕ ਹਲਕਿਆਂ ਵਿੱਚ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ ਜਦੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਲਬ ਕੀਤਾ ਹੈ। ਇਹ ਤਲਬੀ 15 ਜਨਵਰੀ 2026 ਨੂੰ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਹੈ। ਜਥੇਦਾਰ ਨੇ ਮਾਨ ਨੂੰ ਸਿੱਖ ਰਹਿਤ ਮਰਿਆਦਾ, ਅਕਾਲ ਤਖ਼ਤ ਦੀ ਸਰਵਉੱਚਤਾ ਅਤੇ ਗੁਰੂ ਕੀ ਗੋਲਕ ਵਰਗੇ ਮਹੱਤਵਪੂਰਨ ਸਿਧਾਂਤਾਂ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਲਈ ਜਵਾਬਦੇਹ ਬਣਾਉਣ ਲਈ ਬੁਲਾਇਆ ਹੈ। ਇਸ ਤੋਂ ਇਲਾਵਾ, ਕੁਝ ਵੀਡੀਓਜ਼ ਵਿੱਚ ਮਾਨ ਨੂੰ ਗੁਰੂ ਸਾਹਿਬਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਅਪਮਾਨ ਵਾਲਾ ਵਿਵਹਾਰ ਕਰਦੇ ਵਿਖਾਇਆ ਗਿਆ ਹੈ, ਜਿਨ੍ਹਾਂ ਦੀ ਫੋਰੈਂਸਿਕ ਜਾਂਚ ਵੀ ਮੰਗੀ ਗਈ ਹੈ। ਇਸ ਘਟਨਾ ਨੇ ਪੰਜਾਬ ਦੀ ਰਾਜਨੀਤੀ ਨੂੰ ਗਰਮਾ ਦਿੱਤਾ ਹੈ ਅਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਨੇ, ਜਿਵੇਂ ਕਿ ਬੇਅਦਬੀ ਮਾਮਲਿਆਂ ਵਿੱਚ ਨਿਆਂ ਕਿਉਂ ਨਹੀਂ ਮਿਲ ਰਿਹਾ ਅਤੇ 328 ਗੁੰਮ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ..ਸੀ.) ਨੇ ਪੁਲਿਸ ਨੂੰ ਸਹਿਯੋਗ ਨਾ ਦੇਣ ਦਾ ਫੈਸਲਾ ਕਿਉਂ ਕੀਤਾ?

ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਸਭ ਤੋਂ ਉੱਚੀ ਧਾਰਮਿਕ ਅਦਾਰਾ ਹੈ, ਜਿੱਥੋਂ ਜਾਰੀ ਹੋਣ ਵਾਲੇ ਹੁਕਮ ਸਿੱਖਾਂ ਲਈ ਅੰਤਿਮ ਅਤੇ ਪਵਿੱਤਰ ਮੰਨੇ ਜਾਂਦੇ ਹਨ। ਇਸ ਅਦਾਰੇ ਦੀ ਸਥਾਪਨਾ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕੀਤੀ ਸੀ ਅਤੇ ਇਹ ਸਿੱਖ ਧਰਮ ਦੀ ਰਾਜਨੀਤਕ ਅਤੇ ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਹਾਲ ਹੀ ਵਿੱਚ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਸੀ ਅਤੇ ਉਹ ਪੰਥਕ ਮਾਮਲਿਆਂ ਵਿੱਚ ਸਖ਼ਤ ਰਵੱਈਆ ਅਪਣਾਉਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਪੱਤਰ ਵਿੱਚ ਕਿਹਾ ਹੈ ਕਿ ਮਾਨ ਨੇ ਵਾਰ-ਵਾਰ ਅਜਿਹੇ ਬਿਆਨ ਦਿੱਤੇ ਹਨ ਜੋ ਸਿੱਖ ਰਹਿਤ ਮਰਿਆਦਾ ਨੂੰ ਚੁਣੌਤੀ ਦਿੰਦੇ ਹਨ ਅਤੇ ਇਹ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਖਾਸ ਕਰਕੇ, ਮਾਨ ਨੇ ਗੁਰੂ ਕੀ ਗੋਲਕ ਅਤੇ ਦਸਵੰਧ ਵਰਗੇ ਵਿਸ਼ਿਆਂ ਤੇ ਟਿੱਪਣੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਜਥੇਦਾਰ ਨੇ ਅਪਮਾਨਜਨਕ ਕਰਾਰ ਦਿੱਤਾ ਹੈ।

ਇਸ ਵਿਵਾਦ ਦੀ ਸ਼ੁਰੂਆਤ ਹਾਲ ਹੀ ਵਿੱਚ ਉਦੋਂ ਹੋਈ ਜਦੋਂ ਕੁਝ ਵੀਡੀਓਜ਼ ਵਾਇਰਲ ਹੋਏ, ਜਿਨ੍ਹਾਂ ਵਿੱਚ ਭਗਵੰਤ ਮਾਨ ਨੂੰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਜੁੜੀਆਂ ਚੀਜ਼ਾਂ ਨਾਲ ਗਲਤ ਵਿਵਹਾਰ ਕਰਦੇ ਵਿਖਾਇਆ ਗਿਆ ਹੈ। ਜਥੇਦਾਰ ਨੇ ਇਨ੍ਹਾਂ ਵੀਡੀਓਜ਼ ਦੀ ਫੋਰੈਂਸਿਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਇਨ੍ਹਾਂ ਦੀ ਸੱਚਾਈ ਸਾਹਮਣੇ ਆ ਸਕੇ।

ਪੰਥਕ ਹਲਕਿਆਂ ਵਿੱਚ ਇਹ ਵੀਡੀਓਜ਼ ਨੂੰ ਬਹੁਤ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਨੂੰ ਬੇਅਦਬੀ ਨਾਲ ਜੋੜ ਕੇ ਵੇਖਿਆ ਹੈ। ਆਮ ਆਦਮੀ ਪਾਰਟੀ (ਆਪ) ਨੇ ਇਨ੍ਹਾਂ ਵੀਡੀਓਜ਼ ਨੂੰ ਏਆਈ ਨਾਲ ਬਣਾਈਆਂ ਗਈਆਂ ਕਹਿ ਕੇ ਰੱਦ ਕੀਤਾ ਹੈ ਅਤੇ ਸੋਸ਼ਲ ਮੀਡੀਆ ਤੋਂ ਬਲਾਕ ਵੀ ਕਰਵਾਇਆ ਹੈ, ਪਰ ਵਿਰੋਧੀ ਧਿਰਾਂ ਨੇ ਇਨਾਂ ਵੀਡੀਓ ਨੂੰ ਸੱਚ ਮੰਨਿਆ ਹੈ।

ਇਸ ਤਲਬੀ ਨੇ ਪੰਜਾਬ ਵਿੱਚ ਧਾਰਮਿਕ ਅਤੇ ਰਾਜਨੀਤਕ ਤਣਾਅ ਨੂੰ ਵਧਾ ਦਿੱਤਾ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਵਿੱਚ ਬੇਅਦਬੀ ਮਾਮਲਿਆਂ ਨੂੰ ਵਰਤ ਕੇ ਸੱਤਾ ਹਾਸਲ ਕੀਤੀ ਸੀ, ਪਰ ਹੁਣ ਤੱਕ ਉਨ੍ਹਾਂ ਵਿੱਚ ਨਿਆਂ ਨਹੀਂ ਦਿੱਤਾ ਗਿਆ। 2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ 2017 ਵਿੱਚ ਮੌੜ ਬੰਬ ਧਮਾਕੇ ਵਿੱਚ ਸੱਤ ਵਿਅਕਤੀਆਂ ਦੀ ਮੌਤ ਹੋਈ ਸੀ, ਜਿਸ ਵਿੱਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ। ਜਥੇਦਾਰ ਨੇ ਸਰਕਾਰ ਤੋਂ ਪੁੱਛਿਆ ਹੈ ਕਿ ਇਨ੍ਹਾਂ ਮਾਮਲਿਆਂ ਵਿੱਚ ਨਿਆਂ ਕਿਉਂ ਨਹੀਂ ਮਿਲਿਆ ਅਤੇ ਕਿਉਂ ਨਹੀਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ? ਪੰਥਕ ਆਗੂਆਂ ਨੂੰ ਲੱਗਦਾ ਹੈ ਕਿ ਸਰਕਾਰ ਨੇ ਬੇਅਦਬੀ ਮਾਮਲੇ ਵਿੱਚ ਨਿਆਂ ਦੇ ਵਾਅਦੇ ਕੀਤੇ ਸਨ ਪਰ ਪੂਰੇ ਨਹੀਂ ਕੀਤੇ, ਜਿਸ ਕਾਰਨ ਸਿੱਖ ਕੌਮ ਵਿੱਚ ਨਰਾਜ਼ਗੀ ਆਪ ਸਰਕਾਰ ਵਿਰੁੱਧ ਵਧ ਰਹੀ ਹੈ।

ਬੇਅਦਬੀ ਮਾਮਲਿਆਂ ਵਿੱਚ ਨਿਆਂ ਦੀ ਮੰਗ ਪੰਜਾਬ ਵਿੱਚ ਇੱਕ ਲੰਮੇ ਸਮੇਂ ਤੋਂ ਚੱਲ ਰਹੀ ਹੈ। 2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਬੇਅਦਬ ਕੀਤਾ ਗਿਆ ਸੀ, ਜਿਸ ਨੇ ਪੰਜਾਬ ਵਿੱਚ ਵੱਡੇ ਵਿਰੋਧ ਪ੍ਰਦਰਸ਼ਨ ਕੀਤੇ ਸਨ। ਉਸ ਸਮੇਂ ਅਕਾਲੀ ਦਲ-ਬੀਜੇਪੀ ਸਰਕਾਰ ਸੱਤਾ ਵਿੱਚ ਸੀ ਅਤੇ ਉਨ੍ਹਾਂ ਤੇ ਵੀ ਨਿਆਂ ਨਾ ਕਰਨ ਦੇ ਇਲਜ਼ਾਮ ਲੱਗੇ ਸਨ। ਆਮ ਆਦਮੀ ਪਾਰਟੀ ਨੇ ਇਨ੍ਹਾਂ ਮਾਮਲਿਆਂ ਨੂੰ ਚੋਣਾਂ ਵਿੱਚ ਵੱਡਾ ਮੁੱਦਾ ਬਣਾਇਆ ਸੀ ਅਤੇ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਣ 'ਤੇ ਨਿਆਂ ਕਰੇਗੀ। ਪਰ ਹੁਣ ਤੱਕ ਕੋਈ ਵੱਡੀ ਕਾਰਵਾਈ ਨਹੀਂ ਹੋਈ ਅਤੇ ਦੋਸ਼ੀ ਅਜੇ ਵੀ ਆਜ਼ਾਦ ਘੁੰਮ ਰਹੇ ਹਨ। ਪੰਥਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਸਰਕਾਰ ਨੇ ਕਿਉਂ ਨਹੀਂ ਇਨਸਾਫ ਕੀਤਾ ਅਤੇ ਕਿਉਂ ਨਹੀਂ ਡੇਰਾ ਮੁਖੀ ਨੂੰ ਸਜ਼ਾ ਦਿੱਤੀ। ਕੁਝ ਸਿੱਖ ਆਗੂ ਕਹਿ ਰਹੇ ਹਨ ਕਿ ਇਹ ਮਾਮਲੇ ਰਾਜਨੀਤਕ ਕਾਰਨਾਂ ਕਰਕੇ ਲਟਕ ਰਹੇ ਹਨ ਅਤੇ ਨਿਆਂ ਨੂੰ ਰੋਕਿਆ ਜਾ ਰਿਹਾ ਹੈ।

ਇਸ ਵਿਵਾਦ ਵਿੱਚ 328 ਗੁੰਮ ਪਾਵਨ ਸਰੂਪਾਂ ਦਾ ਮਾਮਲਾ ਵੀ ਜੁੜ ਗਿਆ ਹੈ। ਐੱਸ.ਜੀ.ਪੀ.ਸੀ. ਨੇ ਸਪੱਸ਼ਟ ਕਿਹਾ ਹੈ ਕਿ ਉਹ ਪੁਲਿਸ ਨੂੰ ਕੋਈ ਸਹਿਯੋਗ ਨਹੀਂ ਦੇਣਗੇ ਕਿਉਂਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਉਨ੍ਹਾਂ ਨੇ ਪਹਿਲਾਂ ਹੀ ਵਿਭਾਗੀ ਕਾਰਵਾਈ ਕੀਤੀ ਹੈ। ਐੱਸ.ਜੀ.ਪੀ.ਸੀ. ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਦੋਸ਼ੀ ਮੁਲਾਜ਼ਮਾਂ 'ਤੇ ਕਾਰਵਾਈ ਹੋ ਚੁੱਕੀ ਹੈ ਅਤੇ ਅਕਾਲ ਤਖ਼ਤ ਸਾਹਿਬ ਦਾ ਆਦੇਸ਼ ਉਨ੍ਹਾਂ ਲਈ ਅੰਤਿਮ ਹੈ। ਉਨ੍ਹਾਂ ਨੇ ਆਪ ਸਰਕਾਰ 'ਤੇ ਇਲਜ਼ਾਮ ਲਾਇਆ ਕਿ ਉਹ ਸਿੱਖ ਸੰਸਥਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਪਰ ਆਮ ਆਦਮੀ ਪਾਰਟੀ ਦੇ ਆਗੂ ਕਹਿ ਰਹੇ ਹਨ ਕਿ ਐੱਸ.ਜੀ.ਪੀ.ਸੀ. ਕਾਨੂੰਨ ਤੋਂ ਉੱਪਰ ਨਹੀਂ ਅਤੇ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਇਹ ਮਾਮਲਾ ਭ੍ਰਿਸ਼ਟਾਚਾਰ ਅਤੇ ਅਣਗਹਿਲੀ ਨਾਲ ਜੁੜਿਆ ਹੈ, ਬੇਅਦਬੀ ਨਾਲ ਨਹੀਂ, ਅਤੇ ਸਰਕਾਰ ਨੂੰ ਦਖਲ ਨਹੀਂ ਦੇਣਾ ਚਾਹੀਦਾ। ਇਹ ਮਾਮਲਾ ਪੰਜ ਸਾਲ ਪੁਰਾਣਾ ਹੈ ਅਤੇ ਹਾਲ ਹੀ ਵਿੱਚ ਸਰਕਾਰ ਨੇ ਕੁਝ ਪੰਥਕ ਧੜਿਆਂ ਦੀ ਅਪੀਲ ਕਾਰਨ ਇਸ ਨੂੰ ਮੁੜ ਖੋਲ੍ਹ ਕੇ ਐਫ.ਆਈ.ਆਰ. ਦਰਜ ਕੀਤੀ ਹੈ, ਜਿਸ ਨੇ ਵਿਵਾਦ ਨੂੰ ਹੋਰ ਵਧਾ ਦਿੱਤਾ ਹੈ।

(ਬਾਕੀ ਸਫ਼ਾ 27 'ਤੇ)

### ਕੀ ਨਤੀਜੇ ਨਿਕਲਗੇ ਪੰਜਾਬ ਦੀ ਸਿਆਸਤ ਦੇ?

ਭਗਵੰਤ ਮਾਨ ਨੇ ਪਹਿਲਾਂ ਹੀ ਘੋਸ਼ਣਾ ਕੀਤੀ ਹੈ ਕਿ ਉਹ ਨੰਗੇ ਪੈਰੀਂ ਚੱਲ ਕੇ ਅਕਾਲ ਤਖ਼ਤ ਸਾਹਿਬ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ ਅਤੇ ਹੁਕਮ ਮੰਨਣਗੇ। ਜੇ ਉਹ ਪੇਸ਼ ਹੋ ਕੇ ਆਪਣੇ ਬਿਆਨਾਂ ਅਤੇ ਵੀਡੀਓਜ਼ ਬਾਰੇ ਸਪੱਸ਼ਟੀਕਰਨ ਦਿੰਦੇ ਹਨ ਅਤੇ ਮਾਫ਼ੀ ਮੰਗਦੇ ਹਨ, ਤਾਂ ਜਥੇਦਾਰ ਵੱਲੋਂ ਉਨ੍ਹਾਂ ਨੂੰ ਧਾਰਮਿਕ ਸਜ਼ਾ ਜਾਂ ਚਿਤਾਵਨੀ ਦਿੱਤੀ ਜਾ ਸਕਦੀ ਹੈ। ਇਤਿਹਾਸ ਵਿੱਚ ਅਜਿਹੇ ਮਾਮਲੇ ਵਾਪਰੇ ਹਨ, ਜਿਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 1979 ਵਿੱਚ ਅਤੇ ਸੁਰਜੀਤ ਸਿੰਘ ਬਰਨਾਲਾ ਨੂੰ 1986 ਵਿੱਚ ਤਲਬ ਕੀਤਾ ਗਿਆ ਸੀ, ਅਤੇ ਉਨ੍ਹਾਂ ਨੇ ਮਾਫ਼ੀ ਮੰਗ ਕੇ ਮਾਮਲਾ ਨਿਬੇੜਿਆ ਸੀ। ਇਸ ਵਾਰ ਵੀ ਫੋਰੈਂਸਿਕ ਜਾਂਚ 'ਤੇ ਨਿਰਭਰ ਕਰੇਗਾ ਕਿ ਵੀਡੀਓ ਅਸਲੀ ਹੈ ਜਾਂ ਨਹੀਂ। ਜੇ ਵੀਡੀਓ ਫਰਜ਼ੀ ਸਾਬਤ ਹੋਇਆ ਤਾਂ ਮਾਨ ਨੂੰ ਰਾਹਤ ਮਿਲ ਸਕਦੀ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇ ਮਾਨ ਪੇਸ਼ ਨਾ ਹੋਏ ਜਾਂ ਉਨ੍ਹਾਂ ਦੇ ਸਪੱਸ਼ਟੀਕਰਨ ਨਾਲ ਜਥੇਦਾਰ ਸੰਤੁਸ਼ਟ ਨਾ ਹੋਏ, ਤਾਂ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਿਆ ਜਾ ਸਕਦਾ ਹੈ। ਇਹ ਪੰਥਕ ਭਾਵਨਾਵਾਂ ਨੂੰ ਹੋਰ ਗਰਮਾ ਸਕਦਾ ਹੈ ਅਤੇ ਬੇਅਦਬੀ ਮਾਮਲਿਆਂ (ਜਿਵੇਂ ਬਰਗਾੜੀ 2015 ਅਤੇ ਮੌੜ ਬੰਬ ਧਮਾਕਾ 2017) ਵਿੱਚ ਨਿਆਂ ਨਾ ਮਿਲਣ 'ਤੇ ਵੀ ਧਿਆਨ ਵਧੇਗਾ। ਜਥੇਦਾਰ ਨੇ ਪਹਿਲਾਂ ਹੀ ਸਰਕਾਰ ਤੋਂ ਇਨ੍ਹਾਂ ਮਾਮਲਿਆਂ ਵਿੱਚ ਨਿਆਂ ਬਾਰੇ ਜਵਾਬ ਮੰਗਿਆ ਹੈ, ਜੋ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਨਾਲ ਜੁੜੇ ਹਨ।

ਐੱਸ.ਜੀ.ਪੀ.ਸੀ. ਅਤੇ ਸਰਕਾਰ ਵਿਚਾਲੇ ਤਣਾਅ ਵਧਣਾ: ਇਹ ਮਸਲਾ 328 ਗੁੰਮ ਪਾਵਨ ਸਰੂਪਾਂ ਨਾਲ ਵੀ ਜੁੜਿਆ ਹੈ, ਜਿੱਥੇ ਐੱਸ.ਜੀ.ਪੀ.ਸੀ. ਨੇ ਪੁਲਿਸ ਨੂੰ ਸਹਿਯੋਗ ਨਾ ਦੇਣ ਦਾ ਐਲਾਨ ਕੀਤਾ ਹੈ। ਜੇ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਖ਼ਿਲਾਫ਼ ਹੁਕਮ ਜਾਰੀ ਹੋਇਆ ਤਾਂ ਧਾਰਮਿਕ ਅਦਾਰਿਆਂ ਅਤੇ ਸਰਕਾਰ ਵਿਚਾਲੇ ਵਿਵਾਦ ਵਧ ਸਕਦਾ ਹੈ, ਜਿਸ ਨਾਲ ਜਾਂਚ ਪ੍ਰਕਿਰਿਆ ਰੁਕ ਸਕਦੀ ਹੈ।

**ਪੰਜਾਬ ਦੀ ਸਿਆਸਤ 'ਤੇ ਪ੍ਰਭਾਵ**

ਆਮ ਆਦਮੀ ਪਾਰਟੀ (ਆਪ) ਨੂੰ ਨੁਕਸਾਨ: ਆਪ ਨੇ 2022 ਚੋਣਾਂ ਵਿੱਚ ਬੇਅਦਬੀ ਮਾਮਲਿਆਂ ਨੂੰ ਵੱਡਾ ਮੁੱਦਾ ਬਣਾ ਕੇ ਜਿੱਤ ਹਾਸਲ ਕੀਤੀ ਸੀ, ਪਰ ਹੁਣ ਤੱਕ ਨਿਆਂ ਨਾ ਮਿਲਣ ਕਾਰਨ ਪੰਥਕ ਹਲਕਿਆਂ ਵਿੱਚ ਨਿਰਾਸ਼ਾ ਹੈ। ਇਹ ਤਲਬੀ ਆਪ ਨੂੰ 'ਐਂਟੀ-ਸਿੱਖ' ਵਜੋਂ ਪੇਸ਼ ਕਰ ਸਕਦੀ ਹੈ, ਜਿਸ ਨਾਲ ਸਿੱਖ ਵੋਟਰਾਂ ਵਿੱਚ ਨਕਾਰਾਤਮਕ ਅਸਰ ਪੈ ਸਕਦਾ ਹੈ। ਆਉਣ ਵਾਲੀਆਂ ਚੋਣਾਂ ਵਿੱਚ ਇਹ ਆਪ ਲਈ ਚੁਣੌਤੀ ਬਣ ਸਕਦਾ ਹੈ, ਖਾਸ ਕਰਕੇ ਜੇ ਪੰਥਕ ਜਥੇਬੰਦੀਆਂ ਵਿਰੋਧ ਵਧਾਉਂਦੀਆਂ ਹਨ।

**ਵਿਰੋਧੀ ਪਾਰਟੀਆਂ ਨੂੰ ਫਾਇਦਾ**

ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ ਧੜਾ) ਇਸ ਨੂੰ ਆਪ ਖ਼ਿਲਾਫ਼ ਵਰਤ ਸਕਦੇ ਹਨ। ਅਕਾਲੀ ਦਲ ਨੂੰ ਆਪਣੇ ਪੰਥਕ ਅਕਸ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲ ਸਕਦਾ ਹੈ, ਜਦਕਿ ਕਾਂਗਰਸ ਆਗੂ ਜਿਵੇਂ ਸੁਖਪਾਲ ਖਹਿਰਾ ਪਹਿਲਾਂ ਹੀ ਇਸ ਨੂੰ ਸਿਆਸੀ ਸਾਜ਼ਿਸ਼ ਕਹਿ ਕੇ ਫਾਇਦਾ ਲੈ ਰਹੇ ਹਨ।

ਆਖਰੀ ਨਤੀਜਾ ਮਾਨ ਦੀ ਨਿਮਰਤਾ ਅਤੇ ਜਥੇਦਾਰ ਦੇ ਫੈਸਲੇ 'ਤੇ ਨਿਰਭਰ ਕਰੇਗਾ, ਜੋ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦੇ ਸਕਦਾ ਹੈ। ਇਹ ਮਾਮਲਾ ਅਜੇ ਵਿਕਸਤ ਹੋ ਰਿਹਾ ਹੈ ਅਤੇ 15 ਜਨਵਰੀ ਬਾਅਦ ਹੀ ਪੂਰੀ ਤਸਵੀਰ ਸਾਫ਼ ਹੋਵੇਗੀ।

### ਗੁਰੂ ਗ੍ਰੰਥ ਸਾਹਿਬ ਜੀ ਦੇ 328 ਗਾਇਬ ਸਰੂਪਾਂ ਦਾ ਰਹੱਸ ਖੁੱਲ੍ਹਿਆ

# 'ਸਿਟ' ਨੇ ਲੱਭੇ 50-60 ਪਾਵਨ ਸਰੂਪ, ਡੇਰਿਆਂ ਤੇ ਘਰਾਂ ਵਿੱਚ ਮਿਲੇ ਸਰੂਪ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗਾਇਬ ਹੋਣ ਵਾਲਾ ਮਾਮਲਾ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ। ਇਹ ਮਾਮਲਾ ਸਿੱਖ ਸੰਗਤ ਲਈ ਬਹੁਤ ਸੰਵੇਦਨਸ਼ੀਲ ਹੈ ਕਿਉਂਕਿ ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਉਂਦੇ ਗੁਰੂ ਵਜੋਂ ਮੰਨਿਆ ਜਾਂਦਾ ਹੈ ਪਰ ਇਹਨਾਂ ਸਰੂਪਾਂ ਦੇ ਗਾਇਬ ਹੋਣ ਨਾਲ ਸਿੱਖ ਕੌਮ ਵਿੱਚ ਰੋਸ ਪੈਦਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਹੈ, ਜਿਸ ਨੇ ਹੁਣ ਤੱਕ ਲਗਭਗ 50 ਤੋਂ 60 ਸਰੂਪਾਂ ਨੂੰ ਲੱਭ ਲਿਆ ਹੈ। ਇਹ ਸਰੂਪ ਡੇਰਿਆਂ ਅਤੇ ਘਰਾਂ ਵਿੱਚ ਮਿਲੇ ਹਨ, ਪਰ ਉਹਨਾਂ ਨੂੰ ਗੁਰ ਮਰਿਆਦਾ ਅਨੁਸਾਰ ਨਹੀਂ ਰੱਖਿਆ ਗਿਆ ਸੀ। ਸੂਤਰਾਂ ਅਨੁਸਾਰ, ਸਿਟ ਇਹਨਾਂ ਸਰੂਪਾਂ ਨੂੰ ਵਾਪਸ ਲਿਆਉਣ ਲਈ ਟੀਮਾਂ ਬੰਗਾ ਅਤੇ ਹੋਰ ਥਾਵਾਂ ਉੱਤੇ ਜਾਣਗੀਆਂ। ਇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਮਦਦ ਲਈ ਜਾਵੇਗੀ ਤਾਂ ਜੋ ਸਭ ਕੁਝ ਗੁਰ ਮਰਿਆਦਾ ਨਾਲ ਹੋਵੇ।

ਇਹ ਮਾਮਲਾ ਕਈ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਹੁਣ ਨਵੇਂ ਵਿਕਾਸ ਨਾਲ ਇਸ ਵਿੱਚ ਨਵਾਂ ਮੋੜ ਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਚਕਾਰ ਵੀ ਇਸ ਨਾਲ ਜੁੜੇ ਮੁੱਦੇ ਉੱਤੇ ਬਹਿਸ ਚੱਲ ਰਹੀ ਹੈ। ਇਸ ਤੋਂ ਇਲਾਵਾ, ਬਹਿਬਲ ਕਲਾਂ ਗੋਲੀਕਾਂਡ ਦੇ ਪੀੜਤ ਵੀ ਆਪਣੀ ਅਪੀਲ ਕਰ ਰਹੇ ਹਨ ਕਿ ਮੁੱਖ ਮੰਤਰੀ ਨੂੰ ਇਨਸਾਫ਼ ਵਿੱਚ ਦੇਰੀ ਬਾਰੇ ਜਵਾਬ ਦੇਣਾ ਚਾਹੀਦਾ ਹੈ।

ਮਾਮਲੇ ਦੀ ਸ਼ੁਰੂਆਤ ਅਤੇ ਪਿਛੋਕੜ

ਇਹ ਮਾਮਲਾ ਲਗਭਗ 7-8 ਸਾਲ ਪੁਰਾਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਗਾਇਬ ਹੋਣ ਦੀ ਖਬਰ ਉਦੋਂ ਸਾਹਮਣੇ ਆਈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਕਾਸ਼ਨ ਵਿਭਾਗ ਵਿੱਚ ਅੰਦਰੂਨੀ ਜਾਂਚ ਹੋਈ। ਇਹ ਵਿਭਾਗ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਛਾਪਣ ਅਤੇ ਵੰਡਣ ਦਾ ਕੰਮ ਕਰਦਾ ਹੈ। ਜਾਂਚ ਵਿੱਚ ਪਤਾ ਲੱਗਾ ਕਿ ਕਈ ਸਰੂਪ ਗਾਇਬ ਹਨ ਅਤੇ ਇਸ ਵਿੱਚ ਭ੍ਰਿਸ਼ਟਾਚਾਰ ਅਤੇ ਪੈਸੇ ਦੇ ਘਪਲੇ ਸ਼ਾਮਲ ਹਨ। ਇਹਨਾਂ ਸਰੂਪਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵੇਚਿਆ ਜਾਂ ਵੰਡਿਆ ਗਿਆ ਸੀ।

2020 ਵਿੱਚ, ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਰਿਪੋਰਟ ਵਿੱਚ 16 ਲੋਕਾਂ ਨੂੰ ਦੋਸ਼ੀ ਠਹਿਰਾਇਆ ਸੀ। ਇਹਨਾਂ ਵਿੱਚ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਕਰਮਚਾਰੀ ਸਨ। ਰਿਪੋਰਟ ਅਨੁਸਾਰ, ਇਹ ਲੋਕ ਪੈਸੇ ਲੈ ਕੇ ਸਰੂਪਾਂ ਨੂੰ ਗਲਤ ਥਾਵਾਂ ਉੱਤੇ ਭੇਜਦੇ ਸਨ। ਇਹਨਾਂ ਵਿੱਚੋਂ ਦੋ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕਈਆਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਹੈ। ਪਰ ਉਸ ਵੇਲੇ ਕਮੇਟੀ ਨੇ ਸਰੂਪਾਂ ਨੂੰ ਲੱਭਣ ਲਈ ਵੱਡੀ ਕਾਰਵਾਈ ਨਹੀਂ ਕੀਤੀ। ਇਸ ਕਾਰਨ ਸਿੱਖ ਜਥੇਬੰਦੀਆਂ ਅਤੇ ਸੰਗਤ ਵਿੱਚ ਰੋਸ ਵਧਦਾ ਗਿਆ। ਲੋਕਾਂ ਨੇ ਮੰਗ ਕੀਤੀ ਕਿ ਗਾਇਬ ਸਰੂਪਾਂ ਨੂੰ ਲੱਭਿਆ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ।

ਪਿਛਲੇ ਕੁਝ ਸਾਲਾਂ ਵਿੱਚ ਇਹ ਮਾਮਲਾ ਕਈ ਵਾਰ ਚਰਚਾ ਵਿੱਚ ਆਇਆ ਹੈ। ਸਿੱਖ ਜਥੇਬੰਦੀਆਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਸਨ ਅਤੇ ਅਕਾਲ ਤਖ਼ਤ ਸਾਹਿਬ ਉੱਤੇ ਅਪੀਲ ਕੀਤੀ। ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦਾ ਸਭ ਤੋਂ ਉੱਚਾ ਅਦਾਰਾ ਹੈ ਅਤੇ ਇਥੋਂ ਹੀ ਧਾਰਮਿਕ ਫੈਸਲੇ ਲਏ ਜਾਂਦੇ ਹਨ। ਜਥੇਦਾਰ ਇਸ ਅਦਾਰੇ ਦਾ ਮੁਖੀ ਹੁੰਦਾ ਹੈ ਅਤੇ ਉਸ ਦੇ ਆਦੇਸ਼ਾਂ ਨੂੰ ਸਿੱਖ ਕੌਮ ਮੰਨਦੀ ਹੈ। ਪਰ ਸ਼ੁਰੂ ਵਿੱਚ ਅੰਦਰੂਨੀ ਜਾਂਚ ਨਾਲ ਕੋਈ ਵੱਡਾ ਨਤੀਜਾ ਨਹੀਂ ਨਿਕਲਿਆ। ਇਸ ਲਈ ਪੰਜਾਬ ਹਾਈਕੋਰਟ ਨੇ ਵੀ ਇਸ ਮਾਮਲੇ ਵਿੱਚ ਦਖਲ ਦਿੱਤਾ ਅਤੇ ਜਾਂਚ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਹਾਈਕੋਰਟ ਨੇ ਕਿਹਾ ਕਿ ਇਹ ਮਾਮਲਾ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੈ ਅਤੇ ਇਸ ਨੂੰ ਜਲਦੀ ਹੱਲ ਕੀਤਾ ਜਾਵੇ।

(ਬਾਕੀ ਸਫ਼ਾ 26 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਨਿਊਜ਼ੀਲੈਂਡ 'ਚ ਨਗਰ ਕੀਰਤਨ ਦਾ ਨਸਲਵਾਦੀਆਂ ਵੱਲੋਂ ਫਿਰ ਵਿਰੋਧ ਕਿਉਂ ?

## ਸਿੱਖ ਭਾਈਚਾਰੇ ਨੂੰ ਕੀ ਨੀਤੀ ਅਪਨਾਉਣ ਦੀ ਲੋੜ ?

ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਵੱਲੋਂ ਸਜਾਏ ਜਾਂਦੇ ਨਗਰ ਕੀਰਤਨ ਨੂੰ ਇੱਕ ਵਾਰ ਫਿਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਹ ਘਟਨਾ 11 ਜਨਵਰੀ 2026 ਨੂੰ ਟੌਰੰਗਾ ਸ਼ਹਿਰ ਵਿੱਚ ਵਾਪਰੀ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਮੌਕੇ ਨਗਰ ਕੀਰਤਨ ਸਜਾਇਆ ਗਿਆ ਸੀ। ਇਸ ਵਿੱਚ ਸਿੱਖ ਸੰਗਤ ਨੇ ਸ਼ਾਂਤੀ ਨਾਲ ਭਾਗ ਲਿਆ, ਪਰ ਕੁਝ ਸਥਾਨਕ ਲੋਕਾਂ ਨੇ ਵਿਰੋਧ ਕੀਤਾ। ਉਨ੍ਹਾਂ ਨੇ ਮਾਓਰੀ ਹਾਕਾ ਡਾਂਸ ਕੀਤਾ ਅਤੇ ਨਾਅਰੇ ਲਗਾਏ ਕਿ 'ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ'। ਇਹ ਵਿਰੋਧ ਡੈਸਟਿਨੀ ਚਰਚ ਨਾਲ ਜੁੜੇ ਲੋਕਾਂ ਵੱਲੋਂ ਕੀਤਾ ਗਿਆ ਸੀ, ਜਿਸ ਦਾ ਲੀਡਰ ਬ੍ਰਾਇਨ ਤਮਾਕੀ ਹੈ। ਪੁਲਿਸ ਨੇ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਸਨ, ਜਿਸ ਕਰਕੇ ਨਗਰ ਕੀਰਤਨ ਸ਼ਾਂਤੀ ਨਾਲ ਸੰਪੂਰਨ ਹੋ ਗਿਆ। ਪਰ ਇਹ ਘਟਨਾ ਸਿੱਖ ਭਾਈਚਾਰੇ ਲਈ ਚਿੰਤਾ ਵਧਾ ਰਹੀ ਹੈ, ਕਿਉਂਕਿ ਤਿੰਨ ਹਫ਼ਤਿਆਂ ਵਿੱਚ ਇਹ ਦੂਜੀ ਵਾਰ ਵਾਪਰੀ ਹੈ।

ਇਥੇ ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਵੱਸ ਰਿਹਾ ਹੈ ਅਤੇ ਉੱਥੇ ਦੇ ਵਿਕਾਸ ਵਿੱਚ ਯੋਗਦਾਨ ਪਾ ਰਿਹਾ ਹੈ। ਉਹ ਟੈਕਸ ਭਰਦੇ ਹਨ, ਨੌਕਰੀਆਂ ਕਰਦੇ ਹਨ ਅਤੇ ਸਥਾਨਕ ਲੋਕਾਂ ਨਾਲ ਮਿਲ ਕੇ ਰਹਿੰਦੇ ਹਨ। ਫਿਰ ਵੀ, ਅਜਿਹੇ ਵਿਰੋਧ ਕਿਉਂ ਵਾਪਰ ਰਹੇ ਹਨ?



ਨਿਰਪੱਖ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨਸਲਵਾਦੀ ਗੋਰੇ ਨਿਊਜ਼ੀਲੈਂਡ ਦੇ ਸੱਭਿਆਚਾਰ ਨੂੰ ਬਚਾਉਣ ਦੇ ਨਾਂਅ 'ਤੇ ਨਸਲਵਾਦ ਕਰ ਰਹੇ ਹਨ। ਬ੍ਰਾਇਨ ਤਮਾਕੀ ਇੱਕ ਪੈਂਟੇਕੌਸਟਲ ਲੀਡਰ ਹੈ ਅਤੇ ਉਸ ਦੀ ਚਰਚ ਨੂੰ ਰਾਈਟ-ਵਿੰਗ ਮੰਨਿਆ ਜਾਂਦਾ ਹੈ। ਉਹ ਇਮੀਗ੍ਰੇਸ਼ਨ ਵਿਰੋਧੀ ਵਿਚਾਰ ਰੱਖਦੇ ਹਨ ਅਤੇ ਕਹਿੰਦੇ ਹਨ ਕਿ ਵਿਦੇਸ਼ੀ ਲੋਕ ਨਿਊਜ਼ੀਲੈਂਡ ਦਾ ਕਲਚਰ ਬਦਲ ਰਹੇ ਹਨ। ਪਰ ਸਿੱਖ ਭਾਈਚਾਰੇ ਨੇ ਹਮੇਸ਼ਾ ਸ਼ਾਂਤੀ ਨਾਲ ਰਹਿ ਕੇ ਯੋਗਦਾਨ ਪਾਇਆ ਹੈ, ਫਿਰ ਵੀ ਅਜਿਹੇ ਨਸਲੀ ਤੇ ਨਫਰਤੀ ਵਿਰੋਧ ਵਧ ਰਹੇ ਹਨ।

ਪੰਥਕ ਵਿਚਾਰਵਾਨਾਂ ਦਾ ਕਹਿਣਾ ਹੈ ਕਿ ਨਿਊਜੀਲੈਂਡ ਦੇ ਸਿੱਖਾਂ ਨੂੰ ਸ਼ਾਂਤੀ ਅਤੇ ਸੰਜਮ ਬਣਾਕੇ ਰੱਖਣ ਦੀ ਲੋੜ ਹੈ ਤੇ ਪੁਲਿਸ ਦੀ ਸਹਾਇਤਾ ਲੈਣ ਦੀ ਲੋੜ ਹੈ । ਸਿਖਾਂ ਦੇ ਸਥਾਨਕ ਲੋਕਾਂ ਨਾਲ ਰਿਸ਼ਤੇ ਵਧੀਆ ਹੋਣੇ ਚਾਹੀਦੇ ਹਨ, ਉਨ੍ਹਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਲੰਗਰ ਅਤੇ ਸੇਵਾ ਰਾਹੀਂ ਏਕਤਾ ਵਧਾਈ ਜਾਵੇ। ਜੇਕਰ ਵਿਰੋਧ ਹੋਵੇ ਤਾਂ ਲੀਗਲ ਐਕਸ਼ਨ ਲਿਆ ਜਾਵੇ, ਹਿਊਮਨ ਰਾਈਟਸ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਜਾਵੇ। ਭਾਰਤ ਅਤੇ ਸਥਾਨਕ ਸਰਕਾਰਾਂ ਨੂੰ ਅਪੀਲ ਕੀਤੀ ਜਾਵੇ। ਆਨਲਾਈਨ ਨਫ਼ਰਤ ਨੂੰ ਰੋਕਣ ਲਈ ਕੈਂਪੇਨ ਚਲਾਉਣ ਦੀ ਲੋੜ ਹੈ। ਸਿੱਖ ਯੂਥ ਨੂੰ ਚੌਕਸ ਰਖਿਆ ਜਾਵੇ ਅਤੇ ਆਪਣੀ ਪਛਾਣ , ਧਰਮ , ਕਲਚਰ ਤੇ ਮਾਣ ਕੀਤਾ ਜਾਵੇ। ਇਸ ਤਰ੍ਹਾਂ ਨਸਲਵਾਦ ਨੂੰ ਚੁਣੌਤੀ ਦੇਕੇ ਸਿੱਖ ਭਾਈਚਾਰਾ ਮਜ਼ਬੂਤ ਬਣ ਸਕਦਾ ਹੈ।

ਨਿਊਜ਼ੀਲੈਂਡ ਵਿੱਚ ਸਿੱਖਾਂ ਨੇ ਖੇਤੀ, ਵਪਾਰ ਅਤੇ ਸੇਵਾ ਵਿੱਚ ਯੋਗਦਾਨ ਪਾਇਆ ਹੈ। ਉਹ ਕੀਵੀ (ਨਿਊਜ਼ੀਲੈਂਡ ਵਾਸੀ) ਵੀ ਹਨ ਅਤੇ ਆਪਣੇ ਅਧਿਕਾਰਾਂ ਲਈ ਲੜਨਗੇ। ਗੁਰਦੁਆਰਾ ਪ੍ਰਬੰਧਕ ਪੂਰਨ ਸਿੰਘ ਨੇ ਕਿਹਾ ਕਿ ਇਹ 12ਵਾਂ ਨਗਰ ਕੀਰਤਨ ਸੀ ਅਤੇ ਇਹ ਵੱਡੇ ਪੱਧਰ 'ਤੇ ਹੁੰਦਾ ਹੈ। ਇਸ ਵਿੱਚ ਇਮੀਗ੍ਰੇਸ਼ਨ ਸਲਾਹ, ਹੈਲਥ ਕੈਂਪ ਅਤੇ ਹੋਰ ਲਾਭ ਦਿਤੇ ਜਾਂਦੇ ਜਾਂਦੇ ਹਨ। ਇਹ ਨਾ ਕੇਵਲ ਧਾਰਮਿਕ ਹੈ, ਬਲਕਿ ਭਾਈਚਾਰਕ ਵੀ ਹੈ। ਪੂਰਨ ਸਿੰਘ ਨੇ ਆਨਲਾਈਨ ਅਫ਼ਵਾਹਾਂ ਤੋਂ ਬਚਣ ਦੀ ਅਪੀਲ ਕੀਤੀ।

ਨਿਊਜ਼ੀਲੈਂਡ ਵਿੱਚ ਨਸਲਵਾਦ ਦਾ ਇਤਿਹਾਸ ਵੀ ਹੈ। ਮਾਓਰੀ ਲੋਕ ਆਪਣੇ ਅਧਿਕਾਰਾਂ ਲਈ ਲੜੇ ਹਨ ਅਤੇ ਕਈ ਵਾਰ ਵਿਦੇਸ਼ੀਆਂ ਵਿਰੁੱਧ ਵਿਰੋਧ ਕਰਦੇ ਹਨ। ਪਰ ਡੈਸਟਿਨੀ ਚਰਚ ਵਰਗੇ ਗਰੁੱਪ ਇਸ ਨੂੰ ਗਲਤ ਤਰੀਕੇ ਨਾਲ ਵਰਤ ਰਹੇ ਹਨ। ਸਿੱਖਾਂ ਨੂੰ ਮਾਓਰੀ ਲੋਕਾਂ ਨਾਲ ਮਿਲ ਕੇ ਗੱਲ ਕਰਨੀ ਚਾਹੀਦੀ ਹੈ ਅਤੇ ਆਪਸੀ ਸਮਝ ਵਧਾਉਣੀ ਚਾਹੀਦੀ ਹੈ।

# ਕੀ 'ਆਪ' ਆਗੂ ਆਤਿਸ਼ੀ ਦੀ ਕਥਿਤ ਟਿੱਪਣੀ ਰਾਹੀਂ ਗੁਰੂ ਸਾਹਿਬਾਨ ਦਾ ਅਪਮਾਨ ਹੋਇਆ ?

## ਕੀ ਹੈ ਹਕੀਕਤ ? ਕਿਉ ਗਰਮਾਈ ਸਿਆਸਤ, ਦਿੱਲੀ ਵਿਧਾਨ ਸਭਾ ਦੇ ਸਪੀਕਰ ਨੇ ਪੰਜਾਬ ਪੁਲਿਸ ਨੂੰ ਕਿਉਂ ਭੇਜਿਆ ਨੋਟਿਸ

## ਪੰਥਕ ਧਿਰਾਂ ਤੇ ਸਿਆਸੀ ਆਗੂਆਂ ਨੇ 'ਆਪ' ਨੂੰ ਕਿਉਂ ਘੇਰਿਆ ?

ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਵਿਰੋਧੀ ਧਿਰ ਦੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਕਥਿਤ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਵਿਵਾਦਤ ਟਿੱਪਣੀ ਨੇ ਨਾ ਸਿਰਫ਼ ਦਿੱਲੀ ਬਲਕਿ ਪੰਜਾਬ ਵਿੱਚ ਵੀ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਇਹ ਮਾਮਲਾ 6 ਜਨਵਰੀ ਨੂੰ ਸ਼ੁਰੂ ਹੋਇਆ ਅਤੇ ਹੁਣ ਇਸ ਨੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕਰਨ ਤੱਕ ਪਹੁੰਚ ਗਿਆ ਹੈ। ਵਿਰੋਧੀ ਪਾਰਟੀਆਂ ਜਿਵੇਂ ਭਾਰਤੀ ਜਨਤਾ ਪਾਰਟੀ (ਭਾਜਪਾ), ਸ਼੍ਰੋਮਣੀ ਅਕਾਲੀ ਦਲ (ਬਾਦਲ ਦਲ), ਕਾਂਗਰਸ ਅਤੇ ਪੰਥਕ ਆਗੂ ਇਸ ਨੂੰ ਗੁਰੂ ਸਾਹਿਬਾਨ ਦਾ ਅਪਮਾਨ ਦੱਸ ਰਹੇ ਹਨ, ਜਦਕਿ 'ਆਪ' ਨੇ ਇਸ ਨੂੰ ਭਾਜਪਾ ਦੀ ਸਾਜਿਸ਼ ਅਤੇ ਫੇਕ ਵੀਡੀਓ ਨਾਲ ਜੋੜ ਕੇ ਖਾਰਜ ਕੀਤਾ ਹੈ।

ਇਹ ਵਿਵਾਦ ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦੌਰਾਨ 6 ਜਨਵਰੀ 2026 ਨੂੰ ਸ਼ੁਰੂ ਹੋਇਆ ਸੀ। ਵਿਧਾਨ ਸਭਾ ਦੇ ਫੇਸਬੁੱਕ ਪੇਜ ਉੱਤੇ ਲਾਈਵ ਪ੍ਰਸਾਰਣ ਅਨੁਸਾਰ, ਸਪੀਕਰ ਵਿਜੇਂਦਰ ਗੁਪਤਾ ਨੇ ਰਾਜਪਾਲ ਦੇ ਭਾਸ਼ਣ ਉੱਤੇ ਧੰਨਵਾਦ ਭਾਸ਼ਣ ਦੇਣ ਦਾ ਐਲਾਨ ਕੀਤਾ ਸੀ। ਇਸ ਦੌਰਾਨ ਆਪ ਵੱਲੋਂ ਪ੍ਰਦੂਸ਼ਣ ਦੇ ਮੁੱਦੇ ਉੱਤੇ ਚਰਚਾ ਦੀ ਮੰਗ ਕੀਤੀ ਗਈ। ਇਸ ਨੂੰ ਲੈ ਕੇ ਸਦਨ ਵਿੱਚ ਬਹਿਸ ਸ਼ੁਰੂ ਹੋ ਗਈ ਅਤੇ ਸਪੀਕਰ ਨੇ ਕਿਹਾ ਕਿ ਚਰਚਾ ਅਗਲੇ ਦਿਨ ਹੋਵੇਗੀ।

ਇਸੇ ਵਿਚਕਾਰ ਭਾਜਪਾ ਆਗੂ ਅਤੇ ਦਿੱਲੀ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਆਤਿਸ਼ੀ ਉਪਰ ਗੁਰੂਆਂ ਬਾਰੇ ਅਜਿਹੇ ਸ਼ਬਦ ਵਰਤਣ ਦਾ ਇਲਜ਼ਾਮ ਲਾਇਆ ਜੋ ਅਪਮਾਨਜਨਕ ਸਨ। ਹਾਲਾਂਕਿ ਲਾਈਵ ਪ੍ਰਸਾਰਣ ਵਿੱਚ ਆਵਾਜ਼ ਸਪਸ਼ਟ ਨਹੀਂ ਸੀ ਅਤੇ ਮਾਈਕ ਬੰਦ ਜਾਪਦੇ ਸਨ। ਆਤਿਸ਼ੀ ਅਤੇ ਸਿਰਸਾ ਆਪਣੀਆਂ ਸੀਟਾਂ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ। ਇਸ ਨੇ ਸਦਨ ਵਿੱਚ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਕਾਰਵਾਈ ਮੁਅੱਤਲ ਕਰਨੀ ਪਈ।




ਭਾਜਪਾ ਨੇ ਦਾਅਵਾ ਕੀਤਾ ਕਿ ਆਤਿਸ਼ੀ ਨੇ ਗੁਰੂ ਤੇਗ ਬਹਾਦਰ ਜੀ ਦਾ ਜ਼ਿਕਰ ਕਰਦਿਆਂ ਅਜਿਹੇ ਸ਼ਬਦ ਵਰਤੇ ਜੋ ਅਪਮਾਨਜਨਕ ਹਨ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਮਨਜਿੰਦਰ ਸਿਰਸਾ ਨੇ ਆਪਣੇ ਐਕਸ ਅਕਾਊਂਟ ਉੱਤੇ ਵਿਧਾਨ ਸਭਾ ਕਾਰਵਾਈ ਦੀ ਵੀਡੀਓ ਪਾ ਕੇ ਇਲਜ਼ਾਮ ਲਾਏ ਅਤੇ ਕਿਹਾ, 'ਆਤਿਸ਼ੀ ਨੇ ਗੁਰੂ ਤੇਗ ਬਹਾਦਰ ਬਾਰੇ ਬਹੁਤ ਅਪਮਾਨਜਨਕ ਭਾਸ਼ਾ ਵਰਤੀ ਹੈ, ਜੋ ਅੱਜ ਤੱਕ ਕਦੇ ਨਹੀਂ ਵਰਤੀ ਗਈ।' ਉਨ੍ਹਾਂ ਨੇ ਸਪੀਕਰ ਨੂੰ ਪੱਤਰ ਲਿਖ ਕੇ ਆਤਿਸ਼ੀ ਖ਼ਿਲਾਫ਼ ਕੇਸ ਦਰਜ ਕਰਨ, ਮੈਂਬਰਸ਼ਿਪ ਰੱਦ ਕਰਨ ਅਤੇ ਜੇਲ੍ਹ ਭੇਜਣ ਦੀ ਮੰਗ ਕੀਤੀ।

ਹਾਲਾਂਕਿ ਆਤਿਸ਼ੀ ਨੇ ਇਨ੍ਹਾਂ ਇਲਜ਼ਾਮਾਂ ਨੂੰ ਪੂਰੀ ਤਰ੍ਹਾਂ ਖਾਰਜ ਕੀਤਾ। ਉਨ੍ਹਾਂ ਨੇ ਐਕਸ ਉੱਤੇ ਵੀਡੀਓ ਪਾ ਕੇ ਲਿਖਿਆ ਕਿ ਉਹ ਪ੍ਰਦੂਸ਼ਣ ਅਤੇ ਆਵਾਰਾ ਕੁੱਤਿਆਂ ਦੇ ਮੁੱਦੇ 'ਤੇ ਗੱਲ ਕਰ ਰਹੀ ਸੀ। ਵੀਡੀਓ ਵਿੱਚ, ਮੈਂ ਭਾਜਪਾ ਵੱਲੋਂ ਪ੍ਰਦੂਸ਼ਣ 'ਤੇ ਚਰਚਾ ਕਰਨ ਤੋਂ ਬਚਣ ਅਤੇ ਅਵਾਰਾ ਕੁੱਤਿਆਂ ਦੇ ਮੁੱਦੇ 'ਤੇ ਹੋਏ ਪ੍ਰਦਰਸ਼ਨ ਦੀ ਗੱਲ ਕੀਤੀ ਸੀ 'ਤਾਂ, ਤੁਸੀਂ ਕਰੋ ਨਾ ਚਰਚਾ ਕਿਉਂ ਸਵੇਰ ਤੋਂ ਭੱਜ ਰਹੇ ਹੋ, ਤੁਸੀਂ ਕਹਿ ਰਹੇ ਹੋ, ਕੁੱਤਿਆਂ ਦਾ ਸਤਿਕਾਰ ਕਰੋ !' ਉਨ੍ਹਾਂ ਨੇ ਭਾਜਪਾ ਉੱਤੇ ਨਫ਼ਰਤ ਫੈਲਾਉਣ ਅਤੇ ਗੁਰੂ ਜੀ ਦਾ ਨਾਮ ਝੂਠੇ ਢੰਗ ਨਾਲ ਖਿੱਚਣ ਦਾ ਇਲਜ਼ਾਮ ਲਾਇਆ। ਆਤਿਸ਼ੀ ਨੇ ਕਿਹਾ, 'ਮੈਂ ਇੱਕ ਅਜਿਹੇ ਪਰਿਵਾਰ ਤੋਂ ਹਾਂ ਜਿੱਥੇ ਪੀੜ੍ਹੀਆਂ ਤੋਂ ਵੱਡੇ ਪੁੱਤਰ ਨੇ ਸਿੱਖ ਧਰਮ ਅਪਣਾਇਆ ਹੈ। ਮੈਂ ਆਪਣੀ ਜਾਨ ਦੇ ਸਕਦੀ ਹਾਂ ਪਰ ਮੈਂ ਗੁਰੂ ਸਾਹਿਬ ਦਾ ਅਪਮਾਨ ਨਹੀਂ ਕਰ ਸਕਦੀ।'

**ਇਸ ਵਿਵਾਦ ਨੇ ਜਲਦੀ ਹੀ ਪੰਜਾਬ ਵਿੱਚ ਪੈਰ ਪਸਾਰ ਲਏ।**

9 ਜਨਵਰੀ ਨੂੰ ਪੰਜਾਬ ਪੁਲਿਸ ਨੇ ਇਕਬਾਲ ਸਿੰਘ ਨਾਮ ਦੇ ਵਿਅਕਤੀ ਦੀ ਸ਼ਿਕਾਇਤ ਉੱਤੇ ਭਾਜਪਾ ਆਗੂ ਕਪਿਲ ਮਿਸ਼ਰਾ ਖ਼ਿਲਾਫ਼ ਐੱਫਆਈਆਰ ਦਰਜ ਕੀਤੀ।

(ਬਾਕੀ ਸਫ਼ਾ 26 'ਤੇ)

# ਕੀ ਮਜੀਠੀਆ ਨੂੰ ਜੇਲ੍ਹ ਵਿੱਚ ਖ਼ਤਰਾ ਹੈ, ਕੀ ਸੁਖਬੀਰ ਦੀ ਗ੍ਰਿਫ਼ਤਾਰੀ ਹੋਵੇਗੀ ?

## ਅਕਾਲੀ ਦਲ ਬਾਦਲ ਕਿਉਂ ਚਿੰਤਾ 'ਚ ਹੈ, 'ਆਪ' ਸਰਕਾਰ ਵਿਰੁੱਧ ਦੋਸ਼ ਕਿਉਂ ਲਗ ਰਹੇ ਹਨ ?

## ਰਾਜਨੀਤੀ 'ਤੇ ਅਸਰ ਹੋਵੇਗਾ, ਧਰੁਵੀਕਰਨ ਵਧੇਗਾ

ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਗਰਮੀ ਵਧ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਵਿੱਚ ਮਾਰਨ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੇ ਆਰੋਪਾਂ ਨੇ ਸੂਬੇ ਦੇ ਸਿਆਸੀ ਮਾਹੌਲ ਨੂੰ ਤੇਜ਼ ਕਰ ਦਿੱਤਾ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਉੱਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਆਪ ਨੇ ਅਕਾਲੀ ਦਲ ਦੀ ਵਧਦੀ ਤਾਕਤ ਨੂੰ ਵੇਖ ਕੇ ਇੱਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਹੈ, ਜਿਸ ਦਾ ਮਕਸਦ ਸੁਖਬੀਰ ਬਾਦਲ ਨੂੰ ਝੂਠੇ ਮਾਮਲੇ ਵਿੱਚ ਫਸਾਉਣਾ ਹੈ। ਇਸ ਦੇ ਨਾਲ ਹੀ, ਮਜੀਠੀਆ ਨੂੰ ਜੇਲ੍ਹ ਵਿੱਚ ਖਤਮ ਕਰਨ ਦੀ ਸਾਜ਼ਿਸ਼ ਦੇ ਆਰੋਪ ਵੀ ਲਗਾਏ ਜਾ ਰਹੇ ਹਨ।

ਹਰਸਿਮਰਤ ਕੌਰ ਬਾਦਲ ਨੇ ਆਪ ਸਰਕਾਰ ਉੱਤੇ ਤਿੱਖੇ ਨਿਸ਼ਾਨੇ ਵਿੰਨ੍ਹੇ ਹਨ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐੱਕਸ ਉੱਤੇ ਇੱਕ ਪੋਸਟ ਵਿੱਚ ਲਿਖਿਆ ਕਿ ਅਕਾਲੀ ਦਲ ਦੀ ਵਧਦੀ ਤਾਕਤ ਨੂੰ ਵੇਖ ਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸਰਕਾਰ ਬੌਖਲਾ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਗੁੰਮ ਹੋਣ ਦੀ ਜਾਂਚ ਦੇ ਨਾਂਅ ਹੇਠ ਐੱਸਆਈਟੀ ਬਣਾਈ ਗਈ ਹੈ, ਪਰ ਇਸ ਦਾ ਅਸਲ ਮਕਸਦ ਸੁਖਬੀਰ ਬਾਦਲ ਨੂੰ ਝੂਠੇ ਕੇਸ ਵਿੱਚ ਫਸਾਉਣਾ ਹੈ। ਉਨ੍ਹਾਂ ਨੇ ਐੱਸਆਈਟੀ ਦੇ ਮੈਂਬਰਾਂ ਨੂੰ ਵੀ ਨਿਸ਼ਾਨੇ ਬਣਾਇਆ ਅਤੇ ਕਿਹਾ ਕਿ ਇਨ੍ਹਾਂ ਵਿੱਚ ਉਹ ਅਧਿਕਾਰੀ ਸ਼ਾਮਲ ਹਨ ਜੋ 'ਆਪ' ਦੇ ਪਿਆਦੇ ਹਨ ਅਤੇ ਅਕਾਲੀ ਨੇਤਾਵਾਂ ਨਾਲ ਨਿੱਜੀ ਰੰਜਿਸ਼ ਰੱਖਦੇ ਹਨ।



ਐੱਸਆਈਟੀ ਦੇ ਮੈਂਬਰਾਂ ਬਾਰੇ ਹਰਸਿਮਰਤ ਨੇ ਵਿਸਥਾਰ ਨਾਲ ਲਿਖਿਆ। ਪਹਿਲਾ ਨਾਂਅ ਹੈ ਅੰਮ੍ਰਿਤਸਰ ਦੇ ਸੀਪੀ ਗੁਰਪ੍ਰੀਤ ਸਿੰਘ ਭੁੱਲਰ ਦਾ। ਉਨ੍ਹਾਂ ਨੇ ਕਿਹਾ ਕਿ ਜਦੋਂ ਸ੍ਰੀ ਦਰਬਾਰ ਸਾਹਿਬ ਵਿੱਚ ਸੁਖਬੀਰ ਬਾਦਲ ਉੱਤੇ ਹਮਲੇ ਦੀ ਕੋਸ਼ਿਸ਼ ਹੋਈ ਸੀ, ਤਾਂ ਭੁੱਲਰ ਨੇ ਛੇ ਘੰਟੇ ਤੱਕ ਐੱਫਆਈਆਰ ਵੀ ਨਹੀਂ ਦਰਜ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਹਮਲਾ ਸੁਖਬੀਰ ਨੇ ਖੁਦ ਕਰਵਾਇਆ ਹੋ ਸਕਦਾ ਹੈ। ਦੂਜਾ ਮੈਂਬਰ ਐੱਸਪੀ ਹਰਪਾਲ ਸਿੰਘ ਹੈ, ਜਿਸ ਨੇ ਕਥਿਤ ਤੌਰ ਉੱਤੇ ਹਮਲਾਵਰ ਨੂੰ ਰੇਕੀ ਵਿੱਚ ਮਦਦ ਕੀਤੀ ਸੀ। ਤੀਜਾ ਐੱਸਪੀ ਗੁਰਬੰਸ ਸਿੰਘ ਬੈਂਸ ਹੈ, ਜੋ ਅਕਾਲੀ ਸਰਕਾਰ ਵੇਲੇ ਭ੍ਰਿਸ਼ਟਾਚਾਰ ਵਿੱਚ ਸਜ਼ਾ ਪਾ ਚੁੱਕੇ ਹਨ ਅਤੇ ਮਜੀਠੀਆ ਵਿਰੁੱਧ ਝੂਠੇ ਕੇਸ ਵਿੱਚ ਵੀ ਸ਼ਾਮਲ ਹਨ। ਚੌਥਾ ਡੀਐੱਸਪੀ ਬੇਅੰਤ ਜੁਨੇਜਾ ਹੈ, ਜੋ 'ਆਪ' ਨੇਤਾ ਦਾ ਭਰਾ ਹੈ। ਇਸ ਤੋਂ ਇਲਾਵਾ, 'ਆਪ' ਨੇ ਹੋਰ ਅਧਿਕਾਰੀਆਂ ਨੂੰ ਵੀ ਅਕਾਲੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਲਈ ਤਾਇਨਾਤ ਕੀਤਾ ਹੈ। ਹਰਸਿਮਰਤ ਨੇ ਕਿਹਾ ਕਿ ਇਹ ਸਭ ਅਕਾਲੀ ਦਲ ਦੀ ਵਧਦੀ ਤਾਕਤ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਭਗਵੰਤ ਮਾਨ ਨੂੰ ਚਿਤਾਵਨੀ ਦਿੱਤੀ ਕਿ ਸੁਖਬੀਰ ਬਾਦਲ ਅਜਿਹੀਆਂ ਧਮਕੀਆਂ ਨਾਲ ਨਹੀਂ ਡਰਨ ਵਾਲੇ। 'ਆਪ' ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਐੱਸਆਈਟੀ ਕਾਨੂੰਨ ਅਨੁਸਾਰ ਬਣਾਈ ਗਈ ਹੈ ਅਤੇ ਜਾਂਚ ਨਿਰਪੱਖ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ ਨੇਤਾ ਝੂਠੇ ਦੋਸ਼ ਲਗਾ ਰਹੇ ਹਨ ਅਤੇ ਸਰਕਾਰ ਨੇ ਕੋਈ ਸੁਖਬੀਰ ਸਿੰਘ ਬਾਦਲ ਵਿਰੁੱਧ ਕਾਰਵਾਈ ਨਹੀਂ ਕੀਤੀ।

# ਪੰਜਾਬੀ ਨੌਜਵਾਨਾਂ ਵਿੱਚ ਟਰੈਕਟਰ ਸ਼ਿੰਗਾਰਨ ਦਾ ਰੁਝਾਨ ਕਿਉਂ ਵਧਿਆ ?

## ਲੱਖਾਂ ਰੁਪਏ ਖ਼ਰਚ ਕਰਕੇ ਟਰੈਕਟਰਾਂ ਨੂੰ ਸ਼ਿੰਗਾਰ ਰਹੇ ਹਨ ਪੰਜਾਬੀ



ਪੰਜਾਬ ਵਿੱਚ ਖੇਤਾਂ ਦਾ ਰਾਜਾ ਕਹੇ ਜਾਣ ਵਾਲੇ ਟਰੈਕਟਰ ਨੂੰ ਹੁਣ ਨੌਜਵਾਨ ਪੀੜੀ ਨੇ ਆਪਣੇ ਸ਼ੌਕ ਦਾ ਹਿੱਸਾ ਬਣਾ ਲਿਆ ਹੈ। ਇੱਕ ਪਾਸੇ ਇਹ ਰੁਝਾਨ ਪੰਜਾਬੀ ਸੱਭਿਆਚਾਰ ਅਤੇ ਰੁਤਬੇ ਨੂੰ ਦਰਸਾਉਂਦਾ ਹੈ, ਤਾਂ ਦੂਜੇ ਪਾਸੇ ਲੱਖਾਂ ਰੁਪਏ ਖਰਚ ਕਰਕੇ ਟਰੈਕਟਰਾਂ ਨੂੰ ਸ਼ਿੰਗਾਰਨ ਨਾਲ ਜੁੜੀਆਂ ਸੜਕੀ ਸੁਰੱਖਿਆ ਦੀਆਂ ਚਿੰਤਾਵਾਂ ਵੀ ਵਧ ਰਹੀਆਂ ਹਨ। ਪੰਜਾਬ ਵਿੱਚ ਟਰੈਕਟਰਾਂ ਨੂੰ ਮੋਡੀਫਾਈ ਕਰਨ ਦਾ ਇਹ ਸ਼ੌਕ ਨੌਜਵਾਨਾਂ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ, ਜਿੱਥੇ ਉਹ ਆਪਣੇ ਟਰੈਕਟਰਾਂ ਨੂੰ ਲਗਜ਼ਰੀ ਗੱਡੀਆਂ ਵਾਂਗ ਸਜਾਉਂਦੇ ਹਨ। ਪਰ ਇਸ ਨਾਲ ਜੁੜੀਆਂ ਆਲੋਚਨਾਵਾਂ ਵੀ ਘੱਟ ਨਹੀਂ ਹਨ। ਬਹੁਤ ਸਾਰੇ ਪੰਜਾਬੀ ਨੌਜਵਾਨ ਇਸ ਨੂੰ ਆਪਣੀ ਪਛਾਣ ਅਤੇ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਦਾ ਜ਼ਰੀਆ ਮੰਨਦੇ ਹਨ, ਪਰ ਮਾਹਿਰ ਇਸ ਨੂੰ ਖਤਰਨਾਕ ਅਤੇ ਬੇਲੋੜਾ ਖਰਚਾ ਕਹਿੰਦੇ ਹਨ।

**ਟਰੈਕਟਰ ਸ਼ਿੰਗਾਰਨ ਦਾ ਵਧ ਕਿਉਂ ਰਿਹਾ ਹੈ ਰੁਝਾਨ**

ਪੰਜਾਬ ਵਿੱਚ ਟਰੈਕਟਰ ਨੂੰ ਸਿਰਫ਼ ਖੇਤੀ ਦਾ ਸੰਦ ਨਹੀਂ ਮੰਨਿਆ ਜਾਂਦਾ, ਬਲਕਿ ਇਹ ਕਿਸਾਨ ਪਰਿਵਾਰਾਂ ਲਈ ਰੁਤਬੇ ਅਤੇ ਸ਼ਾਨ ਦਾ ਪ੍ਰਤੀਕ ਵੀ ਹੈ। ਅੱਜ-ਕੱਲ੍ਹ ਨੌਜਵਾਨ ਪੀੜੀ ਟਰੈਕਟਰਾਂ ਨੂੰ ਸ਼ਿੰਗਾਰਨ ਦੇ ਨਾਂਅ 'ਤੇ ਮੋਡੀਫਾਈ ਕਰਨ ਵਿੱਚ ਲੱਗੀ ਹੋਈ ਹੈ। ਇਸ ਵਿੱਚ ਲੇਜ਼ਰ ਕਟਿੰਗ ਨਾਲ ਬਣੇ ਹੈਵੀ ਬੰਪਰ, ਸੁਰੱਖਿਆ ਫਰੇਮ, ਸਾਈਡ ਰੇਲਿੰਗਾਂ ਅਤੇ ਗਾਰਡ ਲਗਾਏ ਜਾਂਦੇ ਹਨ। ਨਾਲ ਹੀ ਵੱਡੇ ਟਾਇਰ, ਅਲੋਏ ਰਿੰਮ, ਚੇਨ ਕਵਰ ਅਤੇ ਮਿੱਟੀ ਰੋਕਣ ਵਾਲੇ ਫਲੈਪ ਵੀ ਸ਼ਾਮਲ ਹੁੰਦੇ ਹਨ। ਟਰੈਕਟਰ ਨੂੰ ਹੋਰ ਆਕਰਸ਼ਕ ਬਣਾਉਣ ਲਈ ਐਲਈਡੀ ਲਾਈਟਾਂ, ਮਲਟੀ-ਕਲਰ ਫਲੈਸ਼ ਲਾਈਟਾਂ ਅਤੇ ਵੱਡੇ ਸਪੀਕਰ ਵਾਲੇ ਮਿਊਜ਼ਿਕ ਸਿਸਟਮ ਲਗਾਏ ਜਾਂਦੇ ਹਨ। ਕਈ ਨੌਜਵਾਨ ਤਾਂ ਡੀਜੇ ਵਾਂਗ ਸੈਟਅੱਪ ਵੀ ਬਣਵਾਉਂਦੇ ਹਨ, ਜਿਸ ਵਿੱਚ ਸਬ-ਵੂਫਰ, ਐਂਪਲੀਫਾਇਰ ਅਤੇ ਮਾਈਕ ਸ਼ਾਮਲ ਹੁੰਦੇ ਹਨ।

ਮਨੋਵਿਗਿਆਨੀ ਮਾਹਿਰਾਂ ਅਨੁਸਾਰ, ਨੌਜਵਾਨਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ, ਰੁਤਬਾ ਦਿਖਾਉਣ ਅਤੇ ਸੋਸ਼ਲ ਮੀਡੀਆ ਤੇ ਪ੍ਰਸਿੱਧੀ ਹਾਸਲ ਕਰਨ ਦੀ ਇੱਛਾ ਨਾਲ ਜੁੜਿਆ ਹੋਇਆ ਹੈ। ਇੰਸਟਾਗ੍ਰਾਮ ਅਤੇ ਯੂਟਿਊਬ ਤੇ ਵਾਇਰਲ ਵੀਡੀਓਜ਼ ਵਿੱਚ ਅਜਿਹੇ ਸ਼ਿੰਗਾਰੇ ਟਰੈਕਟਰਾਂ ਨੂੰ ਵੇਖ ਕੇ



ਨੌਜਵਾਨ ਪ੍ਰਭਾਵਿਤ ਹੁੰਦੇ ਹਨ। ਬਾਲੀਵੁੱਡ ਅਤੇ ਪਾਲੀਵੁੱਡ ਗੀਤਾਂ ਵਿੱਚ ਵੀ ਅਜਿਹੇ ਟਰੈਕਟਰਾਂ ਦੀ ਮੰਗ ਵਧੀ ਹੈ, ਜੋ ਨੌਜਵਾਨਾਂ ਨੂੰ ਹੋਰ ਪ੍ਰੇਰਿਤ ਕਰਦੀ ਹੈ। ਵਿਦੇਸ਼ ਵਿੱਚ ਵੱਸੇ ਪੰਜਾਬੀ ਨੌਜਵਾਨ ਵੀ ਆਪਣੇ ਟਰੈਕਟਰਾਂ ਨੂੰ ਸ਼ਿੰਗਾਰ ਕੇ ਬਰਾਤਾਂ ਲੈ ਜਾਂਦੇ ਹਨ, ਜੋ ਪੰਜਾਬੀ ਸ਼ਾਨ ਅਤੇ ਮਿੱਟੀ ਨਾਲ ਜੁੜਾਅ ਨੂੰ ਦਰਸਾਉਂਦਾ ਹੈ। ਪਰ ਇਹ ਸ਼ੌਕ ਟਰੈਕਟਰ ਦੇ ਮੂਲ ਉਦੇਸ਼ ਯਾਨੀ ਖੇਤੀ ਤੋਂ ਭਟਕਣ ਵੀ ਹੈ। ਪੰਜਾਬ ਵਿੱਚ ਕਿਸਾਨ ਵੱਡੇ ਅਤੇ ਸ਼ਕਤੀਸ਼ਾਲੀ ਟਰੈਕਟਰ ਖਰੀਦਣ ਵਿੱਚ ਮੋਹਰੀ ਹਨ, ਅਤੇ ਹੁਣ ਸਜਾਉਣ ਵਿੱਚ ਵੀ ਅੱਗੇ ਹਨ। ਕੁਦਰਤੀ ਆਫਤਾਂ ਅਤੇ ਕਿਸਾਨੀ ਅੰਦੋਲਨਾਂ ਵਿੱਚ ਟਰੈਕਟਰਾਂ ਨੇ ਸਮਾਜਿਕ ਜ਼ਿੰਮੇਵਾਰੀ ਨਿਭਾਈ ਹੈ, ਪਰ ਅੱਜ ਵਾਧੂ ਮੋਡੀਫਿਕੇਸ਼ਨ ਨੇ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਤਾਰੀਫ਼ਾਂ ਅਤੇ ਲਾਇਕਾਂ ਦੀ ਦੌੜ ਵਿੱਚ ਨੌਜਵਾਨ ਸੁਰੱਖਿਆ ਨੂੰ ਭੁੱਲ ਜਾਂਦੇ ਹਨ। ਇਹ ਰੁਝਾਨ ਪੰਜਾਬੀ ਨੌਜਵਾਨਾਂ ਵਿੱਚ ਸੋਸ਼ਲ ਮੀਡੀਆ ਦੇ ਪ੍ਰਭਾਵ ਕਰਕੇ ਵੀ ਵਧਿਆ ਹੈ, ਜਿੱਥੇ ਉਹ ਆਪਣੇ ਸ਼ਿੰਗਾਰੇ ਟਰੈਕਟਰਾਂ ਦੀਆਂ ਵੀਡੀਓਜ਼ ਅਪਲੋਡ ਕਰਕੇ ਪ੍ਰਸਿੱਧੀ ਹਾਸਲ ਕਰਦੇ ਹਨ। ਪਰ ਇਸ ਨਾਲ ਜੁੜੀਆਂ ਆਲੋਚਨਾਵਾਂ ਵੀ ਵਧ ਰਹੀਆਂ ਹਨ, ਕਿਉਂਕਿ ਇਹ ਬੇਲੋੜੇ ਖਰਚੇ ਅਤੇ ਖਤਰੇ ਨੂੰ ਵਧਾਉਂਦਾ ਹੈ।

**ਪੰਜਾਬੀ ਨੌਜਵਾਨਾਂ ਵੱਲੋਂ ਇਸ ਸ਼ੌਕ ਉਪਰ ਕੀਤਾ ਜਾਣ ਵਾਲਾ ਖਰਚਾ ਅਤੇ ਆਰਥਿਕ ਪ੍ਰਭਾਵ**



ਟਰੈਕਟਰ ਸ਼ਿੰਗਾਰਨ ਤੇ ਨੌਜਵਾਨ ਲੱਖਾਂ ਰੁਪਏ ਖਰਚ ਕਰ ਰਹੇ ਹਨ, ਜੋ ਉਨ੍ਹਾਂ ਦੇ ਆਰਥਿਕ ਹਾਲਾਤ ਤੇ ਅਸਰ ਪਾਉਂਦਾ ਹੈ। ਇੱਕ ਆਮ ਮੋਡੀਫਿਕੇਸ਼ਨ ਤੇ 1 ਤੋਂ 5 ਲੱਖ ਰੁਪਏ ਤੱਕ ਖਰਚਾ ਆ ਜਾਂਦਾ ਹੈ। ਜਿਵੇਂ ਕਿ ਹੈਵੀ ਬੰਪਰ ਅਤੇ ਗਾਰਡ ਲਗਾਉਣ ਤੇ 50 ਹਜ਼ਾਰ ਤੋਂ 1 ਲੱਖ, ਵੱਡੇ ਟਾਇਰ ਅਤੇ ਰਿੰਮ ਤੇ 1 ਤੋਂ 2 ਲੱਖ, ਅਤੇ ਮਿਊਜ਼ਿਕ ਸਿਸਟਮ ਤੇ 50 ਹਜ਼ਾਰ ਤੋਂ 2 ਲੱਖ ਰੁਪਏ ਖਰਚ ਹੁੰਦੇ ਹਨ। ਕਈ ਨੌਜਵਾਨ ਤਾਂ ਵਿਦੇਸ਼ ਤੋਂ ਆ ਕੇ ਆਪਣੇ ਟਰੈਕਟਰਾਂ ਨੂੰ ਸਜਾਉਂਦੇ ਹਨ ਅਤੇ ਬਰਾਤਾਂ ਲੈ ਜਾਂਦੇ ਹਨ, ਜਿਸ ਨਾਲ ਖਰਚਾ ਹੋਰ ਵਧ ਜਾਂਦਾ ਹੈ।

ਪੰਜਾਬ ਵਿੱਚ ਟਰੈਕਟਰਾਂ ਦੀ ਵਿਕਰੀ ਵੀ ਵਧ ਰਹੀ ਹੈ ਅਤੇ ਇਸ ਨਾਲ ਜੁੜੇ ਵਰਕਸ਼ਾਪਾਂ ਅਤੇ ਪਾਰਟਸ ਵਾਲੇ ਵਪਾਰ ਨੂੰ ਫਾਇਦਾ ਹੋ ਰਿਹਾ ਹੈ। ਪਰ ਇਹ ਖਰਚਾ ਨੌਜਵਾਨਾਂ ਨੂੰ ਕਰਜ਼ੇ ਵਿੱਚ ਧੱਕ ਰਿਹਾ ਹੈ, ਜਿੱਥੇ ਉਹ ਬੈਂਕਾਂ ਜਾਂ ਨਿੱਜੀ ਲੈਂਡਰਾਂ ਤੋਂ ਪੈਸੇ ਉਧਾਰ ਲੈਂਦੇ ਹਨ। ਆਰਥਿਕ ਮਾਹਿਰਾਂ ਅਨੁਸਾਰ, ਇਹ ਰੁਝਾਨ ਪੰਜਾਬ ਵਿੱਚ ਵਧਦੇ ਬੇਰੁਜ਼ਗਾਰੀ ਅਤੇ ਆਮਦਨੀ ਦੀ ਅਸਮਾਨਤਾ ਨਾਲ ਜੁੜਿਆ ਹੈ, ਜਿੱਥੇ ਨੌਜਵਾਨ ਆਪਣੀ ਨਿਰਾਸ਼ਾ ਨੂੰ ਸ਼ੌਕ ਵਿੱਚ ਬਦਲ ਰਹੇ ਹਨ। ਪੰਜਾਬ ਵਿੱਚ ਟਰੈਕਟਰਾਂ ਦੀ ਵਿਕਰੀ ਦੇਸ਼ ਵਿੱਚ ਸਭ ਤੋਂ ਵੱਧ ਹੈ, ਅਤੇ ਮੋਡੀਫਿਕੇਸ਼ਨ ਨਾਲ ਇਹ ਵਪਾਰ ਹੋਰ ਵਧ ਰਿਹਾ ਹੈ। ਪਰ ਇਸ ਨਾਲ ਜੁੜੀ ਬੇਲੋੜੀ ਖਰਚੇ ਨੇ ਪਰਿਵਾਰਾਂ ਨੂੰ ਆਰਥਿਕ ਮੁਸੀਬਤ ਵਿੱਚ ਪਾ ਰਹੀ ਹੈ।

**ਪੰਜਾਬ ਸਰਕਾਰ ਵੱਲੋਂ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ ਅਤੇ ਨਿਯਮ**

ਟਰੈਕਟਰ ਮੋਡੀਫਿਕੇਸ਼ਨ ਨਾਲ ਜੁੜੀਆਂ ਸੁਰੱਖਿਆ ਚਿੰਤਾਵਾਂ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਨੇ ਕਈ ਪਾਬੰਦੀਆਂ ਲਗਾਈਆਂ ਹਨ। 2023 ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਟਰੈਕਟਰ ਅਤੇ ਖੇਤੀ ਸੰਦਾਂ ਨਾਲ ਖਤਰਨਾਕ ਸਟੰਟਸ ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ । ਇਹ ਫੈਸਲਾ ਇੱਕ ਸਪੋਰਟਸ ਫੇਅਰ ਵਿੱਚ ਇੱਕ ਸਟੰਟਮੈਨ ਦੀ ਮੌਤ ਬਾਅਦ ਆਇਆ, ਜਿੱਥੇ ਉਸ ਨੂੰ ਟਰੈਕਟਰ ਨਾਲ ਕੁਚਲ ਦਿੱਤਾ ਗਿਆ ਸੀ। ਸਰਕਾਰ ਨੇ ਇਨ੍ਹਾਂ ਸਟੰਟਸ ਨੂੰ 'ਮੌਤ ਦੇ ਦੂਤ' ਕਹਿ ਕੇ ਬੈਨ ਕੀਤਾ। ਟ੍ਰੈਫਿਕ ਮਾਹਿਰਾਂ ਅਨੁਸਾਰ, ਬਿਨਾਂ ਮਨਜ਼ੂਰੀ ਵਾਲੀਆਂ ਸੋਧਾਂ ਜਿਵੇਂ ਵਧੀ ਉਚਾਈ, ਭਾਰੀ ਬੰਪਰ ਅਤੇ ਤਿੱਖੀਆਂ ਲਾਈਟਾਂ ਹਾਦਸਿਆਂ ਦਾ ਕਾਰਨ ਬਣਦੀਆਂ ਹਨ। 2025 ਵਿੱਚ ਵੀ ਸਰਕਾਰ ਨੇ ਗ੍ਰੀਨ ਟਰੈਕਟਰ ਸਕੀਮ ਨੂੰ ਚਲਾਇਆ, ਪਰ ਮੋਡੀਫਿਕੇਸ਼ਨ ਤੇ ਕੋਈ ਨਵੀਂ ਪਾਬੰਦੀ ਨਹੀਂ ਲਗਾਈ ਗਈ ਸੀ। ਫਿਰ ਵੀ, ਵਿਦਵਾਨਾਂ ਅਤੇ ਟ੍ਰੈਫਿਕ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸਪੱਸ਼ਟ ਨਿਯਮ ਅਤੇ ਨਿਗਰਾਨੀ ਨਾ ਵਧੀ ਤਾਂ ਇਹ ਰੁਝਾਨ ਗੰਭੀਰ ਨਤੀਜੇ ਲਿਆ ਸਕਦਾ ਹੈ। ਪੰਜਾਬ ਸਰਕਾਰ ਨੇ ਟਰੈਕਟਰਾਂ ਨੂੰ ਸਬਸਿਡੀ 'ਤੇ ਦੇਣਾ ਸ਼ੁਰੂ ਕੀਤਾ ਹੈ,




ਪਰ ਮੋਡੀਫਿਕੇਸ਼ਨ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾ ਰਹੀਆਂ ਹਨ। ਟ੍ਰੈਫਿਕ ਮਾਹਿਰਾਂ ਅਨੁਸਾਰ, ਵਧੀਕ ਉਚਾਈ ਅਤੇ ਭਾਰੀ ਬੰਪਰ ਹਾਦਸਿਆਂ ਨੂੰ ਵਧਾਉਂਦੇ ਹਨ, ਜਿਵੇਂ ਕਿ ਰੋਲ ਓਵਰ ਹੋਣ ਜਾਂ ਹੋਰ ਵਹੀਕਲਾਂ ਨਾਲ ਟਕਰਾਉਣਾ। ਐਲ.ਈ.ਡੀ. ਲਾਈਟਾਂ ਨਾਲ ਅੱਖਾਂ ਨੂੰ ਨੁਕਸਾਨ ਅਤੇ ਆਵਾਜ਼ ਨਾਲ ਪ੍ਰਦੂਸ਼ਣ ਵਧਦਾ ਹੈ। ਸਮਾਜ ਵਿੱਚ ਇਹ ਰੁਝਾਨ ਰੁਤਬੇ ਦੀ ਦੌੜ ਨੂੰ ਵਧਾਉਂਦਾ ਹੈ, ਜਿੱਥੇ ਨੌਜਵਾਨ ਆਪਣੇ ਨਾਲੋਂ ਵੱਧ ਖਰਚ ਕਰਕੇ ਕਰਜ਼ੇ ਵਿੱਚ ਫਸ ਜਾਂਦੇ ਹਨ। ਮਨੋਵਿਗਿਆਨੀ ਕਹਿੰਦੇ ਹਨ ਕਿ ਇਹ ਸੋਸ਼ਲ ਮੀਡੀਆ ਦੀ ਵਾਇਰਲ ਦੌੜ ਨਾਲ ਜੁੜਿਆ ਹੈ, ਜਿੱਥੇ ਤਾਰੀਫ਼ਾਂ ਅਤੇ ਲਾਇਕਾਂ ਲਈ ਨੌਜਵਾਨ ਸੁਰੱਖਿਆ ਨੂੰ ਨਜ਼ਰਅੰਦਾਜ਼ ਕਰਦੇ ਹਨ। ਭਵਿੱਖ ਵਿੱਚ ਇਹ ਰੁਝਾਨ ਹਾਦਸੇ ਅਤੇ ਆਰਥਿਕ ਨੁਕਸਾਨ ਵਧਾ ਸਕਦਾ ਹੈ, ਇਸ ਲਈ ਜਾਗਰੂਕਤਾ ਅਤੇ ਨਿਯਮਾਂ ਦੀ ਲੋੜ ਹੈ। ਪੰਜਾਬੀ ਸਮਾਜ ਨੂੰ ਇਸ ਨੂੰ ਸੰਤੁਲਿਤ ਰੱਖਣਾ ਚਾਹੀਦਾ ਹੈ, ਨਹੀਂ ਤਾਂ ਇਹ ਖਤਰੇ ਦੀ ਘੰਟੀ ਬਣ ਸਕਦਾ ਹੈ।







# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿੱਤੀ ਖ਼ੁਦਮੁਖਤਿਆਰੀ ਲਈ ਸਿੱਖ ਵਫ਼ਦ ਵੱਲੋਂ ਪੰਜਾਬ ਦਾ ਦੌਰਾ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸਿੱਖ ਮਹਾਂਪੁਰਸ਼ਾਂ ’ਤੇ ਬੇਲੋੜੇ ਪ੍ਰਭਾਵ ਦੇ ਵਧ ਰਹੇ ਦੋਸ਼ਾਂ ਦੇ ਵਿਚਕਾਰ ਉਨ੍ਹਾਂ ਦੇ ਫੈਸਲਿਆਂ ਅਤੇ ਨਿਰਦੇਸ਼ਾਂ ਦੀ ਨਿਰਪੱਖਤਾ ਬਾਰੇ ਗੰਭੀਰ ਚਿੰਤਾਵਾਂ ਜ਼ਾਹਰ ਕਰਦੇ ਹੋਏ ਇੱਕ ਵਿਸ਼ਵਵਿਆਪੀ ਪਹਿਲਕਦਮੀ ਦਾ ਰੂਪ ਧਾਰਨ ਕਰ ਰਹੀ ਹੈ। ਦੁਨੀਆ ਭਰ ਦੇ ਪ੍ਰਮੁੱਖ ਸਿੱਖ ਕਾਰੋਬਾਰੀਆਂ ਅਤੇ ਬੁੱਧੀਜੀਵੀਆਂ ਦਾ ਇੱਕ ਵਫ਼ਦ ਏਕਤਾ ਬਣਾਉਣ ਅਤੇ ਇੱਕ ਸੁਤੰਤਰ ਅੰਤਰਰਾਸ਼ਟਰੀ ਕਮੇਟੀ ਸਥਾਪਤ ਕਰਨ ਦੇ ਉਦੇਸ਼ ਨਾਲ ਪ੍ਰਮੁੱਖ ਧਾਰਮਿਕ ਸੰਸਥਾਵਾਂ ਨਾਲ ਜੁੜਨ ਲਈ ਪੰਜਾਬ ਦਾ ਦੌਰਾ ਕਰ ਰਿਹਾ ਹੈ। ਇਸਦਾ ਮੁੱਖ ਕੰਮ ਅਕਾਲ ਤਖ਼ਤ ਸਕੱਤਰੇਤ ਦੀ ਵਿੱਤੀ ਸੁਤੰਤਰਤਾ ਨੂੰ ਯਕੀਨੀ ਬਣਾਉਣਾ, ਉਸ ਤੋਂ ਬਾਅਦ ਸਿੱਖ ਮਹਾਂਪੁਰਸ਼ਾਂ ਦੀਆਂ ਪਾਰਦਰਸ਼ੀ ਅਤੇ ਖੁਦਮੁਖਤਿਆਰੀ ਚੋਣਾਂ ਕਰਵਾਉਣਾ, ਉਨ੍ਹਾਂ ਨੂੰ ਮਾਣ ਭੱਤਿਆਂ ਲਈ ਸ਼੍ਰੋਮਣੀ ਕਮੇਟੀ ’ਤੇ ਨਿਰਭਰਤਾ ਤੋਂ ਮੁਕਤ ਕਰਨਾ ਅਤੇ ਸਿੱਖ ਮਹਾਂਪੁਰਸ਼ਾਂ ਦੀ ਨੈਤਿਕ ਅਤੇ ਸੰਸਥਾਗਤ ਆਜ਼ਾਦੀ ਦੀ ਰੱਖਿਆ ਕਰਨਾ ਹੋਵੇਗਾ। ਵਫ਼ਦ ਦੀ ਅਗਵਾਈ ਕਰ ਰਹੇ ਸਵਿਟਜ਼ਰਲੈਂਡ ਦੇ ਰਾਜਵਿੰਦਰ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰਾ ਵਾਰ-ਵਾਰ ਮੀਡੀਆ ਰਿਪੋਰਟਾਂ ਤੋਂ ਬਹੁਤ ਦੁਖੀ ਹੈ ਜਿਨ੍ਹਾਂ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸਿੱਖ ਮਹਾਂਪੁਰਸ਼ਾਂ ਦੇ ਕੁਝ ਫੈਸਲੇ ਅਕਾਲੀ ਦਲ-ਸਮਰਥਿਤ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ਾਂ ਨੇ ਦੁਨੀਆ ਭਰ ਦੇ ਸਿੱਖਾਂ ਵਿੱਚ ਵਿਆਪਕ ਨਿਰਾਸ਼ਾ ਅਤੇ ਉਦਾਸੀ ਪੈਦਾ ਕੀਤੀ ਹੈ। ਹੁਣ ਵੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 328 ਗੁੰਮ ਹੋਈਆਂ ਕਾਪੀਆਂ ਦੇ ਮੁੱਦੇ ਨੇ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਸਰਕਾਰ ਨੂੰ ਸਿੱਧੇ ਟਕਰਾਅ ਵਿੱਚ ਪਾ ਦਿੱਤਾ ਹੈ - ਅਜਿਹਾ ਕੁਝ ਜੋ ਕਦੇ ਨਹੀਂ ਹੋਣਾ ਚਾਹੀਦਾ ਸੀ। ਇਹ ਸਥਿਤੀ ਦੁਨੀਆ ਭਰ ਦੇ ਸਿੱਖਾਂ ਲਈ ਬਹੁਤ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਵਫ਼ਦ ਪਹਿਲਾਂ ਹੀ ਮਾਲਵਾ ਅਤੇ ਦੋਆਬਾ ਖੇਤਰਾਂ ਵਿੱਚ ਕਈ ਪੰਥਕ ਸੰਗਠਨਾਂ ਨਾਲ ਮੀਟਿੰਗਾਂ ਕਰ ਚੁੱਕਾ ਹੈ ਅਤੇ ਇਸ ਸਮੇਂ ਹੋਰ ਸਿੱਖ ਸੰਗਠਨਾਂ ਨਾਲ ਜੁੜਨ ਲਈ ਮਾਝਾ ਦਾ ਦੌਰਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਉਨ੍ਹਾਂ ਪੰਥਕ ਸੰਗਠਨਾਂ ਦੀ ਪਛਾਣ ਕਰਨਾ ਹੈ ਜੋ ਸਿੱਖਾਂ ਵਿੱਚ ਵਿਸ਼ਵਾਸ ਅਤੇ ਭਰੋਸੇਯੋਗਤਾ ਦੇ ਉੱਚ ਪੱਧਰ ’ਤੇ ਹਨ। ਇਹ ਸੰਗਠਨ ਫਿਰ ਸਮੂਹਿਕ ਤੌਰ ’ਤੇ ਸਿੱਖ ਕਾਰੋਬਾਰੀਆਂ, ਬੁੱਧੀਜੀਵੀਆਂ ਅਤੇ ਸਤਿਕਾਰਤ ਧਾਰਮਿਕ ਸ਼ਖਸੀਅਤਾਂ ਦੀ ਇੱਕ ਅੰਤਰਰਾਸ਼ਟਰੀ ਕਮੇਟੀ ਬਣਾਉਣਗੇ। ਉਨ੍ਹਾਂ ਕਿਹਾ ਕਿ ਉਹ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਤੀਨਿਧੀਆਂ ਨੂੰ ਸ਼ਾਮਲ ਕਰਨ ਲਈ ਤਿਆਰ ਹਨ। ਹੋਰ ਵਿਸਥਾਰ ਵਿੱਚ ਦੱਸਦੇ ਹੋਏ, ਰਾਜਵਿੰਦਰ ਸਿੰਘ ਨੇ ਕਿਹਾ ਕਿ ਵਫ਼ਦ ਨੇ ਵਿਆਪਕ ਵਿਚਾਰ-ਵਟਾਂਦਰਾ ਕੀਤਾ ਅਤੇ ਸਿੱਟਾ ਕੱਢਿਆ ਕਿ ਅਕਾਲ ਤਖ਼ਤ ਸਕੱਤਰੇਤ ਨੂੰ ਵਿੱਤੀ ਤੌਰ ’ਤੇ ਸੁਤੰਤਰ ਬਣਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਕਾਰੋਬਾਰੀਆਂ ਨੇ ਇਸ ਉਦੇਸ਼ ਲਈ ਕਾਫ਼ੀ ਦਾਨ ਦੇਣ ਦੀ ਇੱਛਾ ਪ੍ਰਗਟ ਕੀਤੀ ਹੈ ਅਤੇ ਅਜਿਹਾ ਕਰਨ ਲਈ ਵਚਨਬੱਧ ਹਨ। ਸਵੀਡਨ ਦੀ ਡਾ. ਸੋਨੀਆ ਕੌਰ ਨੇ ਕਿਹਾ ਕਿ ਇਹ ਦੋਸ਼ ਲੱਗੇ ਹਨ ਕਿ ਸ਼੍ਰੋਮਣੀ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਦਾ ਹੈ, ਇਸ ਲਈ ਅਕਾਲ ਤਖ਼ਤ ਸਾਹਿਬ ਦੀ ਆਜ਼ਾਦੀ ਨੂੰ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ, ਜਿਸ ਵਿੱਚ ਮਾਣ ਭੱਤਾ ਅਤੇ ਪ੍ਰਬੰਧਕੀ ਪ੍ਰਕਿਰਿਆਵਾਂ ਵਿੱਚ ਪਾਰਦਰਸ਼ਤਾ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ, ‘ਸਿੱਖ ਬੁੱਧੀਜੀਵੀਆਂ, ਵਿਦਵਾਨਾਂ ਅਤੇ ਕਾਰੋਬਾਰੀਆਂ ਦੀ ਇੱਕ ਅੰਤਰਰਾਸ਼ਟਰੀ ਕਮੇਟੀ ਬਣਾਉਣਾ ਸਿੱਖ ਪਰੰਪਰਾਵਾਂ ਦਾ ਸਤਿਕਾਰ ਕਰਦੇ ਹੋਏ ਮਾਰਗਦਰਸ਼ਨ ਅਤੇ ਨਿਗਰਾਨੀ ਪ੍ਰਦਾਨ ਕਰ ਸਕਦਾ ਹੈ।’ ਆਸਟਰੀਆ ਦੇ ਸੁਰਿੰਦਰ ਸਿੰਘ ਨੇ ਕਿਹਾ, ‘ਜੇਕਰ ਅਕਾਲ ਤਖ਼ਤ ਸਕੱਤਰੇਤ ਖੁਦਮੁਖਤਿਆਰ ਹੋ ਜਾਂਦਾ ਹੈ, ਤਾਂ ਸਿੱਖ ਮਹਾਂਪੁਰਸ਼ਾਂ ਨੂੰ ਹੁਣ ਆਪਣੇ ਮਾਣ ਭੱਤੇ ਲਈ ਸ਼੍ਰੋਮਣੀ ਕਮੇਟੀ ’ਤੇ ਨਿਰਭਰ ਨਹੀਂ ਰਹਿਣਾ ਪਵੇਗਾ। ਅਕਾਲ ਤਖ਼ਤ ਸਕੱਤਰੇਤ ਦੀਆਂ ਜਗੀਰਾਂ ਅਤੇ ਜਾਇਦਾਦਾਂ ਤੋਂ ਹੋਣ ਵਾਲੀ ਆਮਦਨ ਸਾਰੇ ਸੰਚਾਲਨ ਅਤੇ ਪ੍ਰਬੰਧਕੀ ਖਰਚਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਹੋਵੇਗੀ।’

# ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਬਣੀ ਸ੍ਰੀ ਦਰਬਾਰ ਸਾਹਿਬ ਦੀ ਘੜੀ

## 125 ਸਾਲ ਪੁਰਾਣੀ ਘੜੀ ਸ੍ਰੀ ਹਰਿਮੰਦਰ ਸਾਹਿਬ ’ਚ ਮੁੜ ਕੀਤੀ ਗਈ ਸਥਾਪਤ

## ਇੱਕ ਵਾਰ ਚਾਬੀ ਦੇਣ ’ਤੇ ਲਗਭਗ ਇੱਕ ਹਫ਼ਤੇ ਤੱਕ ਚਲਦੀ ਰਹਿੰਦੀ ਹੈ ਇਹ ਘੜੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ 125 ਸਾਲ ਪੁਰਾਣੀ ਇਤਿਹਾਸਕ ਘੜੀ ਨੂੰ ਪੂਰੇ ਸਤਿਕਾਰ ਅਤੇ ਮਰਿਆਦਾ ਨਾਲ ਮੁੜ ਉਸੇ ਸਥਾਨ ’ਤੇ ਸਥਾਪਤ ਕਰ ਦਿਤਾ ਗਿਆ ਹੈ, ਜਿਥੇ ਇਹ ਪਹਿਲਾਂ ਸਜਾਇਆ ਜਾਂਦਾ ਸੀ। ਇਹ ਘੜੀ ਸ਼ਰਧਾਲੂਆਂ ਲਈ ਇੱਕ ਵਾਰ ਫਿਰ ਖਿੱਚ ਦਾ ਕੇਂਦਰ ਬਣ ਗਈ ਹੈ। ਇਹ ਘੜੀ ਰਾਗੀ ਸਿੰਘਾਂ ਵਾਲੀ ਪ੍ਰਕਰਮਾ ਦੇ ਉਪਰ ਸਥਿਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਹੇਠ ਇਸ ਨੂੰ ਵਿਧੀਵਤ ਰੂਪ ਵਿੱਚ ਮੁੜ ਸਥਾਪਤ ਕੀਤਾ ਗਿਆ।

ਘੜੀ ਨੂੰ ਉਸ ਦੇ ਅਸਲ ਸਰੂਪ ਵਿੱਚ ਬਹਾਲ ਕੀਤਾ ਗਿਆ ਹੈ, ਤਾਂ ਜੋ ਇਸ ਦੀ ਇਤਿਹਾਸਕ ਪਛਾਣ ਅਤੇ ਸ਼ਾਨ ਬਣੀ ਰਹੇ। ਵਿਸ਼ੇਸ਼ ਗੱਲ ਇਹ ਹੈ ਕਿ ਇਹ ਘੜੀ ਇੱਕ ਵਾਰ ਚਾਬੀ ਦੇਣ ’ਤੇ ਲਗਭਗ ਇਕ ਹਫ਼ਤੇ ਤੱਕ ਚਲਦੀ ਰਹਿੰਦੀ ਹੈ, ਜੋ ਇਸ ਦੀ ਬਿਹਤਰੀਨ ਕਾਰੀਗਰੀ ਅਤੇ ਤਕਨੀਕੀ ਗੁਣਵੱਤਾ ਨੂੰ ਦਰਸਾਉਂਦੀ ਹੈ। ਲੰਬੇ ਸਮੇਂ ਤੱਕ ਖ਼ਰਾਬ ਹਾਲਤ ਵਿੱਚ ਰਹਿਣ ਤੋਂ ਬਾਅਦ ਹੁਣ ਇਹ ਘੜੀ ਫਿਰ ਤੋਂ ਸੁਚਾਰੂ ਰੂਪ ਵਿੱਚ ਕੰਮ ਕਰ ਰਹੀ ਹੈ।

ਇਤਿਹਾਸ ’ਤੇ ਨਜ਼ਰ ਮਾਰੀਏ ਤਾਂ ਸਾਲ 1900 ਵਿੱਚ ਭਾਰਤ ਦੇ ਤਤਕਾਲੀ ਵਾਇਸਰਾਏ ਅਤੇ ਗਵਰਨਰ ਜਨਰਲ ਲਾਰਡ ਕਰਜ਼ਨ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ, ਤਦ ਉਨ੍ਹਾਂ ਵੱਲੋਂ ‘ਪਲੀਕੇਟ ਐਂਡ ਕੰਪਨੀ’ ਦੀ ਇਹ ਵਿਸ਼ੇਸ਼ ਘੜੀ ਭੇਟ ਕੀਤੀ ਗਈ ਸੀ। ਅਪਣੇ ਇਤਿਹਾਸਕ ਅਤੇ ਤਕਨੀਕੀ ਮਹੱਤਵ ਕਾਰਨ ਇਹ ਘੜੀ ਲੰਬੇ ਸਮੇਂ ਤੱਕ ਦਰਬਾਰ ਸਾਹਿਬ ਦੀ ਪਛਾਣ ਬਣੀ ਰਹੀ, ਪਰ ਸਮੇਂ ਦੇ ਨਾਲ ਇਹ ਖ਼ਰਾਬ ਹੋ ਗਈ ਸੀ। ਹੁਣ ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ (ਯੂ.ਕੇ.) ਦੀ ਸੇਵਾ ਭਾਵਨਾ ਅਤੇ ਬਾਬਾ ਮਹਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਉਸੇ ਮੂਲ ਕੰਪਨੀ ਤੋਂ ਇਸ ਦੀ ਮੁਰੰਮਤ ਕਰਵਾਈ ਗਈ। ਮੁਰੰਮਤ ਤੋਂ ਬਾਅਦ ਇਸ ਨੂੰ ਸ਼ਰਧਾ ਅਤੇ ਮਰਿਆਦਾ ਨਾਲ ਮੁੜ ਸਥਾਪਤ ਕੀਤਾ ਗਿਆ ਹੈ। ਐਸ.ਜੀ.ਪੀ.ਸੀ. ਪ੍ਰਬੰਧਕਾਂ ਵੱਲੋਂ ਨਿਸ਼ਕਾਮ ਸੇਵਕ ਜੱਥਾ ਯੂ.ਕੇ. ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ।

# ਮਹਾਰਾਸ਼ਟਰ ਵਿੱਚ ਧੁਲੇ ਗੁਰਦੁਆਰੇ ’ਚ ਪ੍ਰਧਾਨਗੀ ਨੂੰ ਲੈ ਕੇ ਹੰਗਾਮਾ, 11 ਵਿਅਕਤੀ ਪੁਲਿਸ ਵੱਲੋਂ ਕਾਬੂ



ਧੁਲੇ/ਮਹਾਰਾਸ਼ਟਰ/ਏ.ਟੀ.ਨਿਊਜ਼: ਮਹਾਰਾਸ਼ਟਰਾ ਦੇ ਧੁਲੇ ਸ਼ਹਿਰ ਦੇ ਇੱਕ ਇਤਿਹਾਸਕ ਗੁਰਦੁਆਰੇ ਦੀ ਗੱਦੀ ਕਿਸ ਨੂੰ ਮਿਲੇਗੀ? ਇਸ ਵਿਵਾਦ ਨੇ ਸ਼ਹਿਰ ਵਿੱਚ ਕਾਫ਼ੀ ਤਣਾਅ ਪੈਦਾ ਕਰ ਦਿੱਤਾ ਹੈ। ਚੱਲ ਰਿਹਾ ਇਹ ਵਿਵਾਦ ਪਿਛਲੇ ਦਿਨੀਂ ਦੇਰ ਰਾਤ ਭੜਕ ਉੱਠਿਆ। ਗੁਰਦੁਆਰੇ ’ਤੇ ਗੈਰ-ਕਾਨੂੰਨੀ ਕਬਜ਼ਾ ਕਰਨ ਦੇ ਦੋਸ਼ੀ ਇੱਕ ਸਮੂਹ ਵੱਲੋਂ ਪੱਥਰਬਾਜ਼ੀ ਅਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਤੋਂ ਬਾਅਦ ਸਥਿਤੀ ਕਾਬੂ ਤੋਂ ਬਾਹਰ ਹੋ ਗਈ। ਪੁਲਿਸ ਨੇ ਇਸ ਮਾਮਲੇ ਵਿੱਚ 11 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਨ੍ਹਾਂ ਵਿੱਚ ਬਾਬਾ ਰਣਵੀਰ ਸਿੰਘ ਵੀ ਸ਼ਾਮਲ ਹੈ।

**ਸਿੱਖ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ**

ਇਸ ਪੂਰੇ ਵਿਵਾਦ ਦੀ ਜੜ੍ਹ ਧੁਲੇ ਗੁਰਦੁਆਰੇ ਦੇ ਮੁਖੀ ਬਾਬਾ ਧੀਰਜ ਸਿੰਘ ਖਾਲਸਾ ਦਾ ਕਤਲ ਹੈ। ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਇਲਜ਼ਾਮ ਹੈ ਕਿ ਇਸ ਕਤਲ ਪਿੱਛੇ ਬਾਬਾ ਰਣਵੀਰ ਸਿੰਘ ਦਾ ਹੱਥ ਸੀ। ਕਤਲ ਤੋਂ ਬਾਅਦ, ਰਣਵੀਰ ਸਿੰਘ ਨੇ ਗੁਰਦੁਆਰੇ ’ਤੇ ਗ਼ੈਰ-ਕਾਨੂੰਨੀ ਤੌਰ ’ਤੇ ਕਬਜ਼ਾ ਕਰ ਲਿਆ। ਉਸ ਨੇ ਪਿਛਲੇ ਦੋ ਦਿਨਾਂ ਤੋਂ ਗੁਰਦੁਆਰੇ ਨੂੰ ਬੰਦ ਰੱਖਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੀ ਗੁਰੂ ਘਰ ਦੇ ਦਰਵਾਜ਼ੇ ਬੰਦ ਹਨ। ਇਸ ਨਾਲ ਸਿੱਖ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਦੌੜ ਗਈ ਹੈ।

ਪਿਛਲੇ ਦਿਨੀਂ ਦੁਪਹਿਰ ਤੋਂ ਹੀ ਸੈਂਕੜੇ ਸਿੱਖ ਮਰਦ ਅਤੇ ਔਰਤਾਂ ਧੁਲੇ ਸ਼ਹਿਰ ਦੇ ਪੁਲਿਸ ਸਟੇਸ਼ਨ ਦੇ ਅਹਾਤੇ ਵਿੱਚ ਪ੍ਰਦਰਸ਼ਨ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਐਲਾਨ ਕੀਤਾ ਕਿ ਅਸੀਂ ਉਦੋਂ ਤੱਕ ਨਹੀਂ ਜਾਵਾਂਗੇ ਜਦੋਂ ਤੱਕ ਗੁਰਦੁਆਰੇ ਦੇ ਅੰਦਰ ਮੌਜੂਦ ਸ਼ਰਾਰਤੀ ਅਨਸਰਾਂ ਨੂੰ ਨਹੀਂ ਹਟਾਇਆ ਜਾਂਦਾ ਅਤੇ ਦਰਵਾਜ਼ੇ ਨਹੀਂ ਖੋਲ੍ਹ ਦਿੱਤੇ ਜਾਂਦੇ। ਇਹ ਵਿਰੋਧ ਪ੍ਰਦਰਸ਼ਨ ਲਗਭਗ ਤਿੰਨ ਤੋਂ ਚਾਰ ਘੰਟੇ ਚੱਲਿਆ। ਪੁਲਿਸ ਵੱਲੋਂ ਕੇਸ ਦਰਜ ਕਰਨ ਦੇ ਬਾਵਜੂਦ, ਕੋਈ ਕਾਰਵਾਈ ਨਾ ਕੀਤੇ ਜਾਣ ਤੋਂ ਬਾਅਦ ਗੁੱਸੇ ਵਿੱਚ ਆਈ ਭੀੜ ਸਿੱਧੇ ਪੁਲਿਸ ਸਟੇਸ਼ਨ ਤੋਂ ਗੁਰਦੁਆਰੇ ਵੱਲ ਮਾਰਚ ਕਰ ਗਈ।

**ਦੋ ਸ਼ਰਧਾਲੂ ਗੰਭੀਰ ਜ਼ਖਮੀ**

ਜਿਵੇਂ ਹੀ ਭੀੜ ਗੁਰਦੁਆਰੇ ਦੇ ਨੇੜੇ ਪਹੁੰਚੀ, ਦੋਵੇਂ ਧੜੇ ਇੱਕ ਦੂਜੇ ਦੇ ਸਾਹਮਣੇ ਆ ਗਏ। ਗੁਰਦੁਆਰੇ ਦੇ ਅੰਦਰੋਂ ਪ੍ਰਦਰਸ਼ਨਕਾਰੀਆਂ ’ਤੇ ਪੱਥਰਬਾਜ਼ੀ ਸ਼ੁਰੂ ਹੋ ਗਈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਭੀੜ ਨੂੰ ਖਿੰਡਾਉਣ ਲਈ ਗੁਰਦੁਆਰੇ ਦੇ ਅੰਦਰੋਂ ਪਟਾਕੇ ਚਲਾਏ ਗਏ। ਇਸ ਹਮਲੇ ਵਿੱਚ ਲਾਠੀਚਾਰਜ ਅਤੇ ਡਾਂਗਾਂ ਨਾਲ ਦੋ ਸ਼ਰਧਾਲੂ ਗੰਭੀਰ ਜ਼ਖਮੀ ਹੋ ਗਏ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ, ਵਧੀਕ ਪੁਲਿਸ ਸੁਪਰਡੈਂਟ ਅਜੈ ਦੇਵਰੇ ਸਮੇਤ ਇੱਕ ਵੱਡੀ ਪੁਲਿਸ ਟੀਮ ਮੌਕੇ ’ਤੇ ਪਹੁੰਚੀ। ਪੁਲਿਸ ਨੇ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਹਲਕਾ ਲਾਠੀਚਾਰਜ ਕੀਤਾ। ਉਨ੍ਹਾਂ ਨੇ ਬਾਬਾ ਰਣਵੀਰ ਸਿੰਘ ਅਤੇ ਉਨ੍ਹਾਂ ਦੇ ਸੱਤ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਜੋ ਗੁਰਦੁਆਰੇ ਦੇ ਅੰਦਰ ਲੁਕੇ ਹੋਏ ਸਨ।

**ਗੁਰਦੁਆਰਾ ਖੇਤਰ ਵਿੱਚ ਭਾਰੀ ਪੁਲਿਸ ਫੋਰਸ ਤੈਨਾਤ**

ਦੱਸ ਦਈਏ ਕਿ ਧੁਲੇ ਸ਼ਹਿਰ ਵਿੱਚ ਫਿਲਹਾਲ ਸ਼ਾਂਤੀ ਹੈ, ਪਰ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਗੁਰਦੁਆਰਾ ਖੇਤਰ ਵਿੱਚ ਸਟੇਟ ਰਿਜ਼ਰਵ ਪੁਲਿਸ ਫੋਰਸ ਦੀਆਂ ਇਕਾਈਆਂ ਤਾਇਨਾਤ ਕੀਤੀਆਂ ਗਈਆਂ ਹਨ। ਵਧੀਕ ਪੁਲਿਸ ਸੁਪਰਡੈਂਟ ਅਜੇ ਦੇਵਰੇ ਨੇ ਕਿਹਾ ਕਿ ਅਸੀਂ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ ਹੈ। ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥਾਂ ਵਿੱਚ ਨਹੀਂ ਲੈਣਾ ਚਾਹੀਦਾ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਕਰਕੇ ਧਾਰਮਿਕ ਵਿਤਕਰਾ ਪੈਦਾ ਕਰਨ ਵਾਲਿਆਂ ਖ਼ਿਲਾਫ਼ ਸਾਈਬਰ ਸੈੱਲ ਰਾਹੀਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਕੌਮੀ ਇਨਸਾਫ਼ ਮੋਰਚਾ ਵੱਲੋਂ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਕਈ ਟੋਲ ਪਲਾਜ਼ੇ ਮੁਫ਼ਤ



ਪਟਿਆਲਾ/ਏ.ਟੀ.ਨਿਊਜ਼: ਕੌਮੀ ਇਨਸਾਫ਼ ਮੋਰਚਾ ਦੇ ਕਾਰਕੁਨਾਂ ਨੇ ਪਿਛਲੇ ਦਿਨੀਂ ਪੰਜਾਬ ਭਰ ਦੇ ਕਈ ਟੋਲ ਪਲਾਜ਼ਿਆਂ ’ਤੇ ਕਬਜ਼ਾ ਕਰ ਲਿਆ, ਜਿਸ ਨਾਲ ਵਾਹਨ ਚਾਲਕਾਂ ਨੂੰ ਦੁਪਹਿਰ 12 ਵਜੇ ਤੋਂ ਦੁਪਹਿਰ 3 ਵਜੇ ਤੱਕ ਬਿਨਾਂ ਪੈਸੇ ਦਿੱਤੇ ਲੰਘਣ ਦੀ ਇਜਾਜ਼ਤ ਦਿੱਤੀ ਗਈ।

ਇਹ ਵਿਰੋਧ ਪ੍ਰਦਰਸ਼ਨ ਸਿੱਖ ਕੈਦੀਆਂ ਦੀ ਰਿਹਾਈ, 2015 ਦੇ ਬੇਅਦਬੀ ਮਾਮਲਿਆਂ ਵਿੱਚ ਫੈਸਲਾਕੁੰਨ ਕਾਰਵਾਈ ਅਤੇ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨਾਂ ਦੀ ਮੰਗ ਕਰਦੇ ਹੋਏ ਚੱਲ ਰਹੇ ਅੰਦੋਲਨ ਦਾ ਹਿੱਸਾ ਸੀ।

ਸਹਿਯੋਗੀ ਕਿਸਾਨ ਯੂਨੀਅਨਾਂ ਅਤੇ ਹੋਰ ਸੰਗਠਨਾਂ ਦੇ ਸਮਰਥਨ ਨਾਲ, ਮੋਰਚੇ ਨੇ ਪਟਿਆਲਾ ਜ਼ਿਲ੍ਹੇ ਦੇ ਧਰੇੜੀ ਜੱਟਾਂ, ਬਠਿੰਡਾ ਦੇ ਲਹਿਰਾ, ਫਿਰੋਜ਼ਪੁਰ ਦੇ ਫਿਰੋਜ਼ਸ਼ਾਹ ਅਤੇ ਮੋਗਾ ਦੇ ਟੋਲ ਪਲਾਜ਼ਿਆਂ ’ਤੇ ਤਾਲਮੇਲ ਵਾਲੇ ਵਿਰੋਧ ਪ੍ਰਦਰਸ਼ਨ ਕੀਤੇ। ਵਿਰੋਧ ਸਥਾਨਾਂ ’ਤੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ, ਬੁਲਾਰਿਆਂ ਨੇ ਕੇਂਦਰ ਅਤੇ ਪੰਜਾਬ ਦੋਵਾਂ ਸਰਕਾਰਾਂ ’ਤੇ ਲੰਬਿਤ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ।

ਪ੍ਰਬੰਧਕਾਂ ਦੇ ਅਨੁਸਾਰ, ਇਹ ਸਮਾਗਮ ਰਾਜ ਭਰ ਦੇ 49 ਟੋਲ ਪਲਾਜ਼ਿਆਂ ਨੂੰ ਨਿਸ਼ਾਨਾ ਬਣਾਉਣ ਦੀ ਇੱਕ ਵੱਡੀ ਯੋਜਨਾ ਦਾ ਹਿੱਸਾ ਸੀ ਅਤੇ ਇਹ ਮੋਰਚੇ ਦੇ ਅੰਦੋਲਨ ਦੀ ਨਿਰੰਤਰਤਾ ਨੂੰ ਦਰਸਾਉਂਦਾ ਹੈ, ਜੋ ਕਿ ਲਗਭਗ ਤਿੰਨ ਸਾਲਾਂ ਤੋਂ ਚੱਲ ਰਿਹਾ ਹੈ। ਪੁਲਿਸ ਨੇ ਵਿਰੋਧ ਪ੍ਰਦਰਸ਼ਨ ਦੌਰਾਨ ਕਈ ਆਗੂਆਂ ਨੂੰ ਹਿਰਾਸਤ ਵਿੱਚ ਲਿਆ, ਜਿਨ੍ਹਾਂ ਵਿੱਚ ਪਟਿਆਲਾ-ਰਾਜਪੁਰਾ ਸੜਕ ’ਤੇ ਧਰੇੜੀ ਜੱਟਾਂ ਟੋਲ ਪਲਾਜ਼ਾ ’ਤੇ ਗੁਰਚਰਨ ਸਿੰਘ, ਲਹਿਰਾ ਵਿੱਚ ਬਠਿੰਡਾ ਤੋਂ ਗੁਰਦੀਪ ਸਿੰਘ ਅਤੇ ਹੋਰ, ਫਿਰੋਜ਼ਪੁਰ ਤੋਂ ਬਲਵਿੰਦਰ ਸਿੰਘ ਫਿਰੋਜ਼ਸ਼ਾਹ ਪਲਾਜ਼ਾ ’ਤੇ, ਅਤੇ ਮੋਗਾ ਵਿੱਚ 15-20 ਕਾਰਕੁਨ ਸ਼ਾਮਲ ਹਨ। ਹਾਲਾਂਕਿ, ਹਿਰਾਸਤ ਵਿੱਚ ਲਏ ਗਏ ਸਾਰੇ ਆਗੂਆਂ ਨੂੰ ਦੁਪਹਿਰ 3 ਵਜੇ ਰਿਹਾਅ ਕਰ ਦਿੱਤਾ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਬਰਤਾਨੀਆ 'ਚ ਸਿੱਖ ਲੜਕੀਆਂ ਦੀ ਕੀਤੀ ਜਾਵੇ ਸੁਰੱਖਿਆ

ਬਰਤਾਨੀਆ ਆਪਣੇ ਆਪ ਨੂੰ ਅਮਨਪਸੰਦ, ਵਿਕਸਤ ਅਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਮੁਲਕ ਕਹਾਉਂਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਉਥੇ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜੋ ਕਿ ਬਰਤਾਨੀਆ ਦੇ ਮੱਥੇ 'ਤੇ ਕਲੰਕ ਹਨ। ਇਹ ਤਿੰਨੇ ਘਟਨਾਵਾਂ ਸਿੱਖ ਲੜਕੀਆਂ ਨਾਲ ਸਬੰਧਿਤ ਹਨ, ਜਿਨ੍ਹਾਂ ਵਿੱਚ ਸਿੱਖ ਲੜਕੀਆਂ ਨੂੰ ਬਲਾਤਕਾਰ, ਨਸਲੀ ਵਿਤਕਰੇ ਅਤੇ ਹਿੰਸਾ ਦਾ ਸ਼ਿਕਾਰ ਹੋਣਾ ਪਿਆ। ਤਾਜ਼ਾ ਮਾਮਲਾ ਇੰਗਲੈਂਡ ਦੇ ਪੱਛਮੀ ਲੰਡਨ ਵਿੱਚ ਸਾਹਮਣੇ ਆਇਆ ਹੈ, ਜਿੱਥੇ ਇੱਕ ਪਾਕਿਸਤਾਨੀ ਗਰੂਮਿੰਗ ਕਰਨ ਵਾਲੇ ਗਿਰੋਹ ਨੇ ਇੱਕ ਸਿੱਖ ਨਾਬਾਲਗ ਲੜਕੀ ਨੂੰ ਪਿਆਰ ਦੇ ਜਾਲ ਵਿੱਚ ਫਸਾਇਆ ਅਤੇ ਫਿਰ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਪੀੜਤਾ ਸਿਰਫ਼ 14 ਸਾਲ ਦੀ ਦੱਸੀ ਜਾਂਦੀ ਹੈ। ਦੋਸ਼ ਹੈ ਕਿ ਗਰੂਮਿੰਗ ਕਰਨ ਵਾਲੇ ਗਿਰੋਹ ਨੇ ਪਹਿਲਾਂ ਲੜਕੀ ਨੂੰ ਅਗਵਾ ਕੀਤਾ, ਫਿਰ ਉਸ ਨੂੰ ਇੱਕ ਫਲੈਟ ਵਿੱਚ ਬੰਦ ਕਰ ਦਿੱਤਾ ਅਤੇ ਪੰਜ ਜਾਂ ਛੇ ਆਦਮੀਆਂ ਦੁਆਰਾ ਉਸ ਨਾਲ ਜਬਰ ਜਿੰਨ੍ਹਾਹ ਕੀਤਾ ਗਿਆ। ਲੜਕੀ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਧਮਕੀਆਂ ਦੇ ਕੇ ਚੁੱਪ ਕਰਵਾ ਦਿੱਤਾ ਗਿਆ।

ਮੀਡੀਆ ਰਿਪੋਰਟਾਂ ਅਨੁਸਾਰ, ਜਿਵੇਂ ਹੀ ਪੱਛਮੀ ਲੰਡਨ ਦੇ ਹਾਉਂਸਲੋ ਇਲਾਕੇ ਵਿੱਚ ਸਿੱਖ ਭਾਈਚਾਰੇ ਨੂੰ ਇਸ ਘਟਨਾ ਬਾਰੇ ਪਤਾ ਲੱਗਾ, ਵੱਡੀ ਗਿਣਤੀ ਵਿੱਚ ਲੋਕ ਦੋਸ਼ੀ ਦੇ ਫਲੈਟ ਦੇ ਬਾਹਰ ਇਕੱਠੇ ਹੋ ਗਏ ਅਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ, ਹੋਰ ਸਿੱਖਾਂ ਨੂੰ ਘਟਨਾ ਬਾਰੇ ਪਤਾ ਲੱਗਾ, ਜਿਸ ਕਾਰਨ ਘਟਨਾ ਸਥਾਨ 'ਤੇ ਭੀੜ ਵਧ ਗਈ। ਥੋੜ੍ਹੇ ਸਮੇਂ ਵਿੱਚ ਹੀ 200 ਤੋਂ ਵੱਧ ਲੋਕ ਇਕੱਠੇ ਹੋ ਗਏ ਅਤੇ ਵਿਰੋਧ ਪ੍ਰਦਰਸ਼ਨ ਕਈ ਘੰਟਿਆਂ ਤੱਕ ਜਾਰੀ ਰਿਹਾ। ਇਸ ਤੋਂ ਬਾਅਦ ਸਾਰਿਆਂ ਨੇ ਮਿਲ ਕੇ ਲੜਕੀ ਨੂੰ ਛੁਡਾਉਣ ਲਈ ਕੰਮ ਕੀਤਾ। ਸਿੱਖ ਭਾਈਚਾਰੇ ਦਾ ਦੋਸ਼ ਹੈ ਕਿ ਪੱਛਮੀ ਲੰਡਨ ਵਿੱਚ ਨਾਬਾਲਗ ਕੁੜੀਆਂ ਦੇ ਅਗਵਾ ਅਤੇ ਜਿਨਸੀ ਸ਼ੋਸ਼ਣ ਦੀਆਂ ਅਜਿਹੀਆਂ ਘਟਨਾਵਾਂ ਵੱਧ ਰਹੀਆਂ ਹਨ। ਡੇਵਿਡ ਅਰਥਟਨ ਨਾਮ ਦੇ ਇੱਕ ਵਿਅਕਤੀ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਮਾਮਲੇ ਨਾਲ ਸਬੰਧਿਤ ਦੋ ਪੋਸਟਾਂ ਵੀ ਸਾਂਝੀਆਂ ਕੀਤੀਆਂ ਗਈਆਂ ਸਨ। ਯੂ.ਕੇ. ਵਿੱਚ ਕੁੜੀਆਂ ਨੂੰ ਅਗਵਾ ਅਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਸਿੱਖਾਂ ਦਾ ਕਹਿਣਾ ਹੈ ਕਿ ਪਾਕਿਸਤਾਨੀ ਗਰੂਮਰ ਗੈਂਗ ਯੂ.ਕੇ. ਵਿੱਚ ਸਰਗਰਮ ਹਨ, ਜੋ ਨੌਜਵਾਨ ਕੁੜੀਆਂ ਨੂੰ ਅਗਵਾ ਕਰਦੇ ਹਨ ਅਤੇ ਫਿਰ ਉਨ੍ਹਾਂ ਨਾਲ ਇਕੱਠੇ ਬਲਾਤਕਾਰ ਕਰਦੇ ਹਨ। ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਲੰਡਨ ਪੁਲਿਸ ਉਨ੍ਹਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕਰ ਰਹੀ ਹੈ।

ਦੱਸਣਯੋਗ ਹੈ ਕਿ ਗਰੂਮਿੰਗ ਇੱਕ ਅਜਿਹਾ ਅਭਿਆਸ ਹੈ ਜਿਸ ਰਾਹੀਂ ਕਿਸੇ ਵਿਅਕਤੀ, ਖਾਸ ਕਰਕੇ ਬੱਚੇ ਜਾਂ ਨੌਜਵਾਨ ਦਾ ਹੌਲੀ-ਹੌਲੀ ਵਿਸ਼ਵਾਸ ਹਾਸਲ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ, ਕੱਟੜਪੰਥੀ ਜਾਂ ਹੋਰ ਤਰ੍ਹਾਂ ਦੇ ਦੁਰਵਿਵਹਾਰ ਲਈ ਤਿਆਰ ਕੀਤਾ ਜਾਂਦਾ ਹੈ। ਹਾਲ ਹੀ ਵਿੱਚ ਇੰਗਲੈਂਡ ਵਿੱਚ ਅਜਿਹੇ ਮਾਮਲੇ ਵਧੇ ਹਨ। ਅਮਰੀਕੀ ਕਾਰੋਬਾਰੀ ਐਲੋਨ ਮਸਕ ਨੇ ਵੀ ਬਰਤਾਨੀਆ ਵਿੱਚ ਅਜਿਹੇ ਮਾਮਲੇ ਵਧਣ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਢੁਕਵੀਂ ਕਾਰਵਾਈ ਨਾ ਕਰਨ ਲਈ ਸਖ਼ਤ ਆਲੋਚਨਾ ਕੀਤੀ ਹੈ।

ਇਸ ਘਟਨਾ ਤੋਂ ਪਹਿਲਾਂ ਬਰਤਾਨੀਆ ਵਿੱਚ ਦੋ ਸਿੱਖ ਕੁੜੀਆਂ ਨਾਲ ਕੁਝ ਸਮਾਂ ਪਹਿਲਾਂ ਬਲਾਤਕਾਰ, ਨਸਲੀ ਵਿਤਕਰਾ ਅਤੇ ਹਿੰਸਾ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਅਜੇ ਉਹਨਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਵੀ ਨਹੀਂ ਮਿਲੀਆਂ ਕਿ 14 ਸਾਲ ਦੀ ਨਾਬਾਲਗ ਸਿੱਖ ਲੜਕੀ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਸਾਹਮਣੇ ਆ ਗਈ। ਇਸ ਘਟਨਾ ਕਾਰਨ ਯੂ.ਕੇ. ਦੇ ਨਾਲ ਪੂਰੀ ਦੁਨੀਆ ਦੇ ਸਿੱਖਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਅਤੇ ਬਰਤਾਨੀਆ ਸਰਕਾਰ ਤੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਅਜਿਹੇ ਮਾਮਲਿਆਂ ਦੇ ਦੋਸ਼ੀਆਂ ਨੂੰ ਪਿਛਲੇ ਸਮੇਂ ਦੌਰਾਨ ਸਖ਼ਤ ਸਜ਼ਾਵਾਂ ਨਾ ਮਿਲਣ ਕਾਰਨ ਵੀ ਦੋਸ਼ੀਆਂ ਦੇ ਹੌਸਲੇ ਵਧੇ ਹਨ ਅਤੇ ਉਹ ਬਿਨਾ ਕਿਸੇ ਡਰ ਭੈਅ ਦੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਬਰਤਾਨੀਆ ਦੇ ਸਿੱਖਾਂ ਦਾ ਕਹਿਣਾ ਹੈ ਕਿ ਬਰਤਾਨੀਆ ਵਿੱਚ ਰਹਿੰਦੇ ਸਿੱਖਾਂ ਦੀਆਂ ਧੀਆਂ ਨੂੰ ਦੋਸ਼ੀਆਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬਰਤਾਨੀਆ ਆਪਣੇ ਆਪ ਨੂੰ ਦੁਨੀਆ ਦਾ 'ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ' ਕਹਾਉਂਦਾ ਹੈ ਅਤੇ ਇਹ ਮੁਲਕ ਆਪਣੇ ਆਪ ਨੂੰ 'ਗ੍ਰੇਟ ਬ੍ਰਿਟੇਨ' ਕਹਾਉਣ ਵਿੱਚ ਵੀ ਮਾਣ ਮਹਿਸੂਸ ਕਰਦਾ ਹੈ, ਪਰ ਇਸ ਮੁਲਕ ਵਿੱਚ ਸਿਰਫ਼ ਕੁਝ ਸਮੇਂ ਵਿੱਚ ਹੀ ਤਿੰਨ ਸਿੱਖ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰਨੀਆਂ ਇਸ ਮੁਲਕ ਦੇ ਮੱਥੇ 'ਤੇ ਕਲੰਕ ਵਾਂਗ ਹਨ। ਇਹ ਘਟਨਾਵਾਂ ਬਰਤਾਨੀਆ ਦੀ ਸੁਰੱਖਿਆ ਪ੍ਰਣਾਲੀ ਉੱਪਰ ਵੀ ਸਵਾਲ ਉਠਾਉਂਦੀਆਂ ਹਨ ਕਿ ਬਰਤਾਨੀਆ ਦੀ ਸੁਰੱਖਿਆ ਪ੍ਰਣਾਲੀ ਏਨੀ ਲਚਰ ਹੋ ਚੁੱਕੀ ਹੈ ਕਿ ਇਹ ਮਹਿਲਾਵਾਂ ਦੀ ਵੀ ਸੁਰੱਖਿਆ ਨਹੀਂ ਕਰ ਸਕਦੀ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਅੰਗਰੇਜ਼ਾਂ ਦਾ ਕਰੀਬ ਸਾਰੀ ਦੁਨੀਆ 'ਤੇ ਰਾਜ ਸੀ ਤੇ ਉਹਨਾਂ ਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ ਹੁੰਦਾ।

ਬਰਤਾਨੀਆ ਦੇ ਜਨਗਣਨਾ ਅੰਕੜਿਆਂ ਅਨੁਸਾਰ ਬ੍ਰਿਟੇਨ ਵਿੱਚ 4 ਲੱਖ 30 ਹਜ਼ਾਰ ਤੋਂ ਵੱਧ ਸਿੱਖ ਰਹਿੰਦੇ ਹਨ। ਬਰਤਾਨੀਆ 'ਚ 2001 ਦੀ ਮਰਦਮਸ਼ੁਮਾਰੀ ਦੌਰਾਨ ਸਿੱਖ ਭਾਈਚਾਰੇ ਨੂੰ ਇੱਕ ਵੱਖਰੇ ਧਰਮ ਵਜੋਂ ਮਾਨਤਾ ਦਿੱਤੀ ਗਈ ਸੀ। ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਬਰਤਾਨੀਆ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ ਅਤੇ ਬਰਤਾਨੀਆ ਵਿੱਚ ਅਨੇਕਾਂ ਸਿੱਖ ਉੱਚ ਅਹੁਦਿਆਂ 'ਤੇ ਵੀ ਬਿਰਾਜਮਾਨ ਹਨ। ਇਸ ਦੇ ਬਾਵਜੂਦ ਉਥੇ ਕੁਝ ਸਮੇਂ ਦੌਰਾਨ ਹੀ ਤਿੰਨ ਸਿੱਖ ਕੁੜੀਆਂ, ਜਿਨ੍ਹਾਂ ਵਿਚੋਂ ਇੱਕ ਲੜਕੀ ਤਾਂ ਸਿਰਫ਼ 14 ਸਾਲ ਦੀ ਮਾਸੂਮ ਹੈ, ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਵੱਡੀ ਚਿੰਤਾ ਦਾ ਵਿਸ਼ਾ ਹਨ। ਬਰਤਾਨੀਆ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਰਤਾਨੀਆ ਵਿੱਚ ਲੜਕੀਆਂ ਦੀ ਸੁਰੱਖਿਆ ਲਈ ਵਿਸ਼ੇਸ਼ ਉਪਰਾਲੇ ਕਰੇ ਅਤੇ ਲੜਕੀਆਂ ਨਾਲ ਧੱਕੇਸ਼ਾਹੀ ਕਰਨ ਵਾਲੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ ਤਾਂ ਕਿ ਅਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।

# ਕੀ ਮੁੜ ਹੋ ਰਹੀ ਹੈ ਬਸਤੀਵਾਦੀ ਯੁੱਗ ਦੀ ਵਾਪਸੀ ?



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।



ਵੈਨੇਜ਼ੁਏਲਾ ਲਾਤੀਨੀ ਅਮਰੀਕਾ ਦਾ ਪੂਰੇ ਵਿਸ਼ਵ ਵਿੱਚ ਸਭ ਤੋਂ ਵੱਡਾ ਭਾਵ 303 ਬਿਲੀਅਨ ਬੈਰਲ ਤੇਲ ਦਾ ਜ਼ਖੀਰਾ ਰੱਖਣ ਵਾਲਾ ਦੇਸ਼ ਹੈ। ਉਹ ਲੰਬੇ ਸਮੇਂ ਤੋਂ ਉਸ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ 'ਤੇ ਕੋਕੀਨ ਤਸਕਰੀ ਦਾ ਵੱਡਾ ਤਸਕਰ ਹੋਣ ਦਾ ਦੋਸ਼ ਲਗਾ ਰਿਹਾ ਹੈ। ਅਮਰੀਕਾ ਦੀ ਫੈਡਰਲ ਅਦਾਲਤ ਨੇ ਸੰਨ 2020 ਵਿਚ ਉਸ ਨੂੰ ਟਨਾਂ ਦੇ ਹਿਸਾਬ ਨਾਲ ਕੋਕੀਨ ਕੌਮਾਂਤਰੀ ਤਸਕਰ ਕਾਲ ਡੀ ਲੋਸ ਸੋਲਜ ਜ਼ਰੀਏ ਭੇਜਣ ਲਈ ਦੋਸ਼ੀ ਠਹਿਰਾਇਆ ਸੀ ਜੋ ਦੋਸ਼ ਉਸ ਨੇ ਨਕਾਰ ਦਿੱਤਾ ਸੀ।

ਦਰਅਸਲ, ਸਾਰੀ ਖੇਡ ਤੇਲ, ਸੋਨੇ ਅਤੇ ਹੋਰ ਕੁਦਰਤੀ ਭੰਡਾਰਾਂ ਦੀ ਹੈ। ਮਾਦੂਰੋ ਅਮਰੀਕਾ ਦਾ ਪਿੱਠੂ ਬਣਨ ਲਈ ਤਿਆਰ ਨਹੀਂ ਸੀ। ਇਸੇ ਲਈ ਟਰੰਪ ਨੇ ਪਿਛਲੇ ਚਾਰ ਮਹੀਨੇ ਤੋਂ ਸਮੁੰਦਰੀ ਜਹਾਜ਼ਾਂ, 15000 ਨੇਵੀ ਲੜਾਕੂਆਂ ਨਾਲ ਕੈਰੇਬੀਅਨ ਪਾਣੀਆਂ ਅਤੇ ਵੈਨੇਜ਼ੁਏਲਾ ਦੀ ਹਵਾਈ ਆਵਾਜਾਈ ਦੀ ਨਾਕਾਬੰਦੀ ਕੀਤੀ ਹੋਈ ਸੀ। ਉਸ ਵਿਰੁੱਧ ਆਰਥਿਕ ਪਾਬੰਦੀਆਂ ਲਗਾਈਆਂ ਹੋਈਆਂ ਸਨ। ਅਮਰੀਕਾ ਨੇ ਦੋ ਦਰਜਨ ਹਮਲਿਆਂ ਵਿੱਚ ਕਿਸ਼ਤੀਆਂ ਸਵਾਰ 110 ਦੇ ਕਰੀਬ ਵਿਅਕਤੀ ਤਸਕਰੀ ਦੇ ਦੋਸ਼ਾਂ ਹੇਠ ਮਾਰ-ਮੁਕਾਏ ਸਨ।

ਸ਼ਨਿੱਚਰਵਾਰ ਤਿੰਨ ਜਨਵਰੀ 2026 ਨੂੰ ਰਾਤ 2 ਵਜੇ ਅਮਰੀਕਾ ਨੇ ਵੈਨੇਜ਼ੁਏਲਾ ਦੀ ਰਾਜਧਾਨੀ ਕਾਰਾਕਾਸ 'ਤੇ ਹਮਲਾ ਕਰਦੇ ਹੋਏ 90 ਮਿੰਟ ਤਾਬੜਤੋੜ ਬੰਬਾਰੀ ਕੀਤੀ। ਮੀਰਾਂਡਾ, ਰਾਗੁਆ ਅਤੇ ਲਾ ਗਵੇਰਾ ਨਾਮਕ ਤਿੰਨ ਪ੍ਰਾਂਤਾਂ 'ਤੇ ਵੀ ਹਮਲਾ ਕੀਤਾ ਜਿਸ ਵਿੱਚ 150 ਹਵਾਈ ਜਹਾਜ਼ਾਂ ਨੇ ਭਾਗ ਲਿਆ। ਰਾਸ਼ਟਰਪਤੀ ਮਾਦੂਰੋ ਦੀ ਰਿਹਾਇਸ਼ 'ਤੇ ਕਬਜ਼ਾ ਕਰ ਲਿਆ ਗਿਆ। ਉਹ ਪਤਨੀ ਸਮੇਤ ਸਟੀਲ ਚੈਂਬਰ ਵਿੱਚ ਪਨਾਹ ਲੈਣ ਵਾਲਾ ਹੀ ਸੀ ਕਿ ਕੁੰਡਾ ਨਾ ਵੱਜ ਸਕਿਆ ਅਤੇ ਪਕੜਿਆ ਗਿਆ। ਉਸ ਨੂੰ ਯੂਐੱਸਐੱਸ ਐੱਮਪੀਫੀਬੀਐੱਸ ਵਿੱਚ ਹੈਲੀਕਾਪਟਰ ਰਾਹੀਂ ਲਿਆਂਦਾ। ਉੱਥੋਂ ਨਿਊਯਾਰਕ ਡਿਟੈਂਸ਼ਨ ਸੈਂਟਰ ਵਿੱਚ ਲਿਆਂਦਾ। ਉਸ ਨੂੰ ਮੈਨਹਾਟਨ ਫੈਡਰਲ ਕੋਰਟ ਵਿੱਚ ਪੇਸ਼ ਕੀਤੇ ਜਾਣ ਤੋਂ ਬਾਅਦ ਜੇਲ੍ਹ ਭੇਜਿਆ ਗਿਆ।

ਸੰਨ 1989 ਵਿੱਚ ਪਨਾਮਾ ਦਾ ਰਾਸ਼ਟਰਪਤੀ ਮੈਨੂਅਲ ਨੋਰੀਗਾ ਅਜਿਹੀ ਫ਼ੌਜੀ ਕਾਰਵਾਈ ਵਿੱਚ ਨਸ਼ਾ ਤਸਕਰੀ ਦੇ ਦੋਸ਼ਾਂ ਵਿੱਚ ਫੜਿਆ ਸੀ ਤੇ ਮੁਕੱਦਮਾ ਚਲਾਇਆ ਸੀ। ਉਹ ਸੰਨ 2007 ਵਿੱਚ ਜੇਲ੍ਹ ਵਿੱਚ ਮਰ ਗਿਆ ਸੀ। ਤੇਰਾਂ ਦਸੰਬਰ 2003 ਨੂੰ ਇਰਾਕ 'ਤੇ ਹਮਲੇ ਦੇ ਨੌਂ ਮਹੀਨਿਆਂ ਬਾਅਦ ਰਾਸ਼ਟਰਪਤੀ ਸੱਦਾਮ ਹੁਸੈਨ ਧਰਤੀ ਹੇਠ ਬਸੇਰੇ ਵਿੱਚੋਂ ਪਕੜਿਆ ਗਿਆ। ਮੁਕੱਦਮਾ ਚਲਾ ਕੇ 30 ਦਸੰਬਰ 2006 ਨੂੰ ਉਸ ਨੂੰ ਫਾਂਸੀ ਦੇ ਦਿੱਤੀ ਗਈ। ਫਰਵਰੀ 2022 ਵਿੱਚ ਹਾਂਡੂਰਸ ਦਾ ਰਾਸ਼ਟਰਪਤੀ ਹਰਨੈਂਡਜ਼ ਪਕੜਿਆ। ਮੁਕੱਦਮੇ ਵਿੱਚ 45 ਸਾਲ ਸਜ਼ਾ ਦਿੱਤੀ ਗਈ ਪਰ ਇੱਕ ਦਸੰਬਰ 2025 ਨੂੰ ਟਰੰਪ ਨੇ ਮਾਫ਼ੀ ਦੇ ਕੇ ਰਿਹਾਅ ਕਰ ਦਿੱਤਾ।

ਤੇਈ ਨਵੰਬਰ 1962 ਨੂੰ ਜਨਮਿਆ ਮਾਦੂਰੋ ਇੱਕ ਗ਼ਰੀਬ ਘਰ ਦਾ ਤਿੰਨ ਭੈਣਾਂ ਦਾ ਇੱਕੋ-ਇੱਕ ਭਰਾ ਹੈ। ਉਸ ਦਾ ਪਿਤਾ ਟਰੇਡ ਯੂਨੀਅਨ ਆਗੂ ਸੀ। ਮੈਟ੍ਰਿਕ ਕਰ ਕੇ ਉਹ ਬੱਸ ਚਾਲਕ ਬਣਿਆ ਅਤੇ ਫਿਰ ਟਰੇਡ ਯੂਨੀਅਨ ਆਗੂ ਕਮਿਊਨਿਸਟ ਲਹਿਰ ਤੋਂ ਪ੍ਰਭਾਵਿਤ ਹੋ ਕੇ ਉਹ ਫੀਦਲ ਕਾਸਤਰੋ ਦੇ ਕਿਊਬਾ ਵਿੱਚ ਖੱਬੇ-ਪੱਖੀ ਵਿਚਾਰਧਾਰਾ ਅਤੇ ਟਰੇਨਿੰਗ ਲਈ ਕੁਝ ਸਮਾਂ ਰਿਹਾ। ਉਸ ਨੇ ਯੂਨਾਈਟਿਡ ਸੋਸ਼ਲਿਸਟ ਪਾਰਟੀ ਦੀ ਮੈਂਬਰਸ਼ਿਪ ਲੈ ਲਈ। ਸੰਨ 2000 ਵਿੱਚ ਨੈਸ਼ਨਲ ਅਸੈਂਬਲੀ ਲਈ ਚੁਣਿਆ ਗਿਆ। ਛੇਤੀ ਹੀ ਰਾਸ਼ਟਰਪਤੀ ਹੂਗੋ ਸ਼ਾਵੇਜ਼ ਦੇ ਨੇੜੇ ਚਲਾ ਗਿਆ। ਇਹ ਉਹ ਸ਼ਾਵੇਜ਼ ਸੀ ਜਿਸ ਨੇ ਯੂਐੱਨ ਜਨਰਲ ਅਸੈਂਬਲੀ ਵਿਚ ਬੋਲਦੇ ਹੋਏ ਅਮਰੀਕੀ ਰਾਸ਼ਟਰਪਤੀ ਜਾਰਜ.ਡਬਲਯੂ. ਬੁਸ਼ ਨੂੰ ਸ਼ੈਤਾਨ ਕਹਿਣ ਦੀ ਜੁਰਅਤ ਕੀਤੀ। ਮਾਦੂਰੋ 2006 ਤੋਂ 2012 ਤੱਕ ਨੈਸ਼ਨਲ ਅਸੈਂਬਲੀ ਦਾ ਸਪੀਕਰ, ਵਿਦੇਸ਼ ਮੰਤਰੀ ਰਿਹਾ ਅਤੇ ਉਪ ਰਾਸ਼ਟਰਪਤੀ 2012-13 ਵਿੱਚ ਰਿਹਾ। ਸ਼ਾਵੇਜ਼ ਦੀ ਮੌਤ ਤੋਂ ਬਾਅਦ ਉਹ 2013 ਵਿੱਚ 50.6, ਸੰਨ 2018 ਵਿੱਚ 67.8 ਅਤੇ ਸੰਨ 2024 ਵਿੱਚ 51.2% ਵੋਟਾਂ ਲੈ ਕੇ ਰਾਸ਼ਟਰਪਤੀ ਬਣਦਾ ਰਿਹਾ। ਸੰਨ 2025 ਵਿੱਚ ਉਸ ਨੇ ਇਸ ਪਦ ਦੀ ਸਹੁੰ ਚੁੱਕੀ ਸੀ। ਉਸ ਨੂੰ ਹਮੇਸ਼ਾ ਅਮਰੀਕਾ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਨੋਬਲ ਇਨਾਮ ਵਿਜੇਤਾ ਵਿਰੋਧੀ ਧਿਰ ਦੀ ਆਗੂ ਮਾਰੀਆ ਕੋਰੀਨਾ ਮਚਾਡੋ ਮਾਦੂਰੋ ਦੀ ਧੁਰ ਵਿਰੋਧੀ ਰਹੀ ਹੈ। ਮਾਦੂਰੋ ਦੇ ਚੀਨ, ਰੂਸ ਤੇ ਲਤੀਨੀ ਅਮਰੀਕੀ ਦੇਸ਼ਾਂ ਨਾਲ ਚੰਗੇ ਸਬੰਧ ਰਹੇ। ਉਹ ਬ੍ਰਿਕਸ ਸੰਗਠਨ ਦਾ ਮੈਂਬਰ ਬਣਨਾ ਚਾਹੁੰਦਾ ਸੀ। ਉਸ ਦੀ ਰਾਖੀ ਲਈ ਚੀਨ ਅਤੇ ਰੂਸ ਅੱਗੇ ਨਹੀਂ ਆਏ ਜਿਵੇਂ ਕਿ ਸਾਨੂੰ 1962 ਵਿੱਚ ਮਿਜ਼ਾਈਲ ਸੰਕਟ ਵੇਲੇ ਅਮਰੀਕੀ ਰਾਸ਼ਟਰਪਤੀ ਜੋਹਨ ਐੱਫ. ਕੈਨੇਡੀ ਵਿਰੁੱਧ ਰੂਸੀ ਆਗੂ ਨਿਕੇਤਾ ਖੋਰਸ਼ਚੇਵ ਅੱਗੇ ਆਏ ਸਨ। ਉਦੋਂ ਵਿਸ਼ਵ ਦੀ ਤੀਸਰੀ ਮਹਾ ਜੰਗ ਲੱਗਦੇ-ਲੱਗਦੇ ਰੁਕੀ ਸੀ।

ਕੈਨੇਡਾ ਨੇ ਤਾਂ ਅਮਰੀਕਾ ਦਾ 51ਵਾਂ ਰਾਜ ਕੀ ਬਣਨਾ ਸੀ, ਵੈਨੇਜ਼ੁਏਲਾ ਸਹੀ ਆਗੂ ਮਿਲਣ ਤੱਕ ਅਮਰੀਕਾ ਦਾ 51ਵਾਂ ਰਾਜ ਬਣ ਗਿਆ ਹੈ। ਟਰੰਪ ਕਹਿੰਦਾ ਹੈ ਕਿ ਵੈਨੇਜ਼ੁਏਲਾ 'ਤੇ ਕਾਰਵਾਈ ਦੌਰਾਨ ਅਮਰੀਕਾ ਦਾ ਧੇਲਾ ਵੀ ਖ਼ਰਚ ਨਹੀਂ ਹੋਇਆ। ਉਸ ਦੀਆਂ ਕੰਪਨੀਆਂ ਇਸ ਦੇ ਤੇਲ, ਸੋਨੇ ਅਤੇ ਹੋਰ ਖਣਿਜਾਂ 'ਤੇ ਕਬਜ਼ਾ ਕਰਨਗੀਆਂ ਅਤੇ ਅਮਰੀਕੀ ਖ਼ਜ਼ਾਨੇ ਭਰਨਗੀਆਂ। ਟਰੰਪ ਨੇ ਐਲਾਨ ਕੀਤਾ ਕਿ ਪੱਛਮੀ ਗੋਲਾਰਧ ਦਾ ਅਮਰੀਕਾ ਪੂਰੀ ਤਰ੍ਹਾਂ ਮਾਲਕ ਹੈ। ਸੰਨ 1823 ਵਿਚ ਅਮਰੀਕੀ ਰਾਸ਼ਟਰਪਤੀ ਮੁਨਰੋ ਦੇ ਸਿਧਾਂਤ ਕਿ ਅਮਰੀਕਾ ਅਮਰੀਕੀਆਂ ਦਾ ਹੈ, ਮੁੜ ਸੁਰਜੀਤ ਕੀਤਾ ਗਿਆ ਹੈ। ਸੈਨੇਟ ਵਿੱਚ ਵਿਰੋਧੀ ਧਿਰ ਦੇ ਆਗੂ ਚੱਕ ਸੁਮਰ ਅਨੁਸਾਰ ਟਰੰਪ ਦਾ ਐਲਾਨ ਅਮਰੀਕੀਆਂ ਦੇ ਦਿਲਾਂ ਵਿੱਚ ਡਰ ਅਤੇ ਖ਼ੌਫ਼ ਪੈਦਾ ਕਰੇਗਾ। ਇਹ ਸੰਤਾਪ ਉਨ੍ਹਾਂ ਨੂੰ ਆਪਣੇ ਪਿੰਡੇ 'ਤੇ ਭੋਗਣਾ ਪਵੇਗਾ। ਬਰਨੀ ਸੈਂਡਰਜ਼ ਵਰਮੋਂਟ ਤੋਂ ਆਜ਼ਾਦ ਸੈਨੇਟਰ ਦਾ ਕਹਿਣਾ ਹੈ ਕਿ ਵੈਨੇਜ਼ੁਏਲਾ ਦੇ ਤੇਲ ਭੰਡਾਰਾਂ 'ਤੇ ਅਮਰੀਕੀ ਕਬਜ਼ਾ ਸਰਮਾਏਦਾਰੀ ਬਸਤੀਵਾਦ ਹੈ ਜੋ ਇਤਿਹਾਸ ਵਿੱਚ ਕਾਲੇ ਅਧਿਆਏ ਵਜੋਂ ਦਰਜ ਹੋਵੇਗਾ। ਕਮਲਾ ਹੈਰਿਸ ਅਮਰੀਕੀ ਫ਼ੌਜੀ ਕਾਰਵਾਈ ਨੂੰ ਗ਼ੈਰ-ਕਾਨੂੰਨੀ ਅਤੇ ਬੇਵਕੂਫਾਨਾ ਦੱਸਦੀ ਹੈ।

ਚੀਨ ਨੇ ਰਾਸ਼ਟਰਪਤੀ ਮਾਦੂਰੋ ਦੀ ਅਮਰੀਕੀ ਹਿਰਾਸਤ ਵਿੱਚੋਂ ਰਿਹਾਈ ਦੀ ਮੰਗ ਕੀਤੀ ਹੈ। ਰੂਸ, ਇਰਾਨ ਨੇ ਅਮਰੀਕੀ ਕਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸਪੇਨ, ਬ੍ਰਾਜ਼ੀਲ, ਚਿੱਲੀ, ਕੋਲੰਬੀਆ, ਮੈਕਸੀਕੋ, ਉਰੂਗਵੇ ਨੇ ਸਾਂਝੇ ਬਿਆਨ ਵਿੱਚ ਅਮਰੀਕੀ ਹਮਲੇ ਨੂੰ ਬਹੁਤ ਖ਼ਤਰਨਾਕ ਮਿਸਾਲ ਕਰਾਰ ਦਿੱਤਾ ਹੈ। ਭਾਰਤ ਵੀ ਇਸ ਮਸਲੇ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ।

ਉਪ ਰਾਸ਼ਟਰਪਤੀ ਡਲਸੀ ਰੋਡਰਿਗਜ਼ ਨੂੰ ਵੈਨੇਜ਼ੁਏਲਾ ਸੰਵਿਧਾਨਕ ਚੈਂਬਰ ਸੁਪਰੀਮ ਕੋਰਟ ਵੱਲੋਂ ਅੰਤਰਿਮ ਰਾਸ਼ਟਰਪਤੀ ਬਣਾਇਆ ਗਿਆ ਹੈ। ਮਾਦੂਰੋ ਦੇ ਸਹਿਯੋਗੀ ਸਰਕਾਰ 'ਤੇ ਕਾਬਜ਼ ਹਨ। ਉਪ ਰਾਸ਼ਟਰਪਤੀ ਨੇ ਰਾਸ਼ਟਰਪਤੀ ਮਾਦੂਰੋ ਅਤੇ ਉਸ ਪਤਨੀ ਦੀ ਰਿਹਾਈ ਦੀ ਮੰਗ ਕੀਤੀ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਕਹਿਣਾ ਹੈ ਕਿ ਅਮਰੀਕਾ ਵੈਨੇਜ਼ੁਏਲਾ ਨਾਲ ਜੰਗ ਨਹੀਂ ਲੜ ਰਿਹਾ। ਉਹ ਉੱਥੋਂ ਦੀ ਸਰਕਾਰ ਨਾਲ ਮਿਲਵਰਤਨ ਕਰੇਗਾ ਪਰ ਟਰੰਪ 'ਤੇ ਕਿਸੇ ਵੀ ਵਿਸ਼ਵ ਆਗੂ ਨੂੰ ਇਤਬਾਰ ਨਹੀਂ ਕਿ ਅਗਲੇ ਪਲ ਕੀ ਕਰ ਸੁੱਟੇ।

ਕੌਮਾਂਤਰੀ ਕਾਨੂੰਨਾਂ ਦੇ ਮਾਹਿਰਾਂ ਅਨੁਸਾਰ ਅਮਰੀਕਾ ਇਸ ਕਾਰਵਾਈ ਨੂੰ ਸਵੈ-ਰੱਖਿਆ ਦੱਸੇਗਾ ਤੇ ਵਿਸ਼ਵ ਭਾਈਚਾਰੇ, ਲੋਕਤੰਤਰੀ ਦੇਸ਼ਾਂ ਅਤੇ ਸ਼ਾਂਤੀ ਪ੍ਰੇਮੀ ਲੋਕਾਂ ਦੇ ਗੁੱਸੇ ਅਤੇ ਤ੍ਰਿਸਕਾਰ ਤੋਂ ਬਚਣ ਦਾ ਯਤਨ ਕਰੇਗਾ। ਅਮਰੀਕਾ ਨੇ ਯੂਐੱਨ ਚਾਰਟਰ ਅਕਤੂਬਰ 1945 'ਤੇ ਦਸਤਖ਼ਤ ਕੀਤੇ ਹੋਏ ਹਨ ਤਾਂ ਜੋ ਦੋ ਵਿਸ਼ਵ ਜੰਗਾਂ ਤੋਂ ਬਾਅਦ ਕੋਈ ਤੀਜੀ ਆਲਮੀ ਜੰਗ ਨਾ ਲੱਗੇ। ਯੂਐੱਨ ਚਾਰਟਰ ਦੀ ਧਾਰਾ 2(4) ਵਿੱਚ ਦਰਜ ਹੈ ਕਿ ਮੈਂਬਰ ਮੁਲਕਾਂ ਨੂੰ ਦੂਸਰੇ ਦੇਸ਼ਾਂ 'ਤੇ ਫ਼ੌਜੀ ਸ਼ਕਤੀ ਵਰਤਣ ਤੋਂ ਗੁਰੇਜ਼ ਕਰਨਾ ਹੋਵੇਗਾ ਅਤੇ ਉਨ੍ਹਾਂ ਦੀ ਪ੍ਰਭੂਸੱਤਾ ਦੀ ਕਦਰ ਕਰਨੀ ਹੋਵੇਗੀ। ਅਮਰੀਕਾ ਨੇ ਹਮਲਾ ਕਰ ਕੇ ਅਪਰਾਧ ਕੀਤਾ ਹੈ ਜੋ ਨਿਊਰਮਬਰਗ ਅਦਾਲਤ ਨੇ ਸਰਵਉੱਚ ਅਪਰਾਧ ਗਰਦਾਨਿਆ ਹੋਇਆ ਹੈ। ਕਿੰਗਸਟਨ ਯੂਨੀਵਰਸਿਟੀ ਵਿਚ ਕੌਮਾਂਤਰੀ ਕਾਨੂੰਨ ਦੇ ਪ੍ਰੋਫੈਸਰ ਇਲਵੀਰਾ ਡੋਮੀਗਿਊਜਾ ਰੇਡੋਡੋ ਇਸ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਦੂਸਰੇ ਦੇਸ਼ ਵਿਰੁੱਧ ਵਰਤੀ ਸ਼ਕਤੀ ਅਤੇ ਹਮਲਾਵਰ ਅਪਰਾਧ ਮੰਨਦੇ ਹਨ। ਯੂਐੱਨ ਜੰਗੀ ਅਪਰਾਧ ਅਦਾਲਤ ਦੇ ਸਾਬਕਾ ਮੁਖੀ ਜੈਫਰੀ ਰਾਬਰਟਸਨ ਇਸ ਨੂੰ ਯੂਐੱਨ ਚਾਰਟਰ ਦੀ ਉਲੰਘਣਾ ਕਰਾਰ ਦਿੰਦੇ ਹਨ।

ਯੂਐੱਨ ਸੁਰੱਖਿਆ ਕੌਂਸਲ ਅਜਿਹੇ ਹਮਲਾਵਰ ਅਪਰਾਧੀਆਂ ਵਿਰੁੱਧ ਵਪਾਰਕ, ਹਥਿਆਰਾਂ ਦੀ ਖ਼ਰੀਦੋ-ਫਰੋਖਤ ਅਤੇ ਦੂਸਰੇ ਦੇਸ਼ਾਂ ਵਿੱਚ ਯਾਤਰਾ 'ਤੇ ਪਾਬੰਦੀਆਂ ਲਗਾ ਸਕਦੀ ਹੈ ਪਰ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਰੂਸ, ਅਮਰੀਕਾ, ਯੂਕੇ, ਫਰਾਂਸ ਤੇ ਚੀਨ ਕੋਲ ਵੀਟੋ ਸ਼ਕਤੀ ਹੋਣ ਕਾਰਨ ਅਮਰੀਕਾ ਵਿਰੁੱਧ ਅਜਿਹਾ ਸੰਭਵ ਨਹੀਂ। ਸਪਸ਼ਟ ਹੈ ਕਿ ਸੁਰੱਖਿਆ ਕੌਂਸਲ ਬੇਕਾਰ ਸੰਸਥਾ ਬਣ ਕੇ ਰਹਿ ਚੁੱਕੀ ਹੈ।

ਅਮਰੀਕਾ ਦਾ ਵੈਨੇਜ਼ੁਏਲਾ 'ਤੇ ਹਿਟਲਰੀ ਹਮਲਾ ਮਾਹਿਰਾਂ ਅਨੁਸਾਰ ਦੂਸਰੇ ਤਾਕਤਵਰ ਦੇਸ਼ਾਂ ਲਈ ਅਜਿਹਾ ਕਰਨ ਲਈ ਹੌਸਲਾ ਅਫ਼ਜ਼ਾਈ ਸਾਬਿਤ ਹੋਵੇਗਾ ਭਾਵੇਂ ਹੀ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਿਉਂ ਨਾ ਹੋਵੇ? ਚੀਨ ਤਾਇਵਾਨ ਅਤੇ ਰੂਸ ਯੂਕਰੇਨ ਨੂੰ ਸ਼ਿਕਾਰ ਬਣਾਉਣਗੇ। ਸੁਰੱਖਿਆ ਕੌਂਸਲ ਨੇ ਤੀਸਰੀ ਆਲਮੀ ਜੰਗ ਰੋਕਣ ਲਈ ਜੋ ਇਕ ਸਿਸਟਮ ਖੜ੍ਹਾ ਕੀਤਾ ਸੀ, ਅਮਰੀਕਾ ਨੇ ਉਸ ਦਾ ਬੇੜਾ ਗਰਕ ਕਰ ਦਿੱਤਾ ਹੈ। ਇਰਾਕ 'ਤੇ ਹਮਲੇ ਵੇਲੇ ਯੂਕੇ ਨੇ ਵੀ ਅਜਿਹਾ ਗੁਨਾਹ ਕੀਤਾ ਸੀ। ਹੁਣ ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਕੀਰਨੇ ਪਾ ਰਿਹਾ ਹੈ ਕਿ ਸਭ ਨੂੰ ਕੌਮਾਂਤਰੀ ਕਾਨੂੰਨ ਦੀ ਰਾਖੀ ਕਰਨੀ ਚਾਹੀਦੀ ਹੈ। ਪ੍ਰੋਫੈਸਰ ਰਾਬਰਟਸਨ ਦਾ ਕਹਿਣਾ ਹੈ ਕਿ ਨਿਊਰਮਬਰਗ ਸਿਧਾਂਤਾਂ ਦੇ ਰਾਖੇ ਵਜੋਂ ਯੂਕੇ ਦਾ ਫ਼ਰਜ਼ ਹੈ ਕਿ ਉਹ ਅਮਰੀਕਾ ਵੱਲੋਂ ਕੌਮਾਂਤਰੀ ਕਾਨੂੰਨ ਦੀ ਕੀਤੀ ਉਲੰਘਣਾ ਕਰਨ ਕਰ ਕੇ ਉਸ ਦੀ ਆਲੋਚਨਾ ਕਰੇ। ਜੰਗ ਸ਼ੁਰੂ ਕਰਨ ਵਾਲੇ ਉਸ ਵਿਚ ਹੁੰਦੀਆਂ ਮੌਤਾਂ ਅਤੇ ਤਬਾਹੀ ਲਈ ਦੋਸ਼ੀ ਹੁੰਦੇ ਹਨ ਪਰ ਯੂਕੇ ਅਜਿਹੀ ਰਾਖੀ ਦੀ ਜੁਰਅਤ ਗੁਆ ਬੈਠਾ ਹੈ। ਟਰੰਪ ਖ਼ੂੰਖਾਰ ਗਲੋਬਲ ਜੰਗਬਾਜ਼ ਅਤੇ ਵਿਸ਼ਵ-ਵਿਆਪੀ ਖ਼ਤਰਾ ਬਣ ਚੁੱਕਾ ਹੈ।

# ਵਿਸ਼ਵ ਲਈ ਵੱਡੀ ਚੁਣੌਤੀ ਬਣਿਆ ਸਾਮਰਾਜਵਾਦ



ਸ੍ਰੀਰਾਮ ਚੌਲੀਆ
(ਲੇਖਕ ਜਿੰਦਲ ਸਕੂਲ ਆਫ ਇੰਟਰਨੈਸ਼ਨਲ ਅਫੇਅਰਜ਼ ਵਿੱਚ ਪ੍ਰੋਫੈਸਰ ਤੇ ਡੀਨ ਹੈ)।

ਵੈਨੇਜ਼ੁਏਲਾ 'ਚ ਅਮਰੀਕੀ ਹਮਲਾ ਇਹ ਦਰਸਾਉਂਦਾ ਹੈ ਕਿ ਅਸੀਂ ਮਹਾਸ਼ਕਤੀਆਂ ਦੀ ਖ਼ੂਨੀ ਮੁਕਾਬਲੇਬਾਜ਼ੀ ਅਤੇ ਉਨ੍ਹਾਂ ਦੇ ਮਨਮਰਜ਼ੀ ਦੇ ਦਖ਼ਲਾਂ ਦੇ ਯੁੱਗ ਵਿੱਚ ਵਿਚਰ ਰਹੇ ਹਾਂ। ਅਜਿਹੇ ਦੌਰ ਵਿੱਚ, ਜਿੱਥੇ ਕੌਮਾਂਤਰੀ ਕਾਨੂੰਨਾਂ ਅਤੇ ਜੰਗਲ ਦੇ ਕਾਨੂੰਨਾਂ ਵਿੱਚ ਕੋਈ ਫ਼ਰਕ ਨਹੀਂ ਰਹਿ ਗਿਆ ਹੈ। ਵੈਨੇਜ਼ੁਏਲਾ ਵਿੱਚ ਤਖ਼ਤਾਪਲਟ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੇਖੀ ਮਾਰਦੇ ਹੋਏ ਕਿਹਾ, "ਜੇ ਸਾਨੂੰ ਇਸ ਨੂੰ ਫਿਰ ਤੋਂ ਕਰਨਾ ਪਵੇਗਾ ਤਾਂ ਅਸੀਂ ਫਿਰ ਤੋਂ ਅਜਿਹਾ ਕਰ ਸਕਦੇ ਹਾਂ ਅਤੇ ਕੋਈ ਸਾਨੂੰ ਰੋਕ ਨਹੀਂ ਸਕਦਾ।" ਯਾਨੀ ਜਿਸ ਦੀ ਲਾਠੀ ਉਸ ਦੀ ਮੱਝ।

ਟਰੰਪ ਦਾ ਇਹ ਬਸਤੀਵਾਦੀ ਦਾਅਵਾ ਕਿ 'ਅਸੀਂ ਵੈਨੇਜ਼ੁਏਲਾ ਨੂੰ ਚਲਾਵਾਂਗੇ ਅਤੇ ਯਕੀਨੀ ਬਣਾਵਾਂਗੇ ਕਿ ਇਸ ਨੂੰ ਠੀਕ ਤਰੀਕੇ ਨਾਲ ਚਲਾਇਆ ਜਾਵੇ।" ਇਹ ਸਪਸ਼ਟ ਸੰਕੇਤ ਹੈ ਕਿ ਤਾਕਤਵਰ ਹੀ ਕਮਜ਼ੋਰ 'ਤੇ ਰਾਜ ਕਰਨਗੇ। ਟਰੰਪ ਵੱਲੋਂ ਵੈਨੇਜ਼ੁਏਲਾ ਵਿੱਚ ਨਾਜਾਇਜ਼ ਤਰੀਕੇ ਨਾਲ ਸੱਤਾ ਪਰਿਵਰਤਨ ਕਰ ਕੇ ਉੱਥੋਂ ਦੇ ਖਣਿਜਾਂ ਨੂੰ ਅਮਰੀਕੀ ਕੰਪਨੀਆਂ ਦੀ ਅਜ਼ਾਰੇਦਾਰੀ ਵਿੱਚ ਲਿਆਉਣ ਦਾ ਖੁੱਲ੍ਹਮ-ਖੁੱਲ੍ਹਾ ਐਲਾਨ ਕਰਨ ਨੇ ਸਿੱਧ ਕਰ ਦਿੱਤਾ ਹੈ ਕਿ ਕੌਮਾਂਤਰੀ ਕਾਨੂੰਨਾਂ ਦੇ ਜੋ ਬਚੇ-ਖੁਚੇ ਬੰਧਨ ਸਨ, ਉਹ ਵੀ ਨੇਸਤੋਨਾਬੂਦ ਹੁੰਦੇ ਜਾ ਰਹੇ ਹਨ। ਇਸ ਤੋਂ ਪਹਿਲਾਂ ਰੂਸ ਨੇ ਆਪਣੇ ਮੁਕਾਬਲੇ ਕਮਜ਼ੋਰ ਗੁਆਂਢੀ ਯੂਕ੍ਰੇਨ 'ਤੇ ਹਮਲਾ ਕਰ ਕੇ ਉਸ 'ਤੇ ਵਿਸ਼ੇਸ਼ ਅਧਿਕਾਰਾਂ ਦਾ ਦਾਅਵਾ ਕੀਤਾ ਸੀ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਮੁਤਾਬਕ ਵੱਡੀਆਂ ਤਾਕਤਾਂ ਨੂੰ ਆਪੋ-ਆਪਣੇ ਪ੍ਰਭਾਵ ਵਾਲੇ ਖੇਤਰ ਰੱਖਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਅਤੇ ਯੂਕ੍ਰੇਨ ਦੀ ਸੱਚੀ ਪ੍ਰਭੂਸੱਤਾ ਉਦੋਂ ਹੀ ਸੰਭਵ ਹੈ ਜਦ ਉਹ ਰੂਸ ਪ੍ਰਤੀ ਦੋਸਤਾਨਾ ਰੁਖ਼ ਰੱਖੇ ਅਤੇ ਉਸ ਦੀ ਹਾਂ ਵਿੱਚ ਹਾਂ ਮਿਲਾਏ। ਇਨ੍ਹਾਂ ਦੇ ਉਲਟ ਚੀਨ ਨੇ ਹਾਲੇ ਤੱਕ ਤਾਇਵਾਨ 'ਤੇ ਵੱਡੇ ਪੈਮਾਨੇ 'ਤੇ ਹਮਲਾ ਕਰਨ ਜਾਂ ਭਾਰਤ, ਵੀਅਤਨਾਮ, ਫਿਲਪੀਨ ਜਾਂ ਜਾਪਾਨ 'ਤੇ ਸਿੱਧੇ ਹਮਲੇ ਦਾ ਯਤਨ ਨਹੀਂ ਕੀਤਾ ਹੈ ਪਰ ਕਮਜ਼ੋਰ ਗੁਆਂਢੀਆਂ ਪ੍ਰਤੀ ਉਸ ਦਾ ਵੀ ਬਸਤੀਵਾਦੀ ਅਤੇ ਦਬੰਗ ਰਵੱਈਆ ਹੈ ਜੋ ਦਿਨ-ਬ-ਦਿਨ ਹੋਰ ਵਿਗੜਦਾ ਜਾ ਰਿਹਾ ਹੈ।

ਜਦ ਵੀ ਤਾਕਤਵਰ ਦੇਸ਼ ਹਮਲਾਵਰ ਅਤੇ ਲੁਟੇਰੇ ਤੇਵਰਾਂ 'ਤੇ ਉਤਰ ਆਉਣ ਤਾਂ ਵੱਡੀ ਮੱਛੀ ਦਾ ਛੋਟੀ ਮੱਛੀ ਨੂੰ ਨਿਗਲਣਾ ਆਮ ਵਰਤਾਰਾ ਲੱਗਣ ਲੱਗਦਾ ਹੈ। ਆਲਮੀ ਸਿਆਸਤ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਿਧਾਂਤਾਂ ਅਤੇ ਮਾਪਦੰਡਾਂ ਦੇ ਆਧਾਰ 'ਤੇ ਸੰਚਾਲਿਤ ਹੁੰਦੀ ਹੈ ਪਰ ਹਾਲੀਆ ਮਿਸਾਲਾਂ ਕੁਝ ਹੋਰ ਹੀ ਇਸ਼ਾਰਾ ਕਰਦੀਆਂ ਹਨ। ਵੈਨੇਜ਼ੁਏਲਾ ਵਿੱਚ ਅਮਰੀਕੀ ਹਮਲੇ ਤੋਂ ਬਾਅਦ ਤਾਇਵਾਨ ਨੂੰ ਲੈ ਕੇ ਸਮੇਂ-ਸਮੇਂ 'ਤੇ ਹਮਲਾਵਰ ਰੁਖ਼ ਦਿਖਾਉਣ ਵਾਲੇ ਚੀਨ 'ਤੇ ਵੀ ਕੌਮਾਂਤਰੀ ਕਾਨੂੰਨ ਵਾਲੇ ਤਰਕ ਬੇਮਾਅਨੇ ਹੋ ਜਾਂਦੇ ਹਨ।

ਲੈਟਿਨ ਭਾਸ਼ਾ ਵਿੱਚ 'ਟੂ ਕੁਆਕਵੇ' ਵਰਗੀ ਇੱਕ ਧਾਰਨਾ ਹੈ ਜਿਸ ਮੁਤਾਬਕ ਵਿਰੋਧੀ ਦੇ ਨਿੱਜੀ



ਵਿਵਹਾਰ ਅਤੇ ਕਾਰਜਾਂ ਨੂੰ ਉਨ੍ਹਾਂ ਦੇ ਤਰਕ ਦੇ ਨਾਲ ਤਰਕ ਤੋਂ ਰਹਿਤ ਦੱਸ ਕੇ ਉਨ੍ਹਾਂ ਦੇ ਤਰਕ ਨੂੰ ਖ਼ਾਰਜ ਕਰ ਦਿੱਤਾ ਜਾਂਦਾ ਹੈ। ਵੈਨੇਜ਼ੁਏਲਾ ਵਿੱਚ ਹਥਿਆਰਬੰਦ ਹਮਲਾ ਕਰ ਕੇ ਅਤੇ ਉਸ ਦੀ ਅੰਦਰੂਨੀ ਰਾਜਨੀਤੀ ਨੂੰ ਜ਼ਬਰਦਸਤੀ ਬਦਲ ਕੇ ਟਰੰਪ ਨੇ ਹਰ ਸੰਭਾਵੀ ਧਾੜਵੀ ਨੂੰ ਸੁਵਿਧਾਜਨਕ ਬਹਾਨਾ ਦੇ ਦਿੱਤਾ ਹੈ।

ਟਰੰਪ ਪ੍ਰਸ਼ਾਸਨ ਦੀ ਤਾਜ਼ਾਤਰੀਨ ਕੌਮੀ ਸੁਰੱਖਿਆ ਰਣਨੀਤੀ ਵਿੱਚ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਅਮਰੀਕਾ ਲੈਟਿਨ ਅਮਰੀਕਾ 'ਤੇ ਅਜ਼ਾਰੇਦਾਰੀ ਸਥਾਪਤ ਕਰਨ ਅਤੇ ਇੱਕ ਅਜਿਹੇ ਪੱਛਮੀ ਗੋਲਾਰਧ ਦਾ ਨਿਰਮਾਣ ਕਰਨ ਲਈ ਉੱਨੀਵੀਂ ਸਦੀ ਦੇ 'ਮੋਨਰੋ ਸਿਧਾਂਤ' ਨੂੰ ਸਮਕਾਲੀ ਸੰਦਰਭ ਵਿੱਚ ਲਾਗੂ ਕਰੇਗਾ ਜਿਸ ਨਾਲ ਪੂਰੇ ਖੇਤਰ ਦੀਆਂ ਸਰਕਾਰਾਂ ਨੂੰ ਅਮਰੀਕਾ ਦੇ ਆਰਥਿਕ ਅਤੇ ਰੱਖਿਆ ਹਿੱਤਾਂ ਅਨੁਸਾਰ ਚੱਲਣਾ ਹੋਵੇਗਾ। ਜੇ ਲਤੀਨੀ ਅਮਰੀਕਾ ਵਿੱਚ ਅਮਰੀਕਾ ਦਾ ਧੌਂਸ ਜਾਇਜ਼ ਹੈ ਤਾਂ ਏਸ਼ੀਆ ਵਿੱਚ ਚੀਨ ਆਪਣੇ-ਆਪ ਨੂੰ ਬੇਤਾਜ ਬਾਦਸ਼ਾਹ ਕਿਉਂ ਨਾ ਮੰਨ ਲਵੇ?

ਦੇਖਿਆ ਜਾਵੇ ਤਾਂ ਤਾਇਵਾਨ ਦਾ ਮਾਮਲਾ ਵੈਨੇਜ਼ੁਏਲਾ ਤੋਂ ਅਲੱਗ ਹੈ ਪਰ ਜਦ ਪ੍ਰਭੂਸੱਤਾ ਅਤੇ ਸ਼ਾਂਤੀਪੂਰਨ ਵਰਤਾਅ ਦੇ ਸਿਧਾਂਤ ਹੀ ਲੁਪਤ ਹੋ ਰਹੇ ਹੋਣ ਤਾਂ ਰਾਸ਼ਟਰਪਤੀ ਸ਼ੀ ਜਿਨਪਿੰਗ ਵਰਗੇ ਹਮਲਾਵਰ ਨੇਤਾ ਅਰਾਜਕਤਾ ਦਾ ਫ਼ਾਇਦਾ ਕਿਉਂ ਨਹੀਂ ਚੁੱਕਣਗੇ? ਚੀਨ ਯਕੀਨੀ ਤੌਰ 'ਤੇ ਇਰਾਕ, ਅਫ਼ਗਾਨਿਸਤਾਨ, ਲੀਬੀਆ ਅਤੇ ਹੁਣ ਵੈਨੇਜ਼ੁਏਲਾ ਵਿੱਚ ਪੱਛਮੀ ਦਖ਼ਲਅੰਦਾਜ਼ੀ ਦਾ ਹਵਾਲਾ ਦੇ ਕੇ ਤਾਇਵਾਨ ਅਤੇ ਹੋਰ ਏਸ਼ਿਆਈ ਗੁਆਂਢੀ ਮੁਲਕਾਂ 'ਤੇ ਦਬਾਅ ਪਾਉਣ ਅਤੇ ਹੋਰ ਹਮਲਿਆਂ ਦੀਆਂ ਯੋਜਨਾਵਾਂ ਨੂੰ ਤੇਜ਼ ਕਰੇਗਾ। ਰੂਸ ਦੀ ਤਰ੍ਹਾਂ ਚੀਨ ਵੀ ਕਹਿੰਦਾ ਆ ਰਿਹਾ ਹੈ ਕਿ ਪੱਛਮੀ ਤਾਕਤਾਂ ਦੇ ਪਾਖੰਡ ਅਤੇ ਦੋਹਰੇ ਰਵੱਈਏ ਕਾਰਨ ਹੀ ਕੌਮਾਂਤਰੀ ਕਾਨੂੰਨਾਂ ਦੇ ਚੀਥੜੇ ਉੱਡ ਗਏ ਹਨ ਅਤੇ ਉਹ ਦੋਵੇਂ ਆਪਣੀ 'ਆਤਮ-ਰੱਖਿਆ' ਦੇ ਨਾਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਲਈ ਖ਼ੁਦ ਨੂੰ ਮਜਬੂਰ ਦੱਸਦੇ ਹਨ।

ਤਾਇਵਾਨ ਨੂੰ ਧਮਕਾਉਣ ਲਈ ਚੀਨ ਦੁਆਰਾ ਕੀਤੀ ਜਾ ਰਹੀ ਹਰੇਕ ਜੰਗੀ ਮਸ਼ਕ ਵਿੱਚ ਅਨਿਸ਼ਚਿਤਤਾ ਮੌਜੂਦ ਹੈ ਅਤੇ ਇਨ੍ਹਾਂ 'ਚੋਂ ਕੋਈ ਵੀ ਹਕੀਕੀ ਜੰਗ ਵਿੱਚ ਤਬਦੀਲ ਹੋ ਸਕਦੀ ਹੈ। ਹੁਣ ਤੱਕ ਜੇ ਤਾਇਵਾਨ 'ਤੇ ਚੀਨ ਨੇ ਧਾਵਾ ਨਹੀਂ ਬੋਲਿਆ ਹੈ ਤਾਂ ਇਹ ਕੌਮਾਂਤਰੀ ਨਿਯਮਾਂ ਜਾਂ ਕਾਨੂੰਨ ਪ੍ਰਤੀ ਸ਼ੀ ਜਿਨਪਿੰਗ ਦੀ ਸ਼ਰਧਾ ਕਾਰਨ ਨਹੀਂ ਹੈ ਬਲਕਿ ਉਸ ਢੁੱਕਵੇਂ ਸਮੇਂ ਦੀ ਉਡੀਕ ਕਾਰਨ ਹੈ ਜਦ ਹਿੰਦ-ਪ੍ਰਸ਼ਾਂਤ ਵਿੱਚ ਸ਼ਕਤੀ ਸੰਤੁਲਨ ਅਤੇ ਭੂ-ਰਾਜਨੀਤਕ ਹਾਲਾਤ ਚੀਨ ਦੇ ਪੱਖ ਵਿੱਚ ਕਿਤੇ ਜ਼ਿਆਦਾ ਝੁਕ ਜਾਣ। ਚੀਨ ਭਲੀਭਾਂਤ ਜਾਣਦਾ ਹੈ ਕਿ ਅਮਰੀਕਾ ਹੁਣ ਵੀ 'ਖੁੱਲ੍ਹੇ ਅਤੇ ਸੁਤੰਤਰ' ਹਿੰਦ-ਪ੍ਰਸ਼ਾਂਤ ਨੂੰ ਆਪਣਾ ਮੂਲ ਰਾਸ਼ਟਰੀ ਹਿੱਤ ਮੰਨਦਾ ਹੈ ਅਤੇ ਅਮਰੀਕੀ ਫ਼ੌਜੀ ਸਮੱਗਰੀ ਲਗਾਤਾਰ ਤਾਇਵਾਨ ਅਤੇ ਹੋਰ ਏਸ਼ਿਆਈ ਮਿੱਤਰ ਦੇਸ਼ਾਂ ਨੂੰ ਵੇਚੀ ਵੀ ਜਾ ਰਹੀ ਹੈ।

ਜਿਨਪਿੰਗ ਇਹ ਚਾਹੁਣਗੇ ਕਿ ਵੈਨੇਜ਼ੁਏਲਾ ਵਿਚ ਦਖ਼ਲਅੰਦਾਜ਼ੀ ਤੋਂ ਬਾਅਦ ਜੇਕਰ ਅਮਰੀਕਾ ਉਸੇ ਗੁਆਂਢੀ ਖੇਤਰ ਵਿੱਚ ਬਸਤੀਵਾਦੀ ਮਨਸ਼ਾ ਨਾਲ ਜ਼ਿਆਦਾ ਉਲਝ ਜਾਵੇ ਅਤੇ ਚੀਨ ਨਾਲ ਵਪਾਰ ਸਮਝੌਤੇ ਕਾਰਨ ਏਸ਼ੀਆ ਦੀ ਤਕਦੀਰ ਚੀਨ ਦੇ ਹੱਥਾਂ ਵਿੱਚ ਛੱਡ ਦੇਵੇ ਤਾਂ ਤਾਇਵਾਨ 'ਤੇ ਕਬਜ਼ਾ ਕਰਨ ਦਾ ਉਸ ਕੋਲ ਸੁਨਹਿਰਾ ਮੌਕਾ ਹੋਵੇਗਾ। ਹਮਲਾਵਰ ਮਹਾਸ਼ਕਤੀਆਂ ਦੁਆਰਾ ਕੌਮਾਂਤਰੀ ਕਾਨੂੰਨਾਂ 'ਤੇ ਕੀਤੇ ਜਾ ਰਹੇ ਵਿਆਪਕ ਆਘਾਤਾਂ ਦੇ ਮੱਦੇਨਜ਼ਰ ਛੋਟੇ ਮੁਲਕਾਂ ਲਈ ਆਪਣੀ ਹੋਂਦ ਬਚਾਈ ਰੱਖਣ ਦੀ ਕੀ ਰਣਨੀਤੀ ਹੋ ਸਕਦੀ ਹੈ?

ਮੌਲਿਕ ਪੱਧਰ 'ਤੇ ਉਨ੍ਹਾਂ ਨੂੰ ਸਮੁੱਚੇ 'ਆਲਮੀ ਦੱਖਣ' ਵਿੱਚ ਇਕਜੁੱਟ ਹੋ ਕੇ ਦਖ਼ਲਅੰਦਾਜ਼ੀ ਦੀ ਵਿਆਪਕ ਅਪ੍ਰਵਾਨਗੀ ਦੇ ਸਿਧਾਂਤ 'ਤੇ ਜ਼ੋਰ ਦੇਣਾ ਹੋਵੇਗਾ ਤਾਂ ਕਿ ਮਹਾਸ਼ਕਤੀਆਂ ਦਾ ਜੰਗਲ-ਰਾਜ ਇੱਕ ਆਮ ਦਸਤੂਰ ਨਾ ਬਣ ਜਾਵੇ। ਵਿਵਹਾਰਕ ਪੱਧਰ 'ਤੇ ਉਨ੍ਹਾਂ ਨੂੰ ਖੇਤਰੀ ਏਕੀਕਰਨ ਅਤੇ ਏਕਤਾ ਨੂੰ ਤਰਜੀਹ ਦੇਣੀ ਹੋਵੇਗੀ ਤਾਂ ਜੋ ਕੋਈ ਵੀ ਮਹਾਸ਼ਕਤੀ ਆਸਾਨੀ ਨਾਲ ਉਨ੍ਹਾਂ ਵਿਚ ਮਤਭੇਦ ਪੈਦਾ ਕਰ ਕੇ ਉਨ੍ਹਾਂ ਨੂੰ ਪਾਟੋਧਾੜ ਨਾ ਕਰ ਸਕੇ।

ਮਹਾਸ਼ਕਤੀਆਂ ਦੀ ਧੱਕੇਸ਼ਾਹੀ ਤੋਂ ਬਚਣ ਲਈ ਇਕਜੁੱਟਤਾ ਤੇ ਭਾਈਚਾਰਕ ਸਾਂਝ ਹੀ ਸਭ ਤੋਂ ਅਸਰਦਾਰ ਹਥਿਆਰ ਹਨ। ਸਾਰੇ ਸਾਮਰਾਜਵਾਦੀ ਮੁਲਕ ਹਰ ਹਰਬਾ ਵਰਤ ਕੇ ਚੰਮ ਦੀਆਂ ਚਲਾਉਣ ਲਈ ਉਤਾਵਲੇ ਰਹਿੰਦੇ ਹਨ। ਜੇ ਹੋਰ ਮੁਲਕ ਮਹਾਸ਼ਕਤੀਆਂ ਦਾ ਅਸਰਦਾਰ ਢੰਗ ਨਾਲ ਟਾਕਰਾ ਕਰਨ ਵਿੱਚ ਸਮਰੱਥ ਸਾਬਿਤ ਨਾ ਹੋਏ ਤਾਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਮਨਮਰਜ਼ੀਆਂ ਦਾ ਸਾਹਮਣਾ ਕਰਦੇ ਰਹਿਣਾ ਹੀ ਪਵੇਗਾ।

ਵੈਨੇਜ਼ੁਏਲਾ ਵਿੱਚ ਮਾਦੁਰੋ ਨੇ ਸਭ ਤੋਂ ਵੱਡੀ ਭੁੱਲ ਇਹ ਕੀਤੀ ਕਿ ਗੁਆਂਢੀ ਲੈਟਿਨ ਅਮਰੀਕੀ ਦੇਸ਼ਾਂ ਨਾਲ ਉਨ੍ਹਾਂ ਨੇ ਸਾਲਾਂ ਤੋਂ ਦੁਸ਼ਮਣੀਆਂ ਮੁੱਲ ਲਈਆਂ ਹੋਈਆਂ ਸਨ ਅਤੇ ਅੰਤ ਵਿੱਚ ਅਮਰੀਕੀ ਹਮਲੇ ਨੂੰ ਟਾਲਣ ਲਈ ਕੋਈ ਖੇਤਰੀ ਗੱਠਜੋੜ ਜਾਂ ਸੰਸਥਾ ਬਾਕੀ ਨਹੀਂ ਰਹੀ। ਚੇਤੇ ਰਹੇ ਕਿ ਇੱਕ ਸੱਭਿਅਕ ਵਿਸ਼ਵ ਵਿਵਸਥਾ ਦਾ ਨਿਰਮਾਣ ਉਦੋਂ ਹੀ ਸੰਭਵ ਹੈ ਜਦ ਕਮਜ਼ੋਰ ਦੇਸ਼ ਇਕਜੁੱਟ ਹੋ ਕੇ ਮਹਾਸ਼ਕਤੀਆਂ ਦੀ ਅਜ਼ਾਰੇਦਾਰੀ ਦਾ ਵਿਰੋਧ ਕਰਨ। ਇਤਿਹਾਸ ਤੋਂ ਅਸੀਂ ਥੋੜ੍ਹਾ-ਬਹੁਤ ਸਬਕ-ਸਮਝ ਵੀ ਲੈ ਸਕਦੇ ਹਾਂ ਕਿ ਜੇ ਸਾਮਰਾਜਵਾਦ ਸਦੀਆਂ ਪੁਰਾਣਾ ਹੈ ਤਾਂ ਸਮਾਨਤਾ ਅਤੇ ਮਰਿਆਦਾ ਦੀ ਚਾਹਤ ਵੀ ਓਨੀ ਹੀ ਪੁਰਾਣੀ ਹੈ।

# ਲੋੜ ਹੈ ਭਾਰਤੀ ਅਰਥਚਾਰੇ 'ਚ ਵੱਡੀਆਂ ਤਬਦੀਲੀਆਂ ਕਰਨ ਦੀ

ਡਾ. ਕੇਸਰ ਸਿੰਘ ਭੰਗੂ

ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਵੀ ਆ ਜਾਵੇ ਪਰ ਉਦੋਂ ਤੱਕ ਇਸ ਦੇ ਕੋਈ ਮਾਅਨੇ ਨਹੀਂ ਹੋਣਗੇ, ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣ ਦਾ ਨਹੀਂ ਬਣਾਇਆ ਜਾਂਦਾ।

ਦਸੰਬਰ 2025 ਵਿੱਚ ਜਾਰੀ ਸਰਕਾਰੀ ਅੰਕੜਿਆਂ ਮੁਤਾਬਿਕ ਦੇਸ਼ ਨੇ ਹੁਣੇ ਹੀ ਜਪਾਨ ਨੂੰ ਪਿੱਛੇ ਛੱਡਦੇ ਹੋਏ ਵਿਸ਼ਵ ਦੀ ਚੌਥੀ ਵੱਡੀ ਅਰਥਵਿਵਸਥਾ ਬਣਨ ਦਾ ਮਾਣ ਹਾਸਲ ਕੀਤਾ ਹੈ। ਪਰ ਇਸ ਮਾਣ ਦੇ ਲਾਭ ਆਮ ਲੋਕਾਂ ਤੱਕ ਪੁੱਜਦੇ ਕਰਨ ਲਈ ਦੇਸ਼ ਵਿੱਚ ਬਹੁਤ ਵੱਡੇ ਪੱਧਰ 'ਤੇ ਤਬਦੀਲੀਆਂ ਕਰਨ ਦੀ ਬਹੁਤ ਸਖ਼ਤ ਜ਼ਰੂਰਤ ਹੈ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ 4 ਟ੍ਰਿਲੀਅਨ ਡਾਲਰ ਤੋਂ ਵਧੇਰੇ ਹੋ ਗਈ ਹੈ, ਭਾਵੇਂ ਇਸ ਦੀ ਪੁਸ਼ਟੀ ਅੰਤਰਰਾਸ਼ਟਰੀ ਮੁਦਰਾ ਕੋਸ਼ ਅਧਿਕਾਰਤ ਤੌਰ 'ਤੇ ਬਾਅਦ ਵਿੱਚ ਕਰੇਗਾ। ਪਰ ਪ੍ਰਧਾਨ ਮੰਤਰੀ ਅਤੇ ਭਾਜਪਾ ਨੇ ਇਸ ਉਪਲੱਬਧੀ ਨੂੰ ਪਹਿਲਾਂ ਹੀ ਸਾਰੀਆਂ ਚੋਣਾਂ ਵਿੱਚ ਆਪਣੀ ਪਾਰਟੀ ਲਈ ਵਰਤਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਰਤਣਗੇ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ 2030 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਰਮਨੀ ਨੂੰ ਪਛਾੜ ਕੇ ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇੱਕ ਹੋਰ ਢੰਗ-ਤਰੀਕੇ ਦੇ ਅੰਦਾਜ਼ੇ ਮੁਤਾਬਿਕ, ਭਾਵ ਖ਼ਰੀਦ ਸ਼ਕਤੀ ਬਰਾਬਰੀ ਦੇ ਹਿਸਾਬ ਨਾਲ ਭਾਰਤ 2023 ਤੋਂ ਹੀ ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਗਈ ਸੀ। ਇਸ ਹਿਸਾਬ ਨਾਲ ਚੀਨ ਦੀ ਕੁੱਲ ਘਰੇਲੂ ਪੈਦਾਵਾਰ 37.01 ਟ੍ਰਿਲੀਅਨ ਡਾਲਰ, ਅਮਰੀਕਾ ਦੀ 29.02 ਟ੍ਰਿਲੀਅਨ ਡਾਲਰ ਅਤੇ ਭਾਰਤ ਦੀ 16.0 ਟ੍ਰਿਲੀਅਨ ਡਾਲਰ ਸੀ। ਅੱਜਕੱਲ੍ਹ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਿਕ 1 ਅਮਰੀਕੀ ਡਾਲਰ ਭਾਰਤ ਦੇ 90 ਤੋਂ ਵੱਧ ਰੁਪਏ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰੀ ਦੇ ਹਿਸਾਬ ਨਾਲ ਵੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਣ ਦੇ ਤੌਰ 'ਤੇ ਵੇਖੀਏ ਤਾਂ ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋਮੀਟਰ ਸਫ਼ਰ ਕਰਨ 'ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿੱਚ 25 ਕਿਲੋਮੀਟਰ ਸਫ਼ਰ ਕਰਨ 'ਤੇ 25 ਰੁਪਏ ਖਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।




ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲੱਗਦਾ ਹੈ ਦੇਸ਼ ਜਲਦੀ ਹੀ 'ਵਿਸ਼ਵਗੁਰੂ' ਬਣ ਜਾਵੇਗਾ। ਪਰ ਇਸ ਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ 'ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ, ਆਸਮਾਨ ਛੂੰਹਦੀ ਮਹਿੰਗਾਈ ਅਤੇ ਹੋਰ ਆਰਥਿਕ ਸੂਚਕਾਂ ਵਿੱਚ ਵੀ ਸੁਧਾਰ/ਵਾਧਾ ਹੋ ਰਿਹਾ ਹੈ ਜਾਂ ਨਹੀਂ?

ਸਭ ਤੋਂ ਪਹਿਲਾਂ ਗੱਲ ਕਰੀਏ, ਕੀ ਭਾਰਤ ਦੀ ਅਰਥਵਿਵਸਥਾ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੇਸ਼ ਦੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ? ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ 'ਤੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਪੱਧਰ ਮੁਤਾਬਿਕ ਦੁਨੀਆ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਘੱਟ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਿਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਘੱਟ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ ਭਾਰਤ 2013-14 ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿੱਚ ਨੌਵੇਂ ਸਥਾਨ 'ਤੇ ਸੀ ਪਰ ਉਸ ਵੇਲੇ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆ ਵਿੱਚ 147ਵੇਂ ਸਥਾਨ 'ਤੇ ਸੀ ਭਾਵ ਦੇਸ਼ ਕੁਝ ਟਾਪੂਨੁਮਾ ਅਤੇ ਘੋਰ ਗ਼ਰੀਬ ਦੇਸ਼ਾਂ ਤੋਂ ਉੱਪਰ ਹੀ ਸੀ। ਵਰਣਨਯੋਗ ਹੈ ਕਿ ਭਾਰਤ ਦਾ ਗ਼ਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਿਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਚੌਥੇ ਸਥਾਨ 'ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 136ਵੇਂ ਸਥਾਨ 'ਤੇ ਹੈ। ਸਪੱਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਇਹ ਤਦ ਹੀ ਸੰਭਵ ਹੈ ਜਦੋਂ ਦੇਸ਼ ਵਿੱਚ ਮੌਜੂਦਾ ਕੇਂਦਰ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜੋ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾਂ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿੱਤਾਂ ਵਿੱਚ ਬਦਲਿਆ ਜਾਵੇਗਾ। ਕੇਂਦਰ ਸਰਕਾਰ ਸਿਰਫ਼ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿੱਚ ਤਰਮੀਮਾਂ ਵੀ ਕਾਰਪੋਰੇਟਾਂ ਅਤੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਵਧਦੀ ਕੁੱਲ ਘਰੇਲੂ ਪੈਦਾਵਾਰ ਦਾ ਢੰਡੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ 'ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨੀ ਪਵੇਗੀ। ਭਾਵ ਆਰਥਿਕ ਤਰੱਕੀ ਨਾਲ ਵਧੀ ਕੁੱਲ ਘਰੇਲੂ ਪੈਦਾਵਾਰ ਕੁਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ ਸਗੋਂ ਇਸ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤੱਕ ਵੀ ਪਹੁੰਚੇ। ਇਸ ਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ 'ਤੇ ਲਾਭਕਾਰੀ ਰੁਜ਼ਗਾਰ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿੱਚ ਬਹੁਤ ਵੱਡੇ ਪੱਧਰ 'ਤੇ ਆਮ ਬੇਰੁਜ਼ਗਾਰੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣ ਦੀਆਂ ਨਹੀਂ ਹਨ ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸਬੰਧਿਤ ਸੂਚਕ ਅੰਕ ਵੀ ਦੁਨੀਆ ਦੇ ਉਪਰਲੇ ਦੇਸ਼ਾਂ ਮੁਕਾਬਲੇ ਬਹੁਤ ਪਿੱਛੇ ਹਨ। ਅਜਿਹਾ ਕਰਨ ਲਈ ਸਰਕਾਰ ਨੂੰ ਦੇਸ਼ ਵਿੱਚ ਅਸਲ ਨਿਵੇਸ਼ ਵਧਾਉਣਾ ਪਵੇਗਾ, ਖ਼ਾਸ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ, ਸਿਹਤ ਤੇ ਸਿੱਖਿਆ ਅਤੇ ਖੇਤੀਬਾੜੀ ਖੇਤਰ ਵਿੱਚ। ਇਸ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਵੀ ਆ ਜਾਵੇ ਪਰ ਉਦੋਂ ਤੱਕ ਇਸ ਦੇ ਕੋਈ ਮਾਅਨੇ ਨਹੀਂ ਹੋਣਗੇ, ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣ ਦਾ ਨਹੀਂ ਬਣਾਇਆ ਜਾਂਦਾ।

# ਪੱਤਰਕਾਰਾਂ ਦੀ ਹੱਤਿਆ ਪ੍ਰੈੱਸ ਦੀ ਅਜ਼ਾਦੀ ਲਈ ਖ਼ਤਰਾ



ਗੁਰਮੀਤ ਸਿੰਘ ਪਲਾਹੀ

ਇੱਕੋ ਸਾਲ 2025 ਵਿੱਚ 128 ਪੱਤਰਕਾਰਾਂ ਦਾ ਮਾਰਿਆ ਜਾਣਾ ਸਿਰਫ਼ ਇੱਕ ਵਿਸ਼ਵ ਪੱਧਰੀ ਅੰਕੜਾ ਨਹੀਂ ਹੈ, ਸਗੋਂ ਦਿਲ ਕੰਬਾਊ ਇੱਕ ਇਹੋ ਜਿਹਾ ਵਰਤਾਰਾ ਹੈ ਜੋ ਮਨੁੱਖੀ ਅਧਿਕਾਰਾਂ ਸੰਬੰਧੀ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਇਹ ਪੱਤਰਕਾਰ ਸਿਰਫ਼ ਇਸ ਕਰਕੇ ਦੁਨੀਆਂ ਤੋਂ ਰੁਖ਼ਸਤ ਕਰ ਦਿੱਤੇ ਗਏ ਕਿ ਉਹ ਆਪਣੀ ਡਿਊਟੀ ਨਿਭਾਅ ਰਹੇ ਸਨ, ਸੱਚੀਆਂ ਘਟਨਾਵਾਂ ਨੂੰ ਜੱਗ ਜ਼ਾਹਰ ਕਰ ਰਹੇ ਸਨ। ਕੀ ਇਹ ਇਨਸਾਫ਼ ਦਾ ਗਲਾ ਘੁੱਟਣ ਦੇ ਸਮਾਨ ਨਹੀਂ? ਕੀ ਇਹ ਪ੍ਰੈੱਸ ਦੀ ਅਜ਼ਾਦੀ ਲਈ ਵੱਡਾ ਖ਼ਤਰਾ ਨਹੀਂ?

ਨਿੱਤ-ਦਿਹਾੜੇ ਇਨਸਾਫ਼ ਮੰਗਦੇ ਲੋਕਾਂ 'ਤੇ ਸਮੇਂ ਦੇ ਹਾਕਮ ਅੱਤਿਆਚਾਰ ਕਰਦੇ ਹਨ। ਲਾਠੀਆਂ ਤੇ ਗੋਲੀਆਂ ਦਾ ਮੀਂਹ ਵਰ੍ਹਾਉਂਦੇ ਹਨ, ਉਹਨਾਂ ਨੂੰ ਜੇਲ੍ਹਾਂ ਵਿੱਚ ਤੁੰਨਦੇ ਹਨ, ਬੁਲਡੋਜ਼ਰ ਨੀਤੀ ਨਾਲ਼ ਲੋਕਾਂ ਦੇ ਘਰ ਢਾਹੁੰਦੇ ਹਨ, ਨਫ਼ਰਤ ਦੀ ਅੱਗ ਫੈਲਾਉਂਦੇ ਤੇ ਧਰਮ ਦੇ ਨਾਂ 'ਤੇ ਦੰਗੇ-ਫਸਾਦ ਕਰਵਾਉਂਦੇ ਹਨ ਅਤੇ ਆਪਣੇ ਹਿੱਤਾਂ ਲਈ ਲੋਕਾਂ ਨੂੰ ਜੰਗਾਂ ਵਿੱਚ ਧੱਕਦੇ ਹਨ।

ਇਹੋ-ਜਿਹੀਆਂ ਘਟਨਾਵਾਂ ਨੂੰ ਪੱਤਰਕਾਰ ਭਾਈਚਾਰਾ ਤੱਥਾਂ ਸਮੇਤ ਲੋਕਾਂ ਸਾਹਮਣੇ ਲਿਆਉਂਦਾ ਹੈ। ਪਰ ਜਦੋਂ ਇਨ੍ਹਾਂ ਘਟਨਾਵਾਂ ਪਿੱਛੇ ਲੁਕਿਆ ਸੱਚ ਜਨਤਾ ਸਾਹਮਣੇ ਲਿਆਂਦਾ ਜਾਂਦਾ ਹੈ ਤਾਂ ਹਾਕਮਾਂ ਨੂੰ ਆਪਣੀ ਗੱਦੀ ਡੋਲਦੀ ਨਜ਼ਰ ਆਉਂਦੀ ਹੈ।

31 ਦਸੰਬਰ 2025 ਨੂੰ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਜਰਨਲਿਸਟਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਲੂ ਕੰਡੇ ਖੜੇ ਕਰਨ ਵਾਲੀ ਹੈ। ਪਿਛਲੇ ਸਾਲ ਮਿਡਲ ਈਸਟ ਅਤੇ ਅਰਬ ਜਗਤ ਵਿੱਚ 74, ਏਸ਼ੀਆ-ਪੈਸਿਫ਼ਿਕ ਵਿੱਚ 15, ਯੂਰਪ ਵਿੱਚ 10, ਅਫ਼ਰੀਕਾ ਵਿੱਚ 18 ਅਤੇ ਅਮਰੀਕਾ ਰੀਜਨ ਵਿੱਚ 11 ਪੱਤਰਕਾਰ ਬੇਰਹਿਮੀ ਨਾਲ਼ ਬਲੀ ਚੜ੍ਹਾ ਦਿੱਤੇ ਗਏ,ਕਤਲ ਕਰ ਦਿੱਤੇ ਗਏ । ਇਸ ਸੰਸਥਾ ਨੇ 1990 ਤੋਂ ਹੁਣ ਤੱਕ ਦੀ ਵਰ੍ਹੇਵਾਰ ਰਿਪੋਰਟ 'ਚ ਦੱਸਿਆ ਹੈ ਕਿ ਵਿਸ਼ਵ ਭਰ ਵਿੱਚ 3173 ਪੱਤਰਕਾਰ, ਔਸਤਨ 91 ਪੱਤਰਕਾਰ ਹਰ ਵਰ੍ਹੇ ; ਪਰ ਪਿਛਲੇ ਦਸ ਸਾਲਾਂ ਵਿੱਚ ਹੀ 876 ਪੱਤਰਕਾਰਾਂ ਨੂੰ ਮਾਰ ਦਿੱਤਾ ਗਿਆ। ਫੈਡਰੇਸ਼ਨ ਨੇ 533 ਉਹਨਾਂ ਪੱਤਰਕਾਰਾਂ ਦੀ ਵਿਸ਼ਵ ਪੱਧਰੀ ਰਿਪੋਰਟ ਵੀ ਜਾਰੀ ਕੀਤੀ ਹੈ,ਜਿਹੜੇ ਅੱਜ ਵੀ ਵਿਸ਼ਵ ਭਰ ਦੀਆਂ ਜੇਲ੍ਹਾਂ ਵਿੱਚ ਕੈਦ ਹਨ। ਚੀਨ ਅਤੇ ਮਿਡਲ ਈਸਟ-ਅਰਬ ਜਗਤ ਵਿੱਚ ਇਹਨਾਂ ਪੱਤਰਕਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਜਿਹੜੇ ਪੱਤਰਕਾਰ, ਮੀਡੀਆ ਕਰਮੀ 2025 ਵਿੱਚ ਮਾਰ ਦਿੱਤੇ ਗਏ ਜਾਂ ਦੁਰਘਟਨਾਵਾਂ ਦੀ ਬਲੀ ਚੜ੍ਹਾ ਦਿੱਤੇ ਗਏ, ਉਹਨਾਂ ਪੱਤਰਕਾਰਾਂ ਵਿੱਚ 10 ਔਰਤ ਪੱਤਰਕਾਰ ਵੀ ਸ਼ਾਮਲ ਹਨ। 128 ਪੱਤਰਕਾਰਾਂ ਵਿੱਚੋਂ 9 ਦੀ ਮੌਤ ਨੂੰ ਸੜਕੀ ਦੁਰਘਟਨਾ ਕਰਾਰ




ਦਿੱਤਾ ਗਿਆ। ਫ਼ਲਸਤੀਨ ਉਹ ਦੇਸ਼ ਬਣ ਕੇ ਉਭਰਿਆ ਹੈ ਜਿੱਥੇ ਕੁੱਲ ਮਾਰੇ ਗਏ ਪੱਤਰਕਾਰਾਂ ਵਿੱਚੋਂ 44 ਫ਼ੀਸਦੀ ਦੀ ਹੱਤਿਆ ਹੋਈ।

ਵਿਸ਼ਵ ਭਰ ਦੇ ਲੋਕ-ਹਿਤੈਸ਼ੀ ਪੱਤਰਕਾਰਾਂ ਸਾਹਮਣੇ ਵੱਡੀਆਂ ਚੁਣੌਤੀਆਂ ਰਹਿੰਦੀਆਂ ਹਨ। ਉਹ ਭੈੜੀਆਂ ਮੌਸਮੀ ਹਾਲਤਾਂ, ਜੰਗ ਦੇ ਮੈਦਾਨਾਂ ਅਤੇ ਦੰਗਿਆਂ ਵਿਚਕਾਰ ਕੰਮ ਕਰਦੇ ਨਜ਼ਰ ਆਉਂਦੇ ਹਨ। ਇਹ ਪੱਤਰਕਾਰ ਆਮ ਲੋਕਾਂ ਦੇ ਦੁੱਖਾਂ-ਦਰਦਾਂ, ਮਨੁੱਖੀ ਅਧਿਕਾਰਾਂ, ਮਜ਼ਦੂਰਾਂ ਦੇ ਹੱਕਾਂ ਅਤੇ ਤਰਕਸ਼ੀਲ ਸਮਾਜ ਦੀ ਉਸਾਰੀ ਲਈ ਦਿਨ-ਰਾਤ ਕੰਮ ਕਰਦੇ ਹਨ ਅਤੇ ਕਈ ਵਾਰ ਆਪਣੀ ਜਾਨ ਤੱਕ ਵਾਰ ਦਿੰਦੇ ਹਨ।

ਜਿਹਨਾਂ ਸਥਿਤੀਆਂ ਵਿੱਚ ਉਹ ਕੰਮ ਕਰਦੇ ਹਨ,ਉਹ ਬੇਹੱਦ ਜ਼ੋਖ਼ਮ ਭਰੀਆਂ ਹੁੰਦੀਆਂ ਹਨ। ਹਰ ਕੁਰਬਾਨੀ ਦਾ ਜਜ਼ਬਾ ਤਾਂ ਉਹਨਾਂ ਦੇ ਮਨਾਂ ਵਿੱਚ ਹੁੰਦਾ ਹੀ ਹੈ, ਉਹ ਲੋਕਾਂ ਲਈ ਰਾਹ ਦਿਖਾਵੇ ਵੀ ਬਣਦੇ ਹਨ। ਪਰ ਇਹ ਸਾਰੀਆਂ ਗੱਲਾਂ ਉਹਨਾਂ ਹਾਕਮਾਂ ਨੂੰ ਪਸੰਦ ਨਹੀਂ, ਉਹਨਾਂ ਨੂੰ ਨਹੀਂ ਭਾਉਂਦੀਆਂ ਜਿਹੜੇ ਸਮਾਜ ਵਿੱਚ ਅੰਨ੍ਹੇਰਾ ਪੈਦਾ ਕਰਕੇ ਲੋਕਾਂ ਨੂੰ ਭਰਮਜਾਲ ਅਤੇ ਅਨਪੜ੍ਹਤਾ ਵਿੱਚ ਰੱਖ ਕੇ ਆਪਣੀਆਂ ਸ਼ਾਤਰ ਚਾਲਾਂ ਨਾਲ਼ ਰਾਜ ਕਰਨ ਦੇ ਅਧਿਕਾਰੀ ਬਣੇ ਰਹਿਣਾ ਚਾਹੁੰਦੇ ਹਨ। ਉਹਨਾਂ ਨੂੰ ਅਸਲੋਂ ਸਮਾਜ ਵਿੱਚ ਚਾਨਣ ਪਸੰਦ ਨਹੀਂ ਹੁੰਦਾ, ਇਸੇ ਲਈ ਉਹ ਪਰੇਸ਼ਾਨ ਹਨ ,ਉਹਨਾਂ ਦੇ ਢਕੇ ਪਰਦੇ ਉੱਧੜ ਰਹੇ ਹਨ। ਉਹਨਾਂ ਵੱਲੋਂ ਸੱਚ ਉਜਾਗਰ ਕਰਨ ਵਾਲੀਆਂ ਰਿਪੋਰਟਾਂ ਦਬਾਉਣ ਲਈ ਜਤਨ ਹੋ ਰਹੇ ਹਨ।

ਫ਼ਰੀ ਸਪੀਚ ਕੁਲੈਕਟਿਵ ਦੀ ਛਾਪੀ ਇੱਕ ਰਿਪੋਰਟ ਪ੍ਰੈੱਸ ਦੀ ਅਜ਼ਾਦੀ ਦੇ ਭਰਮ ਖੋਲ੍ਹਦੀ ਹੈ। ਸਾਲ 2025 ਵਿੱਚ ਭਾਰਤ ਵਿੱਚ ਬੋਲਣ ਦੀ ਅਜ਼ਾਦੀ ਦੀ ਉਲੰਘਣਾ ਤਹਿਤ 14,875 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 11,785 ਮਾਮਲੇ ਪੱਤਰਕਾਰਾਂ, ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਇੰਟਰਨੈਟ ਉਪਭੋਗਤਾਵਾਂ ਨਾਲ਼ ਸੰਬੰਧਿਤ ਹਨ। ਇਹ ਮਾਮਲੇ ਸਿਰਫ਼ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੀ ਨਹੀਂ, ਸਗੋਂ ਗ਼ੈਰ-ਭਾਜਪਾ ਸਰਕਾਰਾਂ ਵੱਲੋਂ ਵੀ ਦਰਜ ਕੀਤੇ ਗਏ।

ਪੰਜਾਬ ਵਿੱਚ ਵੀ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਹੇਠ ਪੱਤਰਕਾਰਾਂ ਖ਼ਿਲਾਫ਼ ਐੱਫ਼.ਆਈ.ਆਰਾਂ. ਦਰਜ ਹੋਈਆਂ। ਪੰਜਾਬ 'ਚ 10 ਵਿਅਕਤੀਆਂ ਜਿਨ੍ਹਾਂ ਵਿੱਚ 9 ਪੱਤਰਕਾਰ ਹਨ, ਵਿਰੁੱਧ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਸੂਚਨਾ ਸਾਂਝੀ ਕਰਨ ਦੇ ਦੋਸ਼ ਹੇਠ ਐੱਫ਼.ਆਈ.ਆਰ. ਦਰਜ ਕੀਤੀ ਗਈ ਹੈ, ਇਹਨਾਂ ਪੱਤਰਕਾਰਾਂ ਨੇ ਜਾਣਕਾਰੀ ਸਾਂਝੀ ਕੀਤੀ ਸੀ ਕਿ ਪਹਿਲੀ ਤੋਂ 10 ਦਸੰਬਰ ਤੱਕ ਮੁੱਖ ਮੰਤਰੀ ਭਗਵੰਤ ਮਾਨ ਜਪਾਨ ਦੌਰੇ 'ਤੇ ਸਨ, ਪਰ ਉਹਨਾਂ ਦੇ ਗ਼ੈਰ ਹਾਜ਼ਰੀ 'ਤੇ ਵੀ ਹੈਲੀਕਾਪਟਰ ਦੀ ਇੱਥੇ ਵਰਤੋਂ ਹੁੰਦੀ ਰਹੀ। ਅਸਲ ਵਿੱਚ ਇਹ ਸਰਕਾਰੀ ਕਾਰਵਾਈ ਅਜ਼ਾਦ ਕਲਮ ਦੀ ਹੱਤਿਆ ਦੇ ਬਰਾਬਰ ਹੈ। ਭਾਵੇਂ ਕਿ ਵੱਖੋ-ਵੱਖਰੇ ਦੇਸ਼ਾਂ ਦੇ ਸੰਵਿਧਾਨ, ਨਿਯਮ, ਪ੍ਰੈੱਸ ਨੂੰ ਬੋਲਣ, ਲਿਖਣ ਅਤੇ ਆਪਣੇ ਵਿਚਾਰ ਦੇਣ ਦੀ ਅਜ਼ਾਦੀ ਦਿੰਦੇ ਹਨ। ਉਹਨਾਂ ਦੀਆਂ ਲਿਖਤਾਂ, ਛਪਾਈ, ਆਡੀਓ, ਵੀਡੀਓ ਮਧਿਅਮਾਂ ਜਾਂ ਕਿਸੇ ਹੋਰ ਮਧਿਅਮ ਰਾਹੀਂ ਵਿਚਾਰਾਂ ਨੂੰ ਪ੍ਰਗਟਾਉਣ ਦਾ ਹੱਕ ਦਿੰਦੇ ਹਨ, ਪਰ ਜਦੋਂ ਇਸ ਅਧਿਕਾਰ ਉੱਤੇ ਵਾਜਬ ਪਾਬੰਦੀਆਂ ਜੜ੍ਹ ਦਿੱਤੀਆਂ ਜਾਂਦੀਆਂ ਹਨ ਅਤੇ ਜਦੋਂ ਪੱਤਰਕਾਰ ਇਹ ਪਾਬੰਦੀਆਂ ਤੋੜਦਾ ਹੈ, ਉਹ ਹਾਕਮਾਂ, ਮਾਫ਼ੀਏ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦੇ ਹਨ।

ਪੰਜਾਬ 'ਚ ਅੱਤਵਾਦ ਦੇ ਦਿਨਾਂ 'ਚ ਇਹਨਾਂ ਪੱਤਰਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਖ਼ਤਰਾ ਰਿਹਾ ਅਤੇ ਹੁਣ ਵੀ ਨਕਸਲ ਖਿੱਤਿਆਂ 'ਚ ਹੋ ਰਹੇ ਸੰਘਰਸ਼ 'ਚ ਇਹ ਖ਼ਤਰਾ ਦਿਸਦਾ ਹੈ।

ਇਸ ਕਿਸਮ ਦਾ ਖ਼ਤਰਾ ਉਦੋਂ ਹੋਰ ਵੀ ਵੱਧ ਜਾਂਦਾ ਹੈ, ਜਦੋਂ ਸ਼ਰੇਆਮ ਪੱਤਰਕਾਰਾਂ ਨੂੰ ਧਮਕੀਆਂ ਅਤੇ ਉਹ ਵੀ ਅਜੀਬ ਕਿਸਮ ਦੀਆਂ ਧਮਕੀਆਂ ਮਿਲਦੀਆਂ ਹਨ। ਤੇਲਗੂ ਦੇਸ਼ਮ ਦੇ ਵਿਧਾਇਕ ਗੁਮਾਨੂਰ ਜੈ ਰਾਮ ਵੱਲੋਂ ਦਿੱਤੀ ਪੱਤਰਕਾਰਾਂ ਲਈ ਧਮਕੀ ਅਸਧਾਰਨ ਹੈ। ਪੜ੍ਹੋ ਜੇਕਰ ਪੱਤਰਕਾਰ ਉਹਨਾਂ ਬਾਰੇ ਗ਼ਲਤ ਜਾਣਕਾਰੀ ਪ੍ਰਕਾਸ਼ਿਤ ਕਰਨਗੇ ਤਾਂ ਉਹ ਉਹਨਾਂ ਨੂੰ ਰੇਲ ਦੀਆਂ ਪੱਟੜੀਆਂ 'ਤੇ ਸਵਾਉਣਗੇ ।

ਇਹੋ ਜਿਹੇ ਹਾਲਾਤਾਂ ਵਿੱਚ ਪੱਤਰਕਾਰਾਂ ਲਈ ਰਿਪੋਰਟਿੰਗ ਦਾ ਖ਼ਤਰਾ ਵੱਡਾ ਹੈ। ਇਹ ਖ਼ਤਰਾ ਸਿਰਫ਼ ਜਿਸਮਾਨੀ ਹੀ ਨਹੀਂ ਹੈ, ਮਾਨਸਿਕ ਵੀ ਹੈ। ਡਿਜ਼ੀਟਲ ਵੀ ਹੈ, ਕਨੂੰਨੀ ਵੀ ਹੈ ਅਤੇ ਧਮਕੀਆਂ ਭਰਪੂਰ ਵੀ ਹੈ। ਯੂਨੈਸਕੋ ਦੀ ਇੱਕ ਰਿਪੋਰਟ ਅਨੁਸਾਰ 2018 ਤੋਂ ਹੁਣ ਤੱਕ ਲੈਟਿਨ ਅਮਰੀਕਾ ਅਤੇ ਕਾਰਬੀਅਨ ਦੇ ਦੇਸ਼ਾਂ ਦੇ 900 ਪੱਤਰਕਾਰਾਂ ਨੂੰ ਦੇਸ਼ ਨਿਕਾਲਾ ਸਿਰਫ਼ ਇਸ ਕਰਕੇ ਮਿਲਿਆ ਕਿ ਉਹ ਲੋਕ-ਹਿੱਤ 'ਚ ਰਿਪੋਰਟਿੰਗ ਕਰਦੇ ਸਨ।

ਅੱਜ ਦੁਨੀਆ ਵਿੱਚ ਖੋਜੀ ਪੱਤਰਕਾਰਤਾ ਲਈ ਖ਼ਤਰੇ ਵਧੇਰੇ ਹਨ। ਦੁਨੀਆ ਭਰ ਵਿੱਚ ਅਜ਼ਾਦ ਪੱਤਰਕਾਰਤਾ, ਲੋਕਤੰਤਰ, ਮਾਨਵ ਅਧਿਕਾਰਾਂ ਅਤੇ ਨਾਗਰਿਕ ਸਮਾਜ ਦੇ ਖ਼ਿਲਾਫ਼ ਕਈ ਤਰ੍ਹਾਂ ਦੇ ਹਮਲੇ ਦੇਖੇ ਜਾ ਰਹੇ ਹਨ। (ਬਾਕੀ ਸਫ਼ਾ 27 'ਤੇ)

# ਭਾਰਤ ਮਜ਼ਬੂਤੀ ਨਾਲ ਕਰੇ ਚੁਣੌਤੀਆਂ ਦਾ ਸਾਹਮਣਾ



ਏ. ਸੂਰੀਆਪ੍ਰਕਾਸ਼
(ਲੇਖਕ ਸੀਨੀਅਰ ਕਾਲਮ-ਨਵੀਸ ਹੈ)।

ਨਵੇਂ ਸਾਲ ਵਿੱਚ ਕੁਝ ਨਵੀਆਂ ਚੁਣੌਤੀਆਂ ਵੀ ਨਾਲ ਆਈਆਂ ਹਨ। ਦੇਸ਼ ਅਤੇ ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਭਾਵਕ ਤੌਰ 'ਤੇ ਅਜਿਹੀਆਂ ਚੁਣੌਤੀਆਂ ਦੇ ਕੁਝ ਤਾਰ ਕਿਤੇ ਨਾ ਕਿਤੇ ਬੀਤੇ ਸਾਲ ਨਾਲ ਵੀ ਜੁੜੇ ਹੋਏ ਹਨ। ਅਸਥਿਰਤਾ ਦੇ ਸ਼ਿਕਾਰ ਆਲਮੀ ਢਾਂਚੇ ਵਿੱਚ ਡੋਨਾਲਡ ਟਰੰਪ ਦੀਆਂ ਨੀਤੀਆਂ ਨੇ ਜੋ ਬੇਯਕੀਨੀ ਵਧਾਈ ਹੈ, ਉਸ ਤੋਂ ਉਪਜੀਆਂ ਚੁਣੌਤੀਆਂ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਕੁਸ਼ਲਤਾ ਨਾਲ ਸੰਭਾਲਿਆ। ਹਾਲਾਂ ਕਿ ਇੰਡੀਗੋ ਸੰਕਟ, ਅਰਾਵਲੀ ਖਣਨ, ਪ੍ਰਦੂਸ਼ਣ ਨਾਲ ਬੇਜ਼ਾਰ ਰਾਸ਼ਟਰੀ ਰਾਜਧਾਨੀ ਦੇ ਮੁੱਦੇ ਬੇਹੱਦ ਪਰੇਸ਼ਾਨ ਕਰਨ ਵਾਲੇ ਰਹੇ। ਦਿੱਲੀ ਹਾਈ ਕੋਰਟ ਦੁਆਰਾ ਨਾਬਾਲਗਾ ਨਾਲ ਜਬਰ-ਜਨਾਹ ਦੇ ਮਾਮਲੇ ਵਿੱਚ ਸਜ਼ਾ ਕੱਟ ਰਹੇ ਸਾਬਕਾ ਵਿਧਾਇਕ ਨੂੰ ਮਿਲੀ ਰਾਹਤ ਵਰਗੀ ਘਟਨਾ ਵੀ ਹੈਰਾਨ-ਪਰੇਸ਼ਾਨ ਕਰਨ ਵਾਲੀ ਰਹੀ। ਹਾਲਾਂ ਕਿ ਬਾਅਦ ਵਿੱਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਪਲਟ ਦਿੱਤਾ। ਗੋਆ ਦੇ ਨਾਈਟ ਕਲੱਬ ਵਿੱਚ ਲੱਗੀ ਭਿਆਨਕ ਅੱਗ ਦੀ ਘਟਨਾ ਵਿੱਚ ਜਿਉਂਦੇ ਸੜੇ ਲੋਕ ਵੀ ਰਾਜ ਸਰਕਾਰ ਦੀ ਨਾਕਾਬਲੀਅਤ ਅਤੇ ਭ੍ਰਿਸ਼ਟਾਚਾਰ ਦੇ ਸ਼ਿਕਾਰ ਬਣੇ। ਇਹ ਵੀ ਇੱਕ ਮੰਦਭਾਗੀ ਗੱਲ ਰਹੀ ਕਿ ਅਜਿਹੇ ਸਾਰੇ ਮਾਮਲੇ ਸਾਲ ਦੀ ਅੰਤਿਮ ਤਿਮਾਹੀ ਦੌਰਾਨ ਸਾਹਮਣੇ ਆਏ ਜੋ ਕਿਤੇ ਨਾ ਕਿਤੇ ਦਰਸਾਉਂਦਾ ਹੈ ਕਿ ਪ੍ਰਧਾਨ ਮੰਤਰੀ ਕੋਲ ਸਿਰਫ਼ ਕੇਂਦਰੀ ਹੀ ਨਹੀਂ, ਬਲਕਿ ਸੂਬਿਆਂ ਦੇ ਪੱਧਰ 'ਤੇ ਵੀ ਸਮਰੱਥ ਮੰਤਰੀਆਂ ਅਤੇ ਨੌਕਰਸ਼ਾਹਾਂ ਦੀ ਘਾਟ ਹੈ ਜੋ ਇਕ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਸਰਕਾਰ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਸਹਾਇਕ ਬਣ ਸਕਣ। ਇੰਡੀਗੋ ਕਾਂਡ ਦੀ ਹੀ ਗੱਲ ਕਰੀਏ ਤਾਂ ਸ਼ਹਿਰੀ ਹਵਾਬਾਜ਼ੀ ਰੈਗੂਲੇਟਰ ਨੇ ਇਸ ਕੰਪਨੀ ਨੂੰ ਅਜਿਹੀ ਗੁੰਜਾਇਸ਼ ਹੀ ਕਿਉਂ ਦਿੱਤੀ ਕਿ ਉਹ ਬਾਜ਼ਾਰ ਦੇ 65 ਪ੍ਰਤੀਸ਼ਤ ਹਿੱਸੇ 'ਤੇ ਕਾਬਜ਼ ਹੋ ਸਕੇ। ਉਸ ਨੂੰ ਸੰਚਾਲਨ ਵਿਸਥਾਰ ਲਈ ਅਜਿਹੀ ਆਗਿਆ ਕਿਵੇਂ ਮਿਲਦੀ ਗਈ ਕਿ ਉਹ ਰੈਗੂਲੇਟਰ ਨੂੰ ਹੀ ਆਪਣੀਆਂ ਉਂਗਲੀਆਂ 'ਤੇ ਨਚਾ ਸਕੇ? ਅਜਿਹੇ ਵਿਚ ਡੀਜੀਸੀਏ ਦੇ ਢਾਂਚੇ ਅਤੇ ਕਾਰਜਪ੍ਰਣਾਲੀ 'ਤੇ ਸਵਾਲ ਉੱਠਣੇ ਸੁਭਾਵਕ ਹਨ। ਕੀ ਉਸ ਦੇ ਅਧਿਕਾਰੀ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਲਈ ਢੁੱਕਵੇਂ ਤੌਰ 'ਤੇ ਸਮਰੱਥ ਹਨ ਜਾਂ ਮਹਿਜ਼ ਉਸ ਵਿੱਚ ਨਿਯੁਕਤੀ ਪਾਉਣ ਵਾਲੇ ਨੌਕਰਸ਼ਾਹ ਹੀ ਹਨ। ਦਸੰਬਰ ਦੀ ਸ਼ੁਰੂਆਤ ਵਿੱਚ ਹਵਾਈ ਸੇਵਾਵਾਂ ਦੇ ਇੱਕ ਵੱਡੇ ਹਿੱਸੇ ਦੇ ਕਰੀਬ-ਕਰੀਬ ਠੱਪ ਹੋਣ ਦੇ ਕਈ ਹਫ਼ਤਿਆਂ ਬਾਅਦ ਵੀ ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤੱਕ ਨਹੀਂ ਮਿਲ ਸਕੇ ਹਨ। ਜਿੱਥੋਂ ਤੱਕ ਅਰਾਵਲੀ ਮੁੱਦੇ ਦਾ ਸਵਾਲ ਹੈ ਤਾਂ ਕੇਂਦਰੀ ਵਾਤਾਵਰਨ ਮੰਤਰਾਲੇ ਨੇ ਇਸ ਮਾਮਲੇ ਵਿਚ ਨਵੰਬਰ ਵਿੱਚ ਆਏ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਬਚਾਅ ਕੀਤਾ। ਹਾਲਾਂ ਕਿ ਬਾਅਦ ਵਿੱਚ ਸੁਪਰੀਮ ਕੋਰਟ ਨੇ ਹੀ ਆਪਣੇ ਉਸ ਫ਼ੈਸਲੇ 'ਤੇ ਸਟੇਅ ਦੇਣ ਦਾ ਫ਼ੈਸਲਾ ਕੀਤਾ। ਨਵੰਬਰ ਵਿੱਚ ਅਦਾਲਤ ਨੇ ਸਰਕਾਰ ਦੁਆਰਾ ਗਠਿਤ 'ਮਾਹਿਰ ਪੈਨਲ' ਦੁਆਰਾ ਦਿੱਤੀ ਗਈ ਇੱਕ ਅਜੀਬੋ-ਗ਼ਰੀਬ ਪਰਿਭਾਸ਼ਾ ਨੂੰ ਸਵੀਕਾਰ ਕਰ ਲਿਆ ਸੀ। ਇਸ ਵਿੱਚ ਅਰਾਵਲੀ ਪਹਾੜੀਆਂ ਨੂੰ 100 ਮੀਟਰ ਅਤੇ ਉਸ ਤੋਂ ਵੱਧ ਉੱਚਾਈ ਵਾਲੀਆਂ ਪਹਾੜੀਆਂ ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਸੀ। ਜਿੱਥੇ ਮੰਤਰਾਲੇ ਨੇ ਆਪਣੀ ਕਥਿਤ 'ਮਾਹਿਰ ਕਮੇਟੀ'



ਦੀ ਰਾਇ ਦਾ ਜ਼ੋਰਦਾਰ ਬਚਾਅ ਕੀਤਾ, ਉਥੇ ਹੀ ਸੁਪਰੀਮ ਕੋਰਟ ਨੇ ਆਪਣੇ ਤਾਜ਼ਾਤਰੀਨ ਹੁਕਮ ਵਿੱਚ ਇਸ ਦੇ ਉਲਟ ਰੁਖ਼ ਅਪਣਾਇਆ। ਸਰਕਾਰ ਦੀ 'ਮਾਹਿਰ ਕਮੇਟੀ' ਦੀ ਗੱਲ ਕਰੀਏ ਤਾਂ ਉਸ ਵਿੱਚ ਜ਼ਿਆਦਾਤਰ ਮੈਂਬਰ ਵਾਤਾਵਰਨ ਮਾਹਿਰ ਨਾ ਹੋ ਕੇ ਨੌਕਰਸ਼ਾਹ ਹੀ ਸਨ। ਇਸ ਮਾਮਲੇ ਨੂੰ ਲੈ ਕੇ ਰੁਖ਼ ਬਦਲਣ ਵਿੱਚ ਮੀਡੀਆ ਦੇ ਸਵਾਲਾਂ ਦੀ ਅਹਿਮ ਭੂਮਿਕਾ ਰਹੀ ਹੈ। ਮੀਡੀਆ ਦੇ ਮਾਧਿਅਮ ਨਾਲ ਹੀ ਇਹ ਹੈਰਾਨ ਕਰਨ ਵਾਲੀ ਜਾਣਕਾਰੀ ਵੀ ਸਾਹਮਣੇ ਆਈ ਕਿ ਨਵੰਬਰ ਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਤੁਰੰਤ ਬਾਅਦ ਸਰਕਾਰ ਨੇ ਦਰਜਨਾਂ ਖਣਨ ਠੇਕਿਆਂ ਨੂੰ ਤੇਜ਼ੀ ਨਾਲ ਹਰੀ ਝੰਡੀ ਦੇ ਦਿੱਤੀ। ਜੇ ਇਹ ਸੱਚ ਹੈ ਤਾਂ ਇੱਕ ਵੱਡੀ ਤ੍ਰਾਸਦੀ ਨੂੰ ਹੀ ਦਰਸਾਉਂਦਾ ਹੈ ਕਿ ਖਣਨ ਮਾਫ਼ੀਆ ਪੂਰੇ ਮੁਹਾਂਦਰੇ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰਨ ਦੀ ਸਥਿਤੀ ਵਿੱਚ ਪੁੱਜ ਗਿਆ ਹੈ। ਸਰਕਾਰ ਇਨ੍ਹਾਂ ਮਾਮਲਿਆਂ ਵਿੱਚ ਸਪਸ਼ਟਤਾ ਨਹੀਂ ਦਿਖਾ ਸਕੀ ਜਿਸ ਕਾਰਨ ਉਸ ਦਾ ਅਕਸ ਪ੍ਰਭਾਵਿਤ ਹੋਇਆ।

ਇਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ ਕਿ ਰਾਜਧਾਨੀ ਦਿੱਲੀ ਪ੍ਰਦੂਸ਼ਣ ਦੇ ਮਾਮਲੇ ਵਿੱਚ ਨਵੇਂ ਰਿਕਾਰਡ ਬਣਾਉਂਦੀ ਜਾ ਰਹੀ ਹੈ ਪਰ ਵਾਤਾਵਰਣ ਮੰਤਰਾਲੇ ਕੋਲ ਇਸ ਸਥਿਤੀ ਨੂੰ ਬਦਲਣ ਦੇ ਲਿਹਾਜ਼ ਨਾਲ ਕੁਝ ਕਾਬਿਲੇਗ਼ੌਰ ਨਹੀਂ ਹੈ। ਬੀਤੇ ਸਾਲ ਕੁਝ ਦਿਨਾਂ ਦੌਰਾਨ ਏਕਿਊਆਈ ਦਾ ਅੰਕੜਾ 500 ਤੋਂ 1,000 ਤੱਕ ਪੁੱਜਦਾ ਦਿਸਿਆ ਪਰ ਵਾਤਾਵਰਣ ਮੰਤਰਾਲੇ ਨੇ ਕਿਸੇ ਹੱਲ ਦੀ ਬਜਾਏ ਇਲਜ਼ਾਮਤਰਾਸ਼ੀ ਦਾ ਸਹਾਰਾ ਲੈਣ ਨੂੰ ਹੀ ਤਰਜੀਹ ਦਿੱਤੀ। ਕਦੇ ਪਰਾਲੀ ਨੂੰ ਲੈ ਕੇ ਉਂਗਲੀ ਚੁੱਕੀ ਗਈ ਤੇ ਕਦੇ ਆਮ ਆਦਮੀ ਪਾਰਟੀ 'ਤੇ। ਪ੍ਰਦੂਸ਼ਣ ਨਾਲ ਸਿੱਝਣ ਵਿਚ ਕਿਸੇ ਕਾਰਗਰ ਕਾਰਜ-ਯੋਜਨਾ ਦੇ ਮਾਮਲੇ ਵਿੱਚ ਦਿੱਲੀ ਸਰਕਾਰ ਵੀ ਨਿਕੰਮੀ ਹੀ ਨਜ਼ਰ ਆਈ। ਇਸ ਦਾ ਹੀ ਨਤੀਜਾ ਹੈ ਕਿ ਦਿੱਲੀ ਰਹਿਣ ਦੇ ਲਿਹਾਜ਼ ਨਾਲ ਬੇਹੱਦ ਖ਼ਤਰਨਾਕ ਸ਼ਹਿਰ ਬਣ ਗਿਆ ਹੈ।

ਸੰਨ 2024-25 ਵਿੱਚ ਸਭ ਤੋਂ ਖ਼ਰਾਬ ਏਕਿਊਆਈ ਨਾਲ ਸਿਖਰਲੇ ਸਭ ਤੋਂ ਵੱਧ ਪ੍ਰਦੂਸ਼ਿਤ ਆਲਮੀ ਸ਼ਹਿਰਾਂ ਵਿੱਚ ਦਿੱਲੀ ਦੂਜੇ ਨੰਬਰ 'ਤੇ ਰਹੀ। ਪਹਿਲੇ ਨੰਬਰ 'ਤੇ ਭਾਰਤ ਦੇ ਅਸਾਮ ਸੂਬੇ ਵਿਚਲਾ ਬਾਇਰਨਿਹਾਤ ਰਿਹਾ। ਕਜ਼ਾਕਸਤਾਨ ਦਾ ਕਾਰਾਗਾਂਡਾ ਤੀਜੇ ਨੰਬਰ 'ਤੇ, ਭਾਰਤ ਦਾ ਹੀ ਮੁੱਲਾਂਪੁਰ ਚੌਥੇ ਤੇ ਪਾਕਿਸਤਾਨ ਦਾ ਲਾਹੌਰ ਪੰਜਵੇਂ ਨੰਬਰ 'ਤੇ ਸੀ। ਦਿੱਲੀ ਦਾ ਪ੍ਰਦੂਸ਼ਣ ਇਸ ਕਾਰਨ ਵੀ ਵੱਡੀ ਚੁਣੌਤੀ ਬਣ ਰਿਹਾ ਹੈ ਕਿਉਂਕਿ ਇਸ ਕਾਰਨ ਇੱਥੇ ਵਸਦੇ ਲੋਕਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸੇ ਕਾਰਨ ਕੇਂਦਰ ਅਤੇ ਦਿੱਲੀ ਸਰਕਾਰ 'ਤੇ ਪ੍ਰਦੂਸ਼ਣ ਨਾਲ ਸਿੱਝਣ ਦਾ ਬਹੁਤ ਦਬਾਅ ਹੈ ਪਰ ਉਨ੍ਹਾਂ ਦੀ ਪੇਸ਼ ਨਹੀਂ ਜਾ ਰਹੀ। ਉੱਤੋਂ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ਵਿੱਚ ਉਨ੍ਹਾਂ ਦੀ ਖਿਚਾਈ ਕੀਤੀ ਹੈ। ਦਿੱਲੀ ਐੱਨਸੀਆਰ ਵਿੱਚ ਵਸਦੇ ਲੋਕ ਲਾਚਾਰ ਮਹਿਸੂਸ ਕਰ ਰਹੇ ਹਨ। ਇਸ ਨਾਲ ਕੇਂਦਰ ਸਰਕਾਰ ਦੇ ਅਕਸ ਨੂੰ ਵੀ ਨੁਕਸਾਨ ਪੁੱਜ ਰਿਹਾ ਹੈ।

ਗੁਜ਼ਰੇ ਹੋਏ ਵਰ੍ਹੇ ਦੇ ਅੰਤਿਮ ਦਿਨਾਂ ਵਿੱਚ ਉਨਾਵ ਜਬਰ-ਜਨਾਹ ਮਾਮਲੇ ਵਿੱਚ ਸਜ਼ਾਯਾਫ਼ਤਾ ਸਾਬਕਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਦਿੱਲੀ ਹਾਈ ਕੋਰਟ ਤੋਂ ਮਿਲੀ ਰਾਹਤ ਵੀ ਚਰਚਾ ਦੇ ਕੇਂਦਰ ਵਿੱਚ ਰਹੀ। ਸੀਬੀਆਈ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਨੇ ਹਾਈ ਕੋਰਟ ਦੇ ਹੁਕਮ 'ਤੇ ਰੋਕ ਲਗਾਉਣ ਦੀ ਅਪੀਲ ਕੀਤੀ ਅਤੇ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਪਲਟ ਵੀ ਦਿੱਤਾ। ਕੁਝ ਸਾਲ ਪਹਿਲਾਂ ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸੇਂਗਰ ਨੂੰ ਭਾਜਪਾ ਨੇ ਪਾਰਟੀ 'ਚੋਂ ਬਾਹਰ ਦਾ ਰਾਹ ਦਿਖਾ ਦਿੱਤਾ ਸੀ ਪਰ ਵੱਡਾ ਸਵਾਲ ਇਹੀ ਹੈ ਕਿ ਅਜਿਹੇ ਵਿਅਕਤੀ ਨੂੰ ਪਹਿਲਾਂ-ਪਹਿਲ ਭਾਜਪਾ ਵਿੱਚ ਸ਼ਾਮਲ ਹੀ ਕਿਉਂ ਕੀਤਾ ਗਿਆ? ਇਸ ਪੂਰੇ ਮਾਮਲੇ ਵਿੱਚ ਕਈ ਕਾਨੂੰਨੀ ਸਵਾਲ ਵੀ ਉੱਠਦੇ ਹਨ ਕਿਉਂਕਿ ਪੀੜਤਾ ਦੇ ਪਿਤਾ ਦੀ ਹੱਤਿਆ ਦੇ ਮਾਮਲੇ ਵਿੱਚ ਵੀ ਸੇਂਗਰ ਜੇਲ੍ਹ ਵਿੱਚ ਬੰਦ ਹੈ। ਸੇਂਗਰ 'ਤੇ ਸਖ਼ਤੀ ਦੇ ਮਾਮਲੇ ਵਿੱਚ ਵੀ ਮੀਡੀਆ ਦੇ ਰੁਖ਼ ਦੀ ਮਹੱਤਵਪੂਰਨ ਭੂਮਿਕਾ ਰਹੀ। (ਬਾਕੀ ਸਫ਼ਾ 27 'ਤੇ)

# ਪੰਜਾਬ ਦੇ ਪਿੰਡਾਂ ਦੀਆਂ ਉੱਭਰਦੀਆਂ ਸਮੱਸਿਆਵਾਂ ਵੱਲ ਸੱਤਾਧਾਰੀਆ ਦਾ ਧਿਆਨ ਕਿਉਂ ਨਹੀਂ ?



ਸ.ਸ. ਛੀਨਾ

ਪਿਛਲੇ 30-40 ਸਾਲਾਂ ਤੋਂ ਪੰਜਾਬ ਦੇ ਪਿੰਡਾਂ ਦੀਆਂ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਹੋਣ ਨਾਲ ਕਈ ਉਹ ਸਮੱਸਿਆਵਾਂ ਉੱਭਰ ਆਈਆਂ ਹਨ ਜਿਨ੍ਹਾਂ ਬਾਰੇ ਪੁਰਾਣੇ ਸਮੇਂ ਵਿੱਚ ਵਿਚਾਰ ਨਹੀਂ ਸੀ ਕੀਤੀ ਗਈ। ਸ਼ਹਿਰੀਕਰਨ ਵੱਲ ਵਧਦੇ ਰੁਝਾਨ ਦੇ ਬਾਵਜੂਦ ਅਜੇ ਵੀ ਪੰਜਾਬ ਦੀ ਪੇਂਡੂ ਵਸੋਂ ਕੋਈ 68 ਫ਼ੀਸਦੀ ਹੈ ਜਦੋਂ ਕਿ ਸ਼ਹਿਰੀ 32 ਫ਼ੀਸਦੀ ਹੈ ਜੋ ਇਹ ਮੰਗ ਕਰਦੀ ਹੈ ਕਿ ਪਿੰਡਾਂ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪੁਰਾਣੇ ਸਮੇਂ ਵਿੱਚ ਗਲੀਆਂ, ਨਾਲੀਆਂ ਵਿੱਚ ਪਾਣੀ ਜਮ੍ਹਾਂ ਹੋ ਕੇ ਗਲੀਆਂ ਵਿੱਚ ਨਜ਼ਰ ਨਹੀਂ ਸੀ ਆਉਂਦਾ,ਪਰ ਹੁਣ ਸ਼ਾਇਦ ਹੀ ਕੋਈ ਪਿੰਡ ਹੋਵੇਗਾ ਜਿਸ ਵਿੱਚ ਘਰਾਂ ਤੋਂ ਨਿਕਲਿਆ ਇਹ ਪਾਣੀ ਪਿੰਡ ਦੇ ਵਾਤਾਵਰਣ ਨੂੰ ਗੰਦਾ ਨਾ ਕਰਦਾ ਹੋਵੇ। ਉਸ ਵੇਲੇ ਹਰ ਪਿੰਡ ਦੇ ਬਾਹਰ ਛੱਪੜ ਸਨ, ਬਾਰਿਸ਼ ਭਾਵੇਂ 5-6 ਦਿਨ ਵੀ ਹੁੰਦੀ ਸੀ, ਬਾਰਿਸ਼ ਹਟਣ ਤੋਂ ਬਾਅਦ ਸੜਕਾਂ ਅਤੇ ਗਲੀਆਂ ਸੁੱਕੀਆਂ ਹੁੰਦੀਆਂ ਸਨ ਕਿਉਂ ਜੋ ਪਾਣੀ ਇਕਦਮ ਛੱਪੜਾਂ ਵਿੱਚ ਚਲਾ ਜਾਂਦਾ ਸੀ। ਪਰ ਹੁਣ ਹਰ ਪਿੰਡ ਵਿੱਚ ਸ਼ਹਿਰਾਂ ਵਾਂਗ ਸੀਵਰੇਜ ਦੀ ਜ਼ਰੂਰਤ ਹੈ ਅਤੇ ਇਸ ਸੀਵਰੇਜ ਨੂੰ ਹਰ ਪਿੰਡ ਨਾਲ ਜੋੜ ਕੇ ਵੱਡੀਆਂ ਡਰੇਨਾਂ ਰਾਹੀਂ ਇਸ ਪਾਣੀ ਦਾ ਨਿਪਟਾਰਾ ਕਰਨ ਦੀ ਲੋੜ ਹੈ ਜਿਸ ਲਈ ਹਜ਼ਾਰਾਂ, ਲੱਖਾਂ ਕਰੋੜ ਰੁਪਇਆਂ ਦੀ ਲੋੜ ਹੈ ਅਤੇ ਦੂਸਰਾ ਬਦਲ ਇਹ ਹੈ, ਫਿਰ ਛੱਪੜ ਖੋਦੇ ਜਾਣ ਦੀ ਵਿਵਸਥਾ ਕਰਨੀ ਅਤੇ ਉਸ ਪਾਣੀ ਨੂੰ ਖੇਤੀ ਲਈ ਵਰਤਣਾ। ਪਰ ਇਨ੍ਹਾਂ ਦੋ ਬਦਲਾਂ ਵਿਚੋਂ ਇਕ ਦੀ ਇਕਦਮ ਚੋਣ ਕਰਨੀ ਪੈਣੀ ਹੈ।

ਸ਼ਹਿਰੀਕਰਣ ਵਧਦਾ ਹੋਇਆ ਪਿੰਡਾਂ ਵੱਲ ਫੈਲਿਆ ਹੈ, ਪਿੰਡਾਂ ਦੀ ਖੇਤੀ ਵਾਲੀ ਜ਼ਮੀਨ ਨੂੰ ਕਾਲੋਨਾਈਜਰਜ਼ ਨੇ ਖਰੀਦ ਕੇ ਕਾਲੋਨੀਆਂ ਬਣਾ ਦਿੱਤੀਆਂ ਹਨ। ਪੰਜਾਬ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇਗਾ ਜਿਸ ਦੇ ਆਲੇ-ਦੁਆਲੇ ਦੇ ਪਿੰਡਾਂ ਦੀ ਜ਼ਮੀਨ ਵਿੱਚ ਨਵੀਆਂ ਕਾਲੋਨੀਆਂ ਨਾ ਬਣੀਆਂ ਹੋਣ। ਕਈ ਤਾਂ ਸ਼ਹਿਰੀ ਯੋਜਨਾਬੰਦੀ ਮਹਿਕਮੇ ਵਲੋਂ ਪ੍ਰਵਾਨਿਤ ਹਨ ਪਰ ਕਈ ਨਹੀਂ। ਕਈ ਸ਼ਹਿਰਾਂ ਤੋਂ 10-12 ਕਿੱਲੋਮੀਟਰ ਤੱਕ ਸੜਕਾਂ ਦੇ ਦੋਵੇਂ ਪਾਸੇ ਹੀ ਨਵੀਆਂ ਕਾਲੋਨੀਆਂ ਵਿੱਚ ਸੜਕਾਂ, ਬਿਜਲੀ ਦੇ ਖੰਬੇ ਲੱਗੇ ਹੋਏ ਨਜ਼ਰ ਆਉਂਦੇ ਹਨ ਅਤੇ ਕਿਤੇ-ਕਿਤੇ ਹੀ ਕੋਈ ਘਰ ਬਣਿਆ ਨਜ਼ਰ ਆਉਂਦਾ ਹੈ ਪਰ ਇਸ ਕ੍ਰਿਆ ਵਿੱਚ ਲੱਖਾਂ ਏਕੜ ਜ਼ਮੀਨ ਇਸ ਕੰਮ ਲਈ ਰਖੀ ਹੋਈ ਹੈ ਜਿਸ ਨੇ ਪਿੰਡਾਂ ਦੇ ਕਿਰਤੀਆਂ ਦਾ ਕੰਮ ਖ਼ਤਮ ਕਰ ਦਿੱਤਾ ਹੈ ਅਤੇ ਉਸ ਜ਼ਮੀਨ ਤੋਂ ਹੋਣ ਵਾਲਾ ਉਤਪਾਦਨ ਬੰਦ ਹੋ ਗਿਆ ਹੈ ਜੋ ਸਮੁੱਚੇ ਦੇਸ਼ ਦਾ ਨੁਕਸਾਨ ਹੈ।



ਇਨ੍ਹਾਂ ਨਵੀਆਂ ਬਣਨ ਵਾਲੀਆਂ ਕਾਲੋਨੀਆਂ ਨੇ ਘੱਟ ਆਮਦਨ ਵਾਲੇ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਇਨ੍ਹਾਂ ਕਾਲੋਨੀਆਂ ਵਿੱਚ ਬਣਨ ਵਾਲੇ ਪਲਾਟ ਉਨ੍ਹਾਂ ਪਿੰਡ ਵਾਸੀਆਂ ਦੀ ਖਰੀਦ ਸ਼ਕਤੀ ਤੋਂ ਬਾਹਰ ਹੋ ਗਏ ਹਨ। ਉਹ ਪਲਾਟ ਵਪਾਰੀਆਂ ਨੇ ਲਾਭ ਕਮਾਉਣ ਲਈ ਖਰੀਦੇ ਹਨ ਜਾਂ ਉਹ ਪਲਾਟ ਉਨ੍ਹਾਂ ਲੋਕਾਂ ਨੇ ਖਰੀਦੇ ਹਨ ਜਿਨ੍ਹਾਂ ਨੂੰ ਘਰ ਦੀ ਲੋੜ ਨਹੀਂ ਅਤੇ ਜਿਨ੍ਹਾਂ ਨੂੰ ਘਰ ਦੀ ਲੋੜ ਹੈ ਉਹ ਖਰੀਦ ਨਹੀਂ ਸਕਦੇ। ਕਈ ਵਪਾਰੀਆਂ ਨੇ ਇੱਕ ਹੀ ਸ਼ਹਿਰ ਵਿੱਚ 3-4 ਪਲਾਟ ਖਰੀਦੇ ਹੋਏ ਹਨ, ਕਈਆਂ ਨੇ 3-4 ਸ਼ਹਿਰਾਂ ਵਿੱਚ ਪਲਾਟ ਸਿਰਫ਼ ਅੱਗੋਂ ਵੇਚਣ ਲਈ ਖਰੀਦੇ ਹਨ। ਕਈ ਐਨ.ਆਰ.ਆਈ. (ਵਿਦੇਸ਼ਾਂ ਵਿੱਚ ਰਹਿਣ ਵਾਲਿਆਂ) ਨੇ ਉਹ ਪਲਾਟ ਖਰੀਦੇ ਹਨ।

ਪਿੰਡਾਂ ਵਿੱਚ 80 ਫ਼ੀਸਦੀ ਲੋਕ ਅਜੇ ਵੀ ਖੇਤੀ ਤੇ ਨਿਰਭਰ ਕਰਦੇ ਹਨ ਜਿਨ੍ਹਾਂ ਵਿੱਚ ਖੇਤੀ ਕਿਰਤੀ ਵੀ ਆਉਂਦੇ ਹਨ। ਫ਼ਸਲ ਚੱਕਰ ਦੋ ਫ਼ਸਲਾਂ ਕਣਕ ਅਤੇ ਝੋਨੇ ਤੱਕ ਸੀਮਤ ਹੋ ਗਿਆ ਹੈ। ਪੰਜਾਬ ਦੀ 70 ਫ਼ੀਸਦੀ ਭੂਮੀ ਹੁਣ ਇਨ੍ਹਾਂ ਦੋਵਾਂ ਫ਼ਸਲਾਂ ਅਧੀਨ ਹੀ ਹੈ। ਕੋਈ 80 ਲੱਖ ਏਕੜ ਹਰ ਸਾਲ ਝੋਨਾ ਲਾਇਆ ਜਾਂਦਾ ਹੈ। ਕੰਮ ਦੀ ਮਾਤਰਾ ਇਨ੍ਹਾਂ ਦੋਵਾਂ ਫ਼ਸਲਾਂ ਦੀ ਬਿਜਾਈ ਅਤੇ ਕਟਾਈ ਤੱਕ ਸੀਮਤ ਹੋ ਗਈ ਹੈ। ਇਸ ਕਾਰਨ ਪਿੰਡ ਦੇ ਖੇਤੀ ਕਿਰਤੀ ਅਰਧ ਬੇਰੁਜ਼ਗਾਰ ਹੋ ਗਏ ਹਨ। ਉਨ੍ਹਾਂ ਨੂੰ ਸ਼ਹਿਰਾਂ ਵਿੱਚ ਕੰਮ ਲਈ ਜਾਣਾ ਪੈਂਦਾ ਹੈ, ਇਸ ਅਰਧ ਬੇਰੁਜ਼ਗਾਰੀ ਨੇ ਉਨ੍ਹਾਂ ਦੇ ਰਹਿਣ ਸਹਿਣ 'ਤੇ ਬੁਰਾ ਪ੍ਰਭਾਵ ਪਾਇਆ ਹੈ। ਪਿੰਡਾਂ ਵਿੱਚ ਖੇਤੀ ਆਧਾਰਿਤ ਉਦਯੋਗ ਜਾਂ ਹੋਰ ਉਦਯੋਗਾਂ ਵਿੱਚ ਕੋਈ ਵਾਧਾ ਨਹੀਂ ਹੋਇਆ ਜੋ ਉਨ੍ਹਾਂ ਨੂੰ ਘਰ ਦੇ ਨਜ਼ਦੀਕ ਕੰਮ ਪ੍ਰਦਾਨ ਕਰ ਸਕੇ।

1967 ਤੋਂ ਬਾਅਦ ਜਦੋਂ ਤੋਂ ਹਰਾ ਇਨਕਲਾਬ ਸ਼ੁਰੂ ਹੋਇਆ ਹੈ, ਉਸ ਲਈ ਪੰਜਾਬ ਨੂੰ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ ਹੈ। ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਹੋਣ ਕਰਕੇ ਇਨ੍ਹਾਂ ਫ਼ਸਲਾਂ ਅਧੀਨ ਖੇਤਰ ਵਧਦਾ ਗਿਆ। ਇੱਕ ਤਾਂ ਇਨ੍ਹਾਂ ਦੋਵੇਂ ਫ਼ਸਲਾਂ ਲਈ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ, ਦੂਸਰਾ ਜਿਹੜੇ ਰਸਾਇਣਾਂ ਨਾਲ ਇਨ੍ਹਾਂ ਦੀ ਫ਼ਸਲ ਵਿੱਚ ਵਾਧਾ ਕੀਤਾ ਗਿਆ, ਉਨ੍ਹਾਂ ਰਸਾਇਣ ਨੂੰ ਪਾਉਣ ਦੀ ਮੁੱਢਲੀ ਸ਼ਰਤ ਵਧ ਪਾਣੀ ਦਾ ਮਿਲਣਾ ਹੈ। ਬਾਅਦ ਵਿੱਚ ਬਿਜਲੀ ਦੇ ਮੁਫ਼ਤ ਕਰਨ ਨਾਲ, ਪੰਜਾਬ ਵਿੱਚ ਲੱਗੇ 14 ਲੱਖ ਟਿਊਬਵੈੱਲਾਂ ਧਰਤੀ ਹੇਠੋਂ ਪਾਣੀ ਨੂੰ ਲਗਾਤਾਰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਪਾਣੀ ਦੀ ਪੱਧਰ ਜ਼ਿਆਦਾ ਖੇਤਰਾਂ ਵਿੱਚ 150 ਫੁੱਟ ਤੋਂ ਵੀ ਥੱਲੇ ਚਲੀ ਗਈ ਜਿਸ ਨਾਲ ਘਰ ਵਿੱਚ ਲੱਗੇ ਨਲਕਿਆਂ ਨੇ ਪਾਣੀ ਕੱਢਣਾ ਛੱਡ ਦਿੱਤਾ। ਪੇਂਡੂ ਖੇਤਰਾਂ ਦੇ ਘਰਾਂ ਵਿੱਚ ਬਿਜਲੀ ਦੀਆਂ ਮੋਟਰਾਂ ਲੱਗਣੀਆਂ ਸ਼ੁਰੂ ਹੋ ਗਈਆਂ। ਭਾਵੇਂ ਕਿ ਸਰਕਾਰੀ ਟੂਟੀਆਂ ਨਾਲ ਵੀ ਪਾਣੀ ਦੀ ਪੂਰਤੀ ਹੁੰਦੀ ਹੈ ਪਰ ਉਹ ਸਮਾਬੱਧ ਹੋਣ ਕਰਕੇ, ਇਨ੍ਹਾਂ ਮੋਟਰਾਂ ਦੇ ਚਲਣ ਦਾ ਖਰਚ ਅਤੇ ਲਵਾਉਣ ਦਾ ਖਰਚ ਵੀ ਬੋਝ ਬਣ ਗਿਆ। ਪਹਿਲਾਂ ਵਾਲਾ ਪਿੰਡਾਂ ਦੀਆਂ ਖੂਹੀਆਂ ਦਾ ਸੱਭਿਆਚਾਰ ਬਿਲਕੁਲ ਖ਼ਤਮ ਹੋ ਗਿਆ।

ਫ਼ਸਲ ਚੱਕਰ ਵਿੱਚ ਆਈ ਤਬਦੀਲੀ ਨਾਲ ਉਹ ਫ਼ਸਲਾਂ ਬੀਜੀਆਂ ਜਾਣੀਆਂ ਬਿਲਕੁਲ ਬੰਦ ਹੋ ਗਈਆਂ ਜਿਨ੍ਹਾਂ ਦੀ ਘਰਾਂ ਵਿੱਚ ਵਰਤੋਂ ਹੁੰਦੀ ਸੀ ਅਤੇ ਉਹ ਪਿੰਡਾਂ ਵਿੱਚ ਮਿਲ ਜਾਂਦੀਆਂ ਸਨ। ਜਿਵੇਂ ਮਸਰ, ਮਾਂਹ, ਛੋਲੇ, ਮੂੰਗੀ, ਮੂੰਗਫਲੀ, ਤੋਰੀਆ, ਸਰ੍ਹੋਂ, ਤਿਲ ਅਤੇ ਇਸ ਤਰ੍ਹਾਂ ਹੀ ਕਈ ਸਬਜ਼ੀਆਂ ਵੀ ਫ਼ਸਲ ਚੱਕਰ ਵਿੱਚ ਨਾ ਰਹੀਆਂ। ਇਹ ਸਾਰੀਆਂ ਹੀ ਫ਼ਸਲਾਂ ਹੁਣ ਸ਼ਹਿਰਾਂ ਵਿਚੋਂ ਮਿਲਦੀਆਂ ਹਨ। ਦਾਲਾਂ ਤਾਂ ਦਰਾਮਦ ਹੁੰਦੀਆਂ ਹਨ। ਇਸ ਲਈ ਹਰ ਸਾਲ 1 ਲੱਖ ਕਰੋੜ ਰੁਪਏ ਭਾਰਤ ਨੂੰ ਅਦਾ ਕਰਨੇ ਪੈਂਦੇ ਹਨ ਅਤੇ ਇੰਨੇ ਹੀ ਮੁੱਲ ਦੇ ਖਾਣ ਵਾਲੇ ਤੇਲ ਬਾਹਰੋਂ ਮੰਗਵਾਏ ਜਾਂਦੇ ਹਨ। ਫਿਰ ਇਹ ਸਾਰੀਆਂ ਵਸਤਾਂ ਸ਼ਹਿਰਾਂ ਦੀਆਂ ਦੁਕਾਨਾਂ ਵਿਚੋਂ ਮਿਲਦੀਆਂ ਹਨ ਜਿਹੜੀਆਂ ਪਿੰਡਾਂ ਦੀਆਂ ਦੁਕਾਨਾਂ ਤੋਂ ਭਾਵੇਂ ਘੱਟ ਮੁੱਲ ਦੀਆਂ ਹੁੰਦੀਆਂ ਹਨ ਪਰ ਪੇਂਡੂ ਲੋਕਾਂ ਨੂੰ ਪਿੰਡਾਂ ਦੀਆਂ ਦੁਕਾਨਾਂ ਤੋਂ ਮਹਿੰਗੀਆਂ ਪੈਂਦੀਆਂ ਹਨ।

ਅੱਜ ਕੱਲ੍ਹ ਠੀਕ ਇਲਾਜ ਲਈ ਡਾਇਗਨੋਸਟਿਕ ਲੈਬਾਰਟਰੀਆਂ ਵੀ ਉਨੀਆਂ ਹੀ ਜ਼ਰੂਰੀ ਹਨ ਜਿੰਨੀਆਂ ਡਿਸਪੈਂਸਰੀਆਂ ਅਤੇ ਹਸਪਤਾਲ। ਪਰ ਇਸ ਤਰ੍ਹਾਂ ਦੀਆਂ ਨਿਰੀਖਣ ਕਰਨ ਵਾਲੀਆਂ ਲੈਬਾਰਟਰੀਆਂ ਪਿੰਡਾਂ ਵਿੱਚ ਨਹੀਂ ਮਿਲਦੀਆਂ। ਜਿਹੜੀਆਂ ਪੇਂਡੂ ਡਿਸਪੈਂਸਰੀਆਂ ਅਤੇ ਹਸਪਤਾਲਾਂ ਦੇ ਨਾਲ ਨਹੀਂ, ਇਥੋਂ ਤੱਕ ਕਿ ਸਰਕਾਰੀ ਹਸਪਤਾਲਾਂ ਵਿੱਚ ਭਾਵੇਂ ਇਲਾਜ ਮੁਫ਼ਤ ਹੈ ਪਰ ਨਰੀਖਣ ਕਰਾਉਣ ਲਈ ਡਾਕਟਰਾਂ ਵੱਲੋਂ ਕਿਸੇ ਲੈਬਾਰਟਰੀ 'ਤੇ ਭੇਜਣਾ ਪੈਂਦਾ ਹੈ ਅਤੇ ਉਹ ਲੈਬਾਰਟਰੀਆਂ ਜ਼ਿਆਦਾਤਰ ਨਿੱਜੀ ਖੇਤਰਾਂ ਵਿੱਚ ਹਨ ਜਿਨ੍ਹਾਂ 'ਤੇ ਸਰਕਾਰੀ ਹਸਪਤਾਲਾਂ ਨੂੰ ਨਿਰਭਰ ਹੋਣਾ ਪੈਂਦਾ ਹੈ।

ਪਿੰਡਾਂ ਵਿੱਚ ਪੰਚਾਇਤ, ਪਿੰਡਾਂ ਦੇ ਮਸਲੇ ਹੱਲ ਕਰਨ ਲਈ ਬਹੁਤ ਹੀ ਯੋਗ ਸੰਸਥਾ ਹੈ।

(ਬਾਕੀ ਸਫ਼ਾ 27 'ਤੇ)

# ਔਰਤਾਂ ਦੀ ਸੁਰੱਖਿਆ, ਸਨਮਾਨ ਅਤੇ ਸੁਤੰਤਰਤਾ ਯਕੀਨੀ ਬਣਾਉਣ ਲਈ ਜਵਾਬਦੇਹ ਹੋਵੇ ਸਰਕਾਰ



ਨਰਿੰਦਰ ਕੌਰ ਸੋਹਲ

ਦੇਸ਼ ਦੇ ਹਾਲਾਤ ਦਿਨੋ ਦਿਨ ਜਿਸ ਪਾਸੇ ਵੱਲ ਵਧ ਰਹੇ ਹਨ, ਔਰਤਾਂ ਲਈ ਕਈ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹਨ। ਸਦੀਆਂ ਤੋਂ ਜ਼ੁਲਮ ਸਹਿੰਦੀ ਆ ਰਹੀ ਔਰਤ ਜਦੋਂ ਆਪਣੇ ਹੱਕਾਂ, ਹਿਤਾਂ ਲਈ ਚੇਤਨ ਹੋ ਮੈਦਾਨ ਵਿੱਚ ਆਈ ਤਾਂ ਬਹੁਤ ਕੁਝ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਈ ਹੈ। ਪਰ ਉਹ ਕਦੇ ਅਵੇਸਲੀ ਨਹੀਂ ਹੋ ਸਕਦੀ ਕਿਉਂਕਿ ਪਤਾ ਨਹੀਂ ਕਦੋਂ ਉਸਦੇ ਹੱਕਾਂ ਉੱਤੇ ਡਾਕਾ ਪੈ ਜਾਵੇ ਅਤੇ ਮਿਲੇ ਸਨਮਾਨ ਨੂੰ ਢਾਹ ਲੱਗ ਜਾਵੇ। ਦੇਸ਼ ਵਿੱਚ ਹੁਣੇ ਹੁਣੇ ਵਾਪਰੀਆਂ ਕੁਝ ਘਟਨਾਵਾਂ ਨੇ ਇਹ ਸਹੀ ਸਾਬਤ ਕਰ ਦਿੱਤਾ ਹੈ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਮਨਰੇਗਾ ਦੀ, ਜਿਸ ਵਿੱਚ 90% ਔਰਤਾਂ ਹੀ ਕੰਮ ਕਰਦੀਆਂ ਹਨ। ਇਹ ਕਾਨੂੰਨ ਬਣਨ ਬਾਰੇ ਜਦੋਂ ਉਹਨਾਂ ਨੂੰ ਪਤਾ ਲੱਗਾ ਤਾਂ ਉਹ ਸਭ ਤੋਂ ਪਹਿਲਾਂ ਕੰਮ ਲੈਣ ਲਈ ਘਰੋਂ ਨਿਕਲੀਆਂ। ਕਿਉਂਕਿ ਇਹ ਕਾਨੂੰਨ ਉਹਨਾਂ ਨੂੰ ਆਪਣੇ ਹੀ ਪਿੰਡਾਂ ਵਿੱਚ ਕੰਮ ਕਰਨ ਅਤੇ ਦਿਹਾੜੀ ਮਰਦਾਂ ਬਰਾਬਰ ਦੇਣ ਦੀ ਗਰੰਟੀ ਦਿੰਦਾ ਸੀ। ਆਦਮੀ ਜਿੱਥੇ ਮਰਜ਼ੀ ਦਿਹਾੜੀ 'ਤੇ ਜਾ ਸਕਦਾ ਹੈ ਪਰ ਔਰਤਾਂ ਲਈ ਘਰਾਂ ਤੋਂ ਦੂਰ ਜਾਣਾ ਔਖਾ ਹੁੰਦਾ ਹੈ। ਇਸ ਕਰਕੇ ਉਹ ਮਨਰੇਗਾ ਅਧੀਨ ਕੰਮ ਕਰਨ ਲੱਗੀਆਂ, ਜਿਸ ਨਾਲ ਉਹਨਾਂ ਦੀ ਜੇਬ ਵਿੱਚ ਪੈਸੇ ਆਉਣ ਲੱਗੇ। ਉਹ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਕੁਝ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਬਣੀਆਂ। ਉਹਨਾਂ ਨੂੰ ਦੂਜਿਆਂ ਅੱਗੇ ਹੱਥ ਅੱਡਣ ਤੋਂ ਛੁਟਕਾਰਾ ਮਿਲਿਆ। ਇਹ ਕੰਮ ਉਹਨਾਂ ਦੇ ਸਨਮਾਨ ਨੂੰ ਵਧਾਉਂਦਾ ਸੀ। ਕਾਨੂੰਨ ਦੀਆਂ ਬਰੀਕੀਆਂ ਬਾਰੇ ਜਿੰਨੀ ਜਾਣਕਾਰੀ ਇਹ ਅਨਪੜ੍ਹ ਔਰਤਾਂ ਨੇ ਹਾਸਲ ਕਰ ਲਈ, ਉਨੀ ਤਾਂ ਸਰਕਾਰੀ ਅਧਿਕਾਰੀਆਂ ਨੂੰ ਵੀ ਨਹੀਂ ਪਤਾ ਸੀ। ਕੰਮ ਲੈਣ ਤੇ ਪੈਸੇ ਖਾਤਿਆਂ ਵਿੱਚ ਪਵਾਉਣ ਲਈ ਕੀਤੇ ਜਾਂਦੇ ਧਰਨਿਆਂ-ਮੁਜ਼ਾਹਰਿਆਂ ਦੌਰਾਨ ਕਾਨੂੰਨ ਬਾਰੇ ਬੋਲ ਅਫਸਰਾਂ ਦੇ ਮੂੰਹ ਬੰਦ ਕਰ ਦਿੰਦੀਆਂ ਸਨ।

ਪਰ ਹੁਣ ਕੇਂਦਰ ਸਰਕਾਰ ਵੱਲੋਂ ਜਿੱਥੇ ਮਨਰੇਗਾ ਦਾ ਨਾਮ ਬਦਲ ਦਿੱਤਾ ਗਿਆ ਹੈ, ਉੱਥੇ ਇਸਦੀ ਰੂਹ ਹੀ ਖਤਮ ਕਰ ਦਿੱਤੀ ਗਈ ਹੈ। ਕੇਂਦਰ ਸਰਕਾਰ ਲਗਾਤਰ ਬਜਟ ਘਟਾਉਂਦੀ ਆ ਰਹੀ ਸੀ ਤੇ ਹੁਣ ਉਸਨੇ ਆਪਣਾ ਹਿੱਸਾ ਘਟਾ ਕੇ 60% ਅਤੇ ਸੂਬਿਆਂ ਦਾ 40% ਕਰ ਦਿੱਤਾ ਹੈ, ਜਿਸ ਨਾਲ ਵਧੇਰੇ ਜ਼ਿੰਮੇਵਾਰੀ ਅਤੇ ਬੋਝ ਸੂਬਿਆਂ ਉੱਤੇ ਪਾ ਦਿੱਤਾ ਗਿਆ ਹੈ। ਦੂਜੇ ਪਾਸੇ ਇਹ ਵੀ ਜ਼ਿਕਰਯੋਗ ਹੈ ਕਿ ਕੰਮ ਚਲਾਉਣ ਲਈ ਕੇਂਦਰ ਦੀ ਮਨਜ਼ੂਰੀ ਲੈਣੀ ਪਵੇਗੀ। ਬੇਸ਼ਕ ਦਿਨਾਂ ਦੀ ਗਿਣਤੀ 125 ਕਰਨ ਦੀ ਗੱਲ ਕਹੀ ਗਈ ਹੈ, ਜੋ ਮਜ਼ਦੂਰਾਂ ਨੂੰ ਸਿਰਫ ਗੁਮਰਾਹ ਕਰਨ ਦੀ ਕੋਸ਼ਿਸ਼ ਹੀ ਕੀਤੀ ਗਈ ਹੈ ਕਿਉਂਕਿ ਜਿੱਥੇ ਪਹਿਲਾਂ ਹੀ ਔਸਤਨ 50 ਦਿਨਾਂ ਤੋਂ ਵੱਧ ਕੰਮ ਨਹੀਂ ਦਿੱਤਾ ਜਾਂਦਾ ਸੀ, ਉੱਥੇ 125 ਦਿਨ ਕੰਮ ਕਿਵੇਂ ਮਿਲੇਗਾ ? ਖੇਤੀ ਸੀਜ਼ਨ ਦੌਰਾਨ ਮਜ਼ਦੂਰਾਂ ਨੂੰ ਕੰਮ ਨਾ ਦੇਣ ਦਾ ਵੀ ਇਸ ਵਿੱਚ ਜ਼ਿਕਰ ਕੀਤਾ ਗਿਆ ਹੈ। ਹੁਣ ਕੰਮ ਮਿਣਤੀ ਰਾਹੀਂ ਦਿਹਾੜੀ ਨਿਸ਼ਚਿਤ ਹੋਵੇਗੀ, ਜੋ ਮਜ਼ਦੂਰ ਨੂੰ ਕੰਮ ਪੂਰਤੀ ਲਈ 12 ਘੰਟੇ ਕੰਮ ਵੱਲ ਧੱਕਿਆ ਜਾਵੇਗਾ। ਇਹ ਇੱਕ ਵੱਡਾ ਧੱਕਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਟੇਢੇ ਢੰਗ ਨਾਲ ਇਸ ਕਾਨੂੰਨ ਨੂੰ ਖਤਮ ਕਰਨ ਦਾ ਫਰਮਾਨ ਹੀ ਜਾਰੀ ਕਰ ਦਿੱਤਾ ਗਿਆ ਹੈ, ਜਿਸਦਾ ਸਭ ਤੋਂ ਵੱਧ ਮਾਰੂ ਅਸਰ ਔਰਤਾਂ 'ਤੇ ਪੈਣਾ ਹੈ। ਆਰਥਿਕ ਤੌਰ 'ਤੇ ਕਮਜ਼ੋਰ ਔਰਤਾਂ ਦੇ ਸਨਮਾਨ ਨੂੰ ਸੱਟ ਵੱਜਣੀ ਹੈ।

ਦੂਜਾ ਮਾਮਲਾ ਹੈ ਚੌਧਰੀਆਂ ਵੱਲੋਂ ਔਰਤਾਂ ਵਿਰੋਧੀ ਫਰਮਾਨ ਜਾਰੀ ਕਰਨਾ। ਰਾਜਸਥਾਨ ਦੇ ਜਲੌਰ ਜ਼ਿਲ੍ਹੇ ਵਿੱਚ ਇੱਕ ਪੰਚਾਇਤ ਵੱਲੋਂ ਔਰਤਾਂ ਦੁਆਰਾ ਸਮਾਰਟਫੋਨ ਦੀ ਵਰਤੋਂ 'ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਔਰਤਾਂ ਦੇ ਮੌਲਿਕ ਅਧਿਕਾਰਾਂ ਉੱਤੇ ਸਿੱਧਾ ਹਮਲਾ ਹੈ। ਸੰਵਿਧਾਨ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਲਿੰਗ ਸਮਾਨਤਾ ਦੇ ਸਿਧਾਂਤਾਂ ਦੀ ਸਪਸ਼ਟ ਉਲੰਘਣਾ ਹੈ। ਅੱਜ ਦੇ ਸਮੇਂ ਵਿੱਚ ਸਮਾਰਟਫੋਨ ਸਿਰਫ ਔਰਤਾਂ ਲਈ ਸੰਚਾਰ ਦਾ ਸਾਧਨ ਨਹੀਂ ਹੈ; ਇਹ ਸਿੱਖਿਆ, ਸਿਹਤ ਸੰਭਾਲ, ਰੁਜ਼ਗਾਰ ਦੇ ਮੌਕਿਆਂ, ਸਰਕਾਰੀ ਭਲਾਈ ਸਕੀਮਾਂ, ਡਿਜਿਟਲ ਭੁਗਤਾਨਾਂ, ਐਮਰਜੈਂਸੀ ਸਹਾਇਤਾ ਅਤੇ ਪ੍ਰਗਟਾਵੇ ਦੀ ਅਜ਼ਾਦੀ ਲਈ ਇੱਕ ਜ਼ਰੂਰੀ ਸਾਧਨ ਹੈ। ਔਰਤਾਂ ਨੂੰ ਇਸ ਤਕਨਾਲੋਜੀ ਤਕ ਪਹੁੰਚ ਤੋਂ ਇਨਕਾਰ ਕਰਨਾ ਭਾਰਤੀ ਸੰਵਿਧਾਨ ਦੇ ਅਨੁਛੇਦ 14 (ਸਮਾਨਤਾ ਦਾ ਅਧਿਕਾਰ), ਅਨੁਛੇਦ 19 (ਪ੍ਰਗਟਾਵੇ ਦੀ ਅਜ਼ਾਦੀ), ਅਤੇ ਅਨੁਛੇਦ 21 (ਸਨਮਾਨ ਨਾਲ ਜੀਵਨ ਦਾ ਅਧਿਕਾਰ) ਦੀ ਘੋਰ ਉਲੰਘਣਾ ਹੈ। ਅਜਿਹੇ ਫੈਸਲੇ ਔਰਤਾਂ ਦੀ ਅਜ਼ਾਦੀ, ਸੁਰੱਖਿਆ ਅਤੇ ਆਰਥਿਕ ਸੁਤੰਤਰਤਾ ਨੂੰ ਕਮਜ਼ੋਰ ਕਰਦੇ ਹਨ; ਡਿਜਿਟਲ ਇੰਡੀਆ, ਬੇਟੀ ਬਚਾਓ-ਬੇਟੀ ਪੜ੍ਹਾਓ ਵਰਗੇ ਸਰਕਾਰੀ ਦਾਅਵਿਆਂ ਦੇ ਖੋਖਲੇਪਣ ਨੂੰ ਉਜਾਗਰ ਕਰਦੇ ਹਨ। ਔਰਤਾਂ ਕਿਸੇ ਵੀ ਪੰਚਾਇਤ ਜਾਂ ਸਮਾਜ ਦੀ ਜਾਇਦਾਦ ਨਹੀਂ ਹੁੰਦੀਆਂ। ਹਰ ਤਰ੍ਹਾਂ ਦੀਆਂ ਪਾਬੰਦੀਆਂ ਔਰਤਾਂ ਲਈ ਹੀ ਕਿਉਂ ?




ਤੀਸਰਾ ਮਾਮਲਾ ਹੈ ਉਨਾਓ ਰੇਪ ਕੇਸ ਦਾ। ਅਦਾਲਤਾਂ ਵੀ ਜੇ ਪੱਖਪਾਤ ਕਰਨ ਲੱਗ ਜਾਣ ਤਾਂ ਔਰਤਾਂ ਇਨਸਾਫ ਦੀ ਉਮੀਦ ਕਿਸ ਕੋਲੋਂ ਕਰਨ ? ਸਾਲ 2017 ਵਿੱਚ ਪੀੜਿਤਾਂ ਵੱਲੋਂ ਭਾਜਪਾ ਆਗੂ ਅਤੇ ਤਤਕਾਲੀ ਵਿਧਾਇਕ ਕੁਲਦੀਪ ਸਿੰਘ ਸੇਂਗਰ ਉੱਤੇ ਬਲਾਤਕਾਰ ਦਾ ਇਲਜ਼ਾਮ ਲਾਇਆ ਗਿਆ ਸੀ। ਉਸ ਸਮੇਂ ਪੀੜਿਤਾ ਦੀ ਉਮਰ ਸਿਰਫ 17 ਸਾਲ ਸੀ। ਦੇਸ਼ ਵਿੱਚ ਅਣਗਿਣਤ ਬੱਚੀਆਂ ਨਾਲ ਰੇਪ ਹੁੰਦਾ ਹੈ ਅਤੇ ਜ਼ਿਆਦਾਤਰ ਮਾਰ ਵੀ ਦਿੱਤੀਆਂ ਜਾਂਦੀਆਂ। ਬਹੁਤ ਘੱਟ ਦੋਸ਼ੀਆਂ ਨੂੰ ਸਜ਼ਾ ਮਿਲ ਪਾਉਂਦੀ ਹੈ। ਉਹ ਵੀ ਉਦੋਂ ਹੀ, ਜਦੋਂ ਪੀੜਿਤਾ ਇਨਸਾਫ ਲਈ ਸੜਕਾਂ 'ਤੇ ਉੱਤਰਦੀ ਹੈ। ਅਜਿਹਾ ਹੀ ਉਨਾਓ ਦੀ ਪੀੜਿਤਾ ਨਾਲ ਵਾਪਰਿਆ। ਰੇਪ ਫਿਰ ਗੈਂਗਰੇਪ, ਪੁਲਿਸ ਕਸਟਡੀ ਵਿੱਚ ਪਿਤਾ ਦੀ ਮੌਤ, ਸੜਕ ਹਾਦਸੇ ਵਿੱਚ ਦੋ ਰਿਸ਼ਤੇਦਾਰਾਂ ਅਤੇ ਵਕੀਲ ਦੀ ਮੌਤ ਅਤੇ ਹਸਪਤਾਲ ਵਿੱਚ ਛੇ ਮਹੀਨੇ ਲੰਬੀ ਚੱਲੀ ਜ਼ਿੰਦਗੀ ਬਚਾਉਣ ਦੀ ਜੰਗ। ਅਨੇਕਾਂ ਕਸ਼ਟ ਝੱਲੇ ਅਤੇ ਇਨ੍ਹਾਂ ਅੱਠ ਸਾਲਾਂ ਵਿੱਚ ਮੁਲਜ਼ਮਾਂ ਦੀ ਗ੍ਰਿਫਤਾਰੀ ਵੀ ਹੋਈ, ਮੁਕੱਦਮੇ ਚੱਲੇ, ਸਜ਼ਾ ਵੀ ਸੁਣਾਈ ਗਈ। ਪਰ ਅਚਾਨਕ ਦਿੱਲੀ ਹਾਈ ਕੋਰਟ ਦਾ ਫੈਸਲਾ ਹੈਰਾਨ ਕਰਨ ਵਾਲਾ ਸੀ। ਦਿੱਲੀ ਹਾਈ ਕੋਰਟ ਨੇ 23 ਦਸੰਬਰ ਨੂੰ ਸੇਂਗਰ ਦੀ ਸਜ਼ਾ ਮੁਅੱਤਲ ਕਰਦਿਆਂ ਉਸਨੂੰ ਜ਼ਮਾਨਤ ਦੇ ਦਿੱਤੀ ਸੀ, ਜਿਸਨੇ ਪੀੜਿਤਾਂ ਨੂੰ ਫਿਰ ਦਿੱਲੀ ਦੀਆਂ ਠੰਢੀਆਂ ਸੜਕਾਂ ਉੱਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਕਰ ਦਿੱਤਾ ਕਿਉਂਕਿ ਅਜਿਹਾ ਤਾਕਤਵਰ ਦੋਸ਼ੀ ਜੇ ਜੇਲ੍ਹ ਵਿੱਚੋਂ ਬਾਹਰ ਆ ਜਾਂਦਾ ਹੈ ਤਾਂ ਪੀੜਿਤਾ ਦੀ ਸੁਰੱਖਿਆ ਖਤਰੇ ਵਿੱਚ ਪੈ ਜਾਂਦੀ।

(ਬਾਕੀ ਸਫ਼ਾ 27 'ਤੇ)



# ਮਾਘ ਨਜ਼ਾਰੇ ਧੁੱਪਾਂ ਦੇ... ਪੱਤੇ ਝੜਦੇ ਰੁੱਖਾਂ ਦੇ...








**ਪਤਝੜ ਰੁੱਤ ਦੀ ਰਵਾਨਗੀ ਅਤੇ ਬਸੰਤ ਰੁੱਤ ਦੀ ਆਮਦ ਦਾ ਮਹੀਨਾ ਮੰਨੇ ਜਾਂਦੇ ਮਾਘ ਮਹੀਨੇ ਦੀ ਸ਼ੁਰੂਆਤ ਹੀ ਮਾਘੀ ਦੇ ਪਵਿੱਤਰ ਧਾਰਮਿਕ ਤਿਉਹਾਰ ਨਾਲ ਹੁੰਦੀ ਹੈ, ਭਾਵੇਂ ਬਸੰਤ ਰੁੱਤ ਫ਼ੱਗਣ ਮਹੀਨੇ ਦੌਰਾਨ ਮੌਲਦੀ, ਪੈਲਾਂ ਪਾਉਂਦੀ, ਜਵਾਨ ਹੁੰਦੀ ਹੈ ਪਰ ਬਸੰਤ ਰੁੱਤ ਦਾ ਜਨਮ ਇੱਕ ਤਰ੍ਹਾਂ ਮਾਘ ਮਹੀਨੇ ਹੀ ਹੋ ਜਾਂਦਾ ਹੈ।**

ਮਾਘ ਮਹੀਨੇ ਦੌਰਾਨ ਪੈਂਦੀ ਕੜਾਕੇ ਦੀ ਹੱਡ ਠਾਰਦੀ ਠੰਡ, ਅੰਮ੍ਰਿਤ ਵੇਲੇ ਹਰ ਪਾਸੇ ਫ਼ੈਲੀ ਧੁੰਦਲੀ ਸਵੇਰ ਅਤੇ ਫ਼ਿਰ ਦੁਪਹਿਰ ਸਮੇਂ ਨਿਕਲਦੀ ਕੋਸੀ ਕੋਸੀ ਧੁੱਪ, ਪੱਤੇ ਝੜਨ ਤੋਂ ਬਾਅਦ ਰੁੰਡ ਮੁਰੰਡ ਹੋਏ ਰੁੱਖ, ਜੋ ਬੜੀ ਬੇਸਬਰੀ ਨਾਲ ਬਸੰਤ ਬਹਾਰ ਰੁੱਤ ਦੀ ਉਡੀਕ ਕਰ ਰਹੇ ਹੁੰਦੇ ਹਨ, ਦਰਿਆਵਾਂ, ਨਦੀਆਂ, ਜਲਗਾਹਾਂ ਕਿਨਾਰੇ ਸਾਈਬੇਰੀਆ ਦੀਆਂ ਕੂੰਜਾਂ ਅਤੇ ਹੋਰ ਰੰਗ ਬਿਰੰਗੇ ਮਨਮੋਹਣੇ ਪਰਵਾਸੀ ਪੰਛੀਆਂ ਦੀਆਂ ਉਡਾਰੀਆਂ ਅਤੇ ਦੇਸੀ-ਪਰਵਾਸੀ ਪੰਛੀਆਂ ਦੀਆਂ ਰਲਵੀਂਆਂ ਮਿਲਵੀਂਆਂ ਆਵਾਜ਼ਾਂ ਰਾਹੀਂ ਪੈਦਾ ਹੁੰਦਾ ਮਨਮੋਹਨਾਂ ਸੰਗੀਤ ਅਸਲ ਵਿੱਚ ਬਹਾਰ ਰੁੱਤ ਦੇ ਜਨਮ ਹੋਣ ਦੇ ਸੂਚਕ ਹੁੰਦੇ ਹਨ। ਇਹ ਠੀਕ ਹੈ ਕਿ ਮਾਘ ਮਹੀਨੇ ਦੀ ਸ਼ੁਰੂਆਤ ਮੌਕੇ ਰੁੱਖਾਂ ਦੇ ਪੁਰਾਣੇ ਪੱਤੇ ਝੜ ਜਾਂਦੇ ਹਨ ਪਰ ਇਸ ਦੇ ਨਾਲ ਹੀ ਰੁੱਖਾਂ ਦੀਆਂ ਡਾਲੀਆਂ 'ਤੇ ਨਵੇਂ ਪੱਤੇ ਆਉਣ ਲਈ ਕਰੂੰਬਲਾਂ ਉਗ ਪੈਂਦੀਆਂ ਹਨ, ਜੋ ਕਿ ਮਾਘ ਮਹੀਨੇ ਦੌਰਾਨ ਪੂਰੇ ਪੱਤਿਆਂ ਦੇ ਰੂਪ ਵਿੱਚ ਆ ਜਾਂਦੀਆਂ ਹਨ ਅਤੇ ਬਸੰਤ ਰੁੱਤ ਦੇ ਜਨਮ ਦਾ ਐਲਾਨ ਕਰ ਦਿੰਦੇ ਹਨ। ਅਸਲ ਵਿੱਚ ਪੋਹ ਮਹੀਨੇ ਦੇ ਕੱਕਰ ਕਾਰਨ ਸੁੱਤੀ ਹੋਈ ਬਨਸਪਤੀ ਵੀ ਮਾਘ ਮਹੀਨੇ ਸੂਰਜ ਦੇਵਤਾ ਦੀ ਹਾਜਰੀ ਵਧਣ ਕਾਰਨ ਕੋਸੀ ਕੋਸੀ ਧੁੱਪ ਦਾ ਆਨੰਦ ਮਾਣਦਿਆਂ ਉਸਲ ਵੱਟੇ ਲੈਣ ਲੱਗ ਪੈਂਦੀ ਹੈ।

ਇਸ ਤੋਂ ਇਲਾਵਾ ਵੱਖ- ਵੱਖ ਧਾਰਮਿਕ ਗ੍ਰੰਥਾਂ ਵਿੱਚ ਮਾਘ ਮਹੀਨੇ ਦਾ ਜ਼ਿਕਰ ਆਉਂਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਵੀ ਪਵਿੱਤਰ ਗਰੰਥ ਗੀਤਾ ਦੇ ਅੱਠਵੇਂ ਅਧਿਆਏ ਵਿੱਚ ਮਾਘ ਮਹੀਨੇ ਦੀ ਉਸਤਤਿ ਕੀਤੀ ਹੈ। ਮਹਾਂਭਾਰਤ ਵਿੱਚ ਵੀ ਮਾਘ ਮਹੀਨੇ ਦਾ ਜ਼ਿਕਰ ਆਉਂਦਾ ਹੈ ਕਿ ਮਾਘ ਮਹੀਨੇ ਦੀ ਸੰਗਰਾਂਦ ਨੂੰ ਸਵਰਗ ਦਾ ਦਰਵਾਜ਼ਾ ਖੁੱਲ੍ਹਦਾ ਹੈ।

ਮਾਘ ਮਹੀਨੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਮਾਘ ਮਹੀਨੇ ਨਾਲ ਸਬੰਧਿਤ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਦੇ ਨਾਂਅ ਤਾਂ ਵੱਖ- ਵੱਖ ਹੁੰਦੇ ਹਨ ਪਰ ਸਭ ਤਿਉਹਾਰਾਂ ਦਾ ਸਬੰਧ ਮਾਘ ਮਹੀਨੇ ਨਾਲ ਹੀ ਹੁੰਦਾ ਹੈ ਅਤੇ ਸਭ ਤਿਉਹਾਰਾਂ ਦਾ ਮਕਸਦ ਭਾਈਚਾਰਕ ਸਾਂਝ ਪੈਦਾ ਕਰਨਾ ਅਤੇ ਰੱਬ ਦੀ ਉਸਤਤਿ ਕਰਨਾ ਹੁੰਦਾ ਹੈ। ਮਾਘ ਮਹੀਨੇ ਦੀ ਸੰਗਰਾਂਦ ਨੂੰ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਮੁਕਤਸਰ ਦਾ ਮਾਘੀ ਮੇਲਾ ਬਹੁਤ ਪ੍ਰਸਿੱਧ ਹੈ। ਮਾਘੀ ਵਰਗੇ ਤਿਉਹਾਰ ਹੀ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਮਨਾਏ ਜਾਂਦੇ ਹਨ। ਉਤਰ ਪ੍ਰਦੇਸ਼ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਨੂੰ 'ਰੰਗੋਲੀ' ਉਤਸਵ ਮਨਾਇਆ ਜਾਂਦਾ ਹੈ। ਤਾਮਿਲਨਾਡੂ ਵਿੱਚ ਮਾਘੀ ਵਾਲੇ ਦਿਨ 'ਪੋਂਗਲ' ਤਿਉਹਾਰ ਮਨਾਇਆ ਜਾਂਦਾ ਹੈ। ਮਹਾਰਾਸ਼ਟਰ ਵਿੱਚ ਮਾਘੀ ਵਾਲੇ ਦਿਨ 'ਮਿਲਣ' ਤਿਉਹਾਰ ਮਨਾਇਆ ਜਾਂਦਾ ਹੈ। ਇਹ ਸਾਰੇ ਤਿਉਹਾਰ ਮਾਘੀ ਨਾਲ ਸਬੰਧਿਤ ਹੀ ਹੁੰਦੇ ਹਨ ਪਰ ਵੱਖ -ਵੱਖ ਸੂਬਿਆਂ ਵਿੱਚ ਇਹਨਾਂ ਦੇ ਨਾਮ ਵੱਖ- ਵੱਖ ਰੱਖੇ ਹੋਏ ਹਨ। ਭਾਰਤ ਦੇ ਕੁਝ ਇਲਾਕਿਆਂ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਸੂਰਜ ਦੇਵਤਾ ਦੀ ਪੂਜਾ ਵੀ ਕੀਤਾ ਜਾਂਦੀ ਹੈ, ਕਈ ਇਲਾਕਿਆਂ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਨੂੰ ਜਲ ਦੇਵਤਾ ਦੀ ਪੂਜਾ ਵੀ ਕੀਤੀ ਜਾਂਦੀ ਹੈ।



ਮਾਘ ਮਹੀਨਾ ਪੰਜਾਬ ਦੀ ਆਰਥਿਕਤਾ 'ਤੇ ਵੀ ਵੱਡਾ ਪ੍ਰਭਾਵ ਪਾਉਂਦਾ ਹੈ। ਮਾਘ ਮਹੀਨੇ ਦਿਨ ਕੁਝ ਖੁੱਲ੍ਹਣ ਲੱਗਦੇ ਹਨ, ਭਾਵ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਸ ਕਾਰਨ ਲੋਕਾਂ ਦੇ ਕੰਮਾਂ ਕਾਜਾਂ ਲਈ ਵਧੇਰੇ ਸਮਾਂ ਮਿਲ ਜਾਂਦਾ ਹੈ, ਜੋ ਕਿ ਲੋਕਾਂ ਦੀ ਕਿਰਤ ਕਮਾਈ ਵਿੱਚ ਵਾਧਾ ਕਰ ਦਿੰਦਾ ਹੈ। ਮਾਘ ਮਹੀਨੇ ਰੁਕ ਰੁਕ ਕੇ ਪੈਂਦੀ ਬਰਸਾਤ, ਨਿੱਕੀ ਕਣੀ ਦਾ ਮੀਂਹ ਖੇਤਾਂ ਵਿੱਚ ਪਲ ਰਹੀ ਕਣਕ ਦੀ ਫ਼ਸਲ, ਦਾਲਾਂ ਤੇ ਤੇਲ ਬੀਜ ਸਮੇਤ ਹਾੜ੍ਹੀ ਦੀਆਂ ਹੋਰ ਫ਼ਸਲਾਂ ਲਈ ਬਹੁਤ ਲਾਹੇਵੰਦ ਮੰਨੀ ਜਾਂਦੀ ਹੈ। ਮਾਘ ਮਹੀਨੇ ਪੈਂਦੇ ਨਿੱਕੀ ਨਿੱਕੀ ਕਣੀ ਦੇ ਮੀਂਹ ਕਾਰਨ ਬਰਸਾਤ ਦਾ ਪਾਣੀ ਫ਼ਸਲਾਂ ਦੀਆਂ ਜੜਾਂ ਵਿੱਚ ਚਲਿਆ ਜਾਂਦਾ ਹੈ ਅਤੇ ਫ਼ਸਲਾਂ ਨੂੰ ਟਿਊਬਵੈਲਾਂ ਰਾਹੀਂ ਪਾਣੀ ਦੇਣ ਦੀ ਲੋੜ ਨਹੀਂ ਪੈਂਦੀ। ਮਾਘ ਮਹੀਨੇ ਨਿੱਕੀ ਨਿੱਕੀ ਕਣੀ ਦਾ ਮੀਂਹ ਪੈਣ ਨਾਲ ਫ਼ਸਲਾਂ ਦੇ ਪੱਤਿਆਂ ਦਾ ਸਟੋਮਟਾ ਖੁੱਲ ਜਾਂਦਾ ਹੈ, ਜਿਸ ਨਾਲ ਪੌਦੇ ਨੂੰ ਸੂਰਜ ਦੀ ਸ਼ਕਤੀ ਨਾਲ ਖੁਰਾਕ ਪ੍ਰਾਪਤ ਹੋਣ ਲੱਗਦੀ ਹੈ ਅਤੇ ਉਹ ਪਤਝੜ ਦੇ ਮੌਸਮ ਦੌਰਾਨ ਮੌਲਣ ਲੱਗਦੇ ਹਨ। ਮਾਘ ਮਹੀਨੇ ਪੈਂਦੀ ਬਰਸਾਤ ਕਾਰਨ ਮਿੱਟੀ ਵਿੱਚ ਪਏ ਖੁਰਾਕੀ ਤੱਤਾਂ ਦਾ ਵੀ ਕਣਕ ਦੀ ਫ਼ਸਲ ਨੂੰ ਕਾਫ਼ੀ ਫ਼ਾਇਦਾ ਹੁੰਦਾ ਹੈ। ਮਾਘ ਮਹੀਨੇ ਪੈਂਦੀ ਬਰਸਾਤ ਫ਼ਸਲਾਂ 'ਤੇ ਪੈ ਰਹੇ ਕੋਰੇ ਦੇ ਪ੍ਰਭਾਵ ਨੂੰ ਖਤਮ ਕਰ ਦਿੰਦੀ ਹੈ। ਹਰ ਸਾਲ ਮਾਘ ਮਹੀਨੇ ਦੌਰਾਨ ਬਰਸਾਤ ਵੀ ਪੈ ਜਾਂਦੀ ਹੈ, ਜਿਸ ਕਾਰਨ ਠੰਡ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਮਾਘ ਮਹੀਨੇ ਪਈ ਬਰਸਾਤ ਕਣਕ ਲਈ ਬਹੁਤ ਲਾਹੇਵੰਦ ਮੰਨੀ ਜਾਂਦੀ ਹੈ ਅਤੇ ਕਿਸਾਨਾਂ ਨੂੰ ਕਣਕ ਦੀ ਫ਼ਸਲ ਨੂੰ ਹੋਰ ਪਾਣੀ ਲਗਾਉਣ ਦੀ ਲੋੜ ਨਹੀਂ ਰਹਿੰਦੀ। ਮਾਘ ਮਹੀਨੇ ਪਈ ਬਰਸਾਤ ਕਾਰਨ ਕਣਕ ਦੀ ਫ਼ਸਲ ਦਾ ਦਾਣਾ ਮੋਟਾ ਅਤੇ ਰੰਗ ਸਾਫ਼ ਹੁੰਦਾ ਹੈ ਅਤੇ ਕਣਕ ਦੀ ਫ਼ਸਲ ਭਰਪੂਰ ਹੁੰਦੀ ਹੈ। ਵੱਖ- ਵੱਖ ਮਹਾਂਪੁਰਖ ਕਹਿੰਦੇ ਹਨ ਕਿ ਮਾਘ ਮਹੀਨੇ ਕੀਤੀ ਜਾਂਦੀ ਪਾਠ ਪੂਜਾ ਦਾ ਬਹੁਤ ਮਹਾਤਮ ਹੁੰਦਾ ਹੈ। ਸਾਨੂੰ ਇਹ ਗਲ ਚੇਤੇ ਰੱਖਣੀ ਚਾਹੀਦੀ ਹੈ ਕਿ ਸਾਨੂੰ ਕਦੇ ਵੀ ਕੁਦਰਤ ਦੇ ਅਸੂਲਾਂ ਦੇ ਖ਼ਿਲਾਫ਼ ਨਹੀਂ ਜਾਣਾ ਚਾਹੀਦਾ ਅਤੇ ਮਨੁੱਖ ਨੂੰ ਕੁਦਰਤ ਨਾਲ ਅਤੇ ਕੁਦਰਤੀ ਸਰੋਤਾਂ ਨਾਲ ਛੇੜਛਾੜ ਨਹੀਂ ਕਰਨੀ ਚਾਹੀਦੀ। ਜਿਸ ਤਰਾਂ ਮਾਘ ਮਹੀਨੇ ਰੁੱਖਾਂ ਦੇ ਪੁਰਾਣੇ ਪੱਤੇ ਝੜ ਜਾਂਦੇ ਹਨ ਅਤੇ ਨਵੇਂ ਪੱਤੇ ਆਉਣ ਦੀ ਆਸ ਬਣ ਜਾਂਦੀ ਹੈ, ਰੁੱਖਾਂ 'ਤੇ ਨਿੱਕੀਆਂ ਨਿੱਕੀਆਂ ਕਰੂੰਬਲਾਂ ਉੱਗਣ ਲੱਗ ਪੈਂਦੀਆਂ ਹਨ, ਉਸੇ ਤਰ੍ਹਾਂ ਸਾਨੂੰ ਆਪਣੇ ਮਨ ਵਿੱਚ ਪਲਦੀਆਂ ਵੈਰ, ਵਿਰੋਧ, ਈਰਖਾ, ਗੁੱਸੇ ਅਤੇ ਹੋਰ ਸਮਾਜਿਕ ਅਲਾਮਤਾਂ ਨੂੰ ਤਿਆਗ ਦੇਣਾ ਚਾਹੀਦਾ ਹੈ ਅਤੇ ਰੁੱਖਾਂ ਵਾਂਗ ਬਸੰਤ ਦੀ ਉਡੀਕ ਕਰਦਿਆਂ ਆਪਣੇ ਦਿਲ ਵਿੱਚ ਪਰਮਾਤਮਾ ਦਾ ਨਿਵਾਸ ਕਰਨਾ ਚਾਹੀਦਾ ਹੈ ਅਤੇ ਆਪਣੇ ਜੀਵਨ ਨੂੰ ਕੁਦਰਤ ਦੇ ਅਸੂਲਾਂ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ।





# ਆਪਸੀ ਪ੍ਰੇਮ-ਪਿਆਰ ਦਾ ਪ੍ਰਤੀਕ ਹੈ ਲੋਹੜੀ





ਭਾਰਤ ਤਿਉਹਾਰਾਂ ਦਾ ਦੇਸ਼ ਹੈ। ਸਾਲ ਦੇ 12 ਮਹੀਨਿਆਂ 'ਚੋਂ ਕੋਈ ਵੀ ਅਜਿਹਾ ਮਹੀਨਾ ਨਹੀਂ, ਜਦੋਂ ਕੋਈ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ। ਭਾਰਤ ਦਾ ਸਮੁੱਚਾ ਜਨ-ਜੀਵਨ ਤਿਉਹਾਰਾਂ ਨਾਲ ਜੁੜਿਆ ਹੈ। ਇਸੇ ਤਰ੍ਹਾਂ ਮਾਘੀ ਤੋਂ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਅਰਥ 'ਤਿਲ+ਰਿਓੜੀ' ਤੋਂ ਹਨ। ਤਿਲ ਤੇ ਰਿਓੜੀ ਦਾ ਤਿਉਹਾਰ ਹੋਣ ਕਾਰਨ ਇਸ ਦਾ ਪੁਰਾਤਨ ਨਾਂ 'ਤਿਲੋੜੀ' ਸੀ, ਜੋ ਸਮੇਂ ਨਾਲ ਬਦਲਦਾ-ਬਦਲਦਾ 'ਲੋਹੜੀ' ਬਣ ਗਿਆ। ਇਹ ਤਿਉਹਾਰ ਪੰਜਾਬ ਦੇ ਹਰ ਘਰ 'ਚ ਮਨਾਇਆ ਜਾਂਦਾ ਹੈ।

ਲੋਹੜੀ ਤੋਂ ਕਈ ਦਿਨ ਪਹਿਲਾਂ ਛੋਟੇ ਬੱਚੇ ਘਰ-ਘਰ ਜਾ ਕੇ ਪਾਥੀਆਂ, ਬਾਲਣ ਤੇ ਪੈਸੇ ਇਕੱਠਾ ਕਰਨਾ ਸ਼ੁਰੂ ਕਰ ਦਿੰਦੇ ਸਨ, ਜਿਸ ਘਰ 'ਚ ਮੁੰਡੇ ਦਾ ਜਨਮ ਜਾਂ ਨਵਾਂ ਵਿਆਹ ਹੋਇਆ ਹੋਵੇ, ਉਨ੍ਹਾਂ ਵੱਲੋਂ ਬੱਚਿਆਂ ਨੂੰ ਮੂੰਗਫ਼ਲੀ, ਰਿਓੜੀਆਂ, ਤਿਲ, ਪੈਸੇ ਆਦਿ ਖ਼ੁਸ਼ੀ ਵਜੋਂ ਦਿੱਤੇ ਜਾਂਦੇ ਹਨ। ਤੋਤਲੀਆਂ ਆਵਾਜ਼ਾਂ 'ਚ ਲੋਹੜੀ ਦੇ ਗੀਤ ਗਾਉਂਦੇ ਬੱਚੇ ਬੜੇ ਪਿਆਰੇ ਲੱਗਦੇ ਹਨ। ਪਹਿਲਾਂ ਸਿਰਫ਼ ਪੁੱਤਰ ਦੇ ਪੈਦਾ ਹੋਣ 'ਤੇ ਹੀ ਲੋਹੜੀ ਪਾਈ ਜਾਂਦੀ ਸੀ ਪਰ ਅਜੋਕੇ ਪੜ੍ਹੇ-ਲਿਖੇ ਸਮਾਜ 'ਚ ਲੜਕੇ ਤੇ ਲੜਕੀ 'ਚ ਕੋਈ ਫ਼ਰਕ ਨਹੀਂ ਸਮਝਿਆ ਜਾਂਦਾ ਤੇ ਹੁਣ ਲੋਕ ਧੀਆਂ ਦੀ ਲੋਹੜੀ ਵੀ ਪਾਉਣ ਲੱਗੇ ਹਨ। ਇਸ ਦਿਨ ਗਲੀ-ਮੁਹੱਲੇ ਦੇ ਲੋਕ ਧੂਣੀ ਬਾਲ ਕੇ ਇਕੱਠੇ ਹੋ ਕੇ ਬੈਠਦੇ ਹਨ ਤੇ ਧੂਣੀ 'ਚ ਤਿਲ ਪਾਉਂਦੇ ਹੋਏ ਲੋਹੜੀ ਦੇ ਗੀਤ ਗਾਉਂਦੇ ਹਨ :

ਈਸਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।



ਜਿਸ ਦਾ ਅਰਥ ਹੈ ਕਿ ਈਸ਼ਵਰ ਦੀ ਮਿਹਰ ਹੋਵੇ, ਦੁੱਖ-ਕਲੇਸ਼ ਨਾ ਆਉਣ ਤੇ ਸਾਰੇ ਕਲੇਸ਼ਾਂ ਦੀ ਜੜ੍ਹ ਸੜ ਜਾਵੇ। ਇਸ ਤਿਉਹਾਰ ਦਾ ਸਬੰਧ ਬਦਲਦੇ ਮੌਸਮ ਨਾਲ ਵੀ ਹੈ।

**ਲੋਹੜੀ ਦੀ ਪੁਰਾਤਨ ਗਾਥਾ**

ਪੁਰਤਾਨ ਗਾਥਾ ਅਨੁਸਾਰ, ਇਸ ਤਿਉਹਾਰ ਦਾ ਸਬੰਧ ਇੱਕ ਭੱਟੀ ਸਰਦਾਰ 'ਦੁੱਲੇ' ਨਾਲ ਵੀ ਹੈ। ਇਕ ਗ਼ਰੀਬ ਬ੍ਰਾਹਮਣ ਦੀਆਂ ਦੋ ਧੀਆਂ ਸਨ ਸੁੰਦਰੀ ਤੇ ਮੁੰਦਰੀ। ਗ਼ਰੀਬ ਬ੍ਰਾਹਮਣ ਨੇ ਆਪਣੀਆਂ ਧੀਆਂ ਦਾ ਰਿਸ਼ਤਾ ਕਿਸੇ ਥਾਂ ਪੱਕਾ ਕੀਤਾ ਹੋਇਆ ਸੀ ਪਰ ਉੱਥੋਂ ਦੇ ਪਾਪੀ ਤੇ ਜ਼ਾਲਮ ਹਾਕਮ ਨੇ ਉਸ ਬ੍ਰਾਹਮਣ ਦੀਆਂ ਧੀਆਂ ਦੀ ਸੁੰਦਰਤਾ ਬਾਰੇ ਸੁਣ ਕੇ ਉਨ੍ਹਾਂ ਨੂੰ ਜ਼ੋਰੀਂ ਆਪਣੇ ਘਰ ਰੱਖਣ ਦੀ ਠਾਣ ਲਈ। ਸਾਜ਼ਿਸ਼ ਦਾ ਪਤਾ ਲੱਗਣ 'ਤੇ ਗ਼ਰੀਬ ਬ੍ਰਾਹਮਣ ਨੇ ਮੁੰਡੇ ਵਾਲਿਆਂ ਨੂੰ ਆਖਿਆ ਕਿ ਉਹ ਉਸ ਦੀਆਂ ਧੀਆਂ ਨੂੰ ਵਿਆਹ ਤੋਂ ਪਹਿਲਾਂ ਆਪਣੇ ਘਰ ਲੈ ਜਾਣ ਪਰ ਮੁੰਡੇ ਵਾਲੇ ਵੀ ਉਸ ਜ਼ਾਲਮ ਹਾਕਮ ਤੋਂ ਡਰ ਕੇ ਮੁੱਕਰ ਗਏ। ਜਦੋਂ ਗ਼ਰੀਬ ਬ੍ਰਾਹਮਣ ਨਿਰਾਸ਼ ਹੋ ਕੇ ਘਰ ਵਾਪਸ ਆ ਰਿਹਾ ਸੀ ਤਾਂ ਅਚਾਨਕ ਉਸ ਦਾ ਮੇਲ ਦੁੱਲਾ ਭੱਟੀ ਨਾਲ ਹੋਇਆ, ਜੋ ਹਾਲਾਤ ਵੱਸ ਡਾਕੂ ਬਣ ਚੁੱਕਾ ਸੀ।



ਗ਼ਰੀਬ ਬ੍ਰਾਹਮਣ ਦੀ ਵਿੱਥਿਆ ਸੁਣ ਕੇ ਦੁੱਲਾ ਭੱਟੀ ਨੇ ਉਸ ਬ੍ਰਾਹਮਣ ਦੀ ਸਹਾਇਤਾ ਕਰਨ ਤੇ ਉਸ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਬਣਾ ਕੇ ਵਿਆਹੁਣ ਦਾ ਵਚਨ ਦਿੱਤਾ। ਦੁੱਲਾ ਭੱਟੀ ਮੁੰਡੇ ਵਾਲਿਆਂ ਦੇ ਘਰ ਗਿਆ ਤੇ ਰਾਤ ਦੇ ਹਨ੍ਹੇਰੇ 'ਚ ਜੰਗਲ ਨੂੰ ਅੱਗ ਲਾ ਕੇ ਬ੍ਰਾਹਮਣ ਦੀਆਂ ਧੀਆਂ ਦਾ ਵਿਆਹ ਕਰਵਾ ਦਿੱਤਾ ਪਰ ਉਸ ਸਮੇਂ ਦੁੱਲਾ ਭੱਟੀ ਕੋਲ ਸ਼ਗਨ ਵਜੋਂ ਦੇਣ ਲਈ ਸਿਰਫ਼ ਸ਼ੱਕਰ ਹੀ ਸੀ, ਜੋ ਉਸ ਨੇ ਕੁੜੀਆਂ ਦੀ ਝੋਲੀ ਪਾ ਦਿੱਤੀ। ਬਾਅਦ 'ਚ ਹਰ ਸਾਲ ਇਸ ਘਟਨਾ ਨੂੰ ਯਾਦ ਕਰਦਿਆਂ ਇਹ ਤਿਉਹਾਰ ਮਨਾਇਆ ਜਾਣ ਲੱਗਾ। ਲੋਹੜੀ ਵਾਲੇ ਦਿਨ ਛੋਟੇ-ਛੋਟੇ ਬੱਚੇ ਘਰ-ਘਰ ਜਾ ਕੇ ਗੀਤ ਗਾਉਂਦੇ ਹਨ, ਜਿਸ ਵਿੱਚ ਇਸ ਘਟਨਾ ਦਾ ਜ਼ਿਕਰ ਆਉਂਦਾ ਹੈ :

ਸੁੰਦਰ ਮੁੰਦਰੀਏ, ਹੋ!
ਤੇਰਾ ਕੌਣ ਵਿਚਾਰਾ, ਹੋ!
ਦੁੱਲਾ ਭੱਟੀ ਵਾਲਾ, ਹੋ!
ਦੁੱਲੇ ਧੀ ਵਿਆਹੀ, ਹੋ!
ਸੇਰ ਸ਼ੱਕਰ ਪਾਈ, ਹੋ!
ਕੁੜੀ ਦਾ ਸਾਲੂ ਪਾਟਾ, ਹੋ!
ਕੁੜੀ ਦਾ ਜੀਵੇ ਚਾਚਾ, ਹੋ...

ਇਹ ਤਿਉਹਾਰ ਲੋਕਾਂ ਦੇ ਆਪਸੀ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਸ਼ਾਮ ਨੂੰ ਖਿਚੜੀ ਬਣਾਈ ਜਾਂਦੀ ਹੈ ਤੇ ਅਗਲੇ ਦਿਨ ਸਵੇਰੇ ਖਾਧੀ ਜਾਂਦੀ ਹੈ, ਜਿਸ ਨੂੰ 'ਪੋਹ ਰਿੱਧੀ ਤੇ ਮਾਘ ਖਾਧੀ' ਕਿਹਾ ਜਾਂਦਾ ਹੈ। ਆਧੁਨਿਕਤਾ ਵੱਸ ਅੱਜ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ ਬਦਲ ਰਹੇ ਹਨ। ਅਜੋਕੇ ਸਮਾਜ ਦੇ ਰਸਮਾਂ-ਰਿਵਾਜ਼, ਰਹਿਣ-ਸਹਿਣ ਦੇ ਢੰਗ ਵੀ ਪਹਿਲਾਂ ਵਰਗੇ ਨਹੀਂ ਰਹੇ ਤੇ ਸੋਚ ਵੀ ਨਿਰੰਤਰ ਬਦਲ ਰਹੀ ਹੈ। ਇਹੀ ਨਹੀਂ ਹੁਣ ਲੋਹੜੀ ਸਿਰਫ਼ ਆਪੋ-ਆਪਣੇ ਵਿਹੜਿਆਂ ਤੱਕ ਸਿਮਟ ਕੇ ਰਹਿ ਗਈ ਹੈ। ਲੋਹੜੀ ਦਾ ਤਿਉਹਾਰ ਵੱਖ-ਵੱਖ ਨਾਵਾਂ ਨਾਲ ਬਹੁਤ ਸਾਰੇ ਖ਼ੇਤਰਾਂ 'ਚ ਮਨਾਇਆ ਜਾਂਦਾ ਹੈ ਜਿਵੇਂ, ਸਿੰਧੀ ਲੋਕ ਇਸ ਨੂੰ 'ਲਾਲ-ਲੋਈ' ਆਖਦੇ ਹਨ, ਤਾਮਿਲਨਾਡੂ ਵਿੱਚ 'ਪੋਂਗਲ' ਤੇ ਆਂਧਰਾ ਪ੍ਰਦੇਸ਼ ਵਿੱਚ 'ਭੋਗੀ' ਨਾਂ ਨਾਲ ਲੋਹੜੀ ਨਾਲ ਮਿਲਦਾ-ਜੁਲਦਾ ਤਿਉਹਾਰ ਮਨਾਇਆ ਜਾਂਦਾ ਹੈ।

**ਮਹਿੰਗਾਈ ਨੇ ਬਦਲਿਆ ਮਾਹੌਲ**

ਅੱਜ-ਕੱਲ੍ਹ ਵੱਧਦੀ ਮਹਿੰਗਾਈ ਤੇ ਪੈਸੇ ਦੀ ਦੌੜ-ਭੱਜ ਵਾਲੀ ਜ਼ਿੰਦਗੀ ਨੇ ਮਾਹੌਲ ਬਦਲ ਕੇ ਰੱਖ ਦਿੱਤਾ ਹੈ। ਹੁਣ ਨਾ ਤਾਂ ਜੁਆਕ ਲੋਹੜੀ ਮੰਗਦੇ ਨਜ਼ਰ ਆਉਂਦੇ ਹਨ ਤੇ ਨਾ ਹੀ ਪਹਿਲਾਂ ਵਾਂਗ ਰਿਸ਼ਤਿਆਂ 'ਚ ਏਕਤਾ ਤੇ ਪ੍ਰਪੱਕਤਾ ਰਹੀ ਹੈ। ਹੁਣ ਲੋਕਾਂ ਵੱਲੋਂ ਮੁੰਡੇ ਦੀ ਲੋਹੜੀ ਲਈ ਵੀ ਵਿਆਹ ਵਾਂਗ ਪੈਲੇਸ ਬੁੱਕ ਕੀਤੇ ਜਾਂਦੇ ਹਨ। ਸਾਰਾ ਪ੍ਰੋਗਰਾਮ ਉੱਥੇ ਹੀ ਹੁੰਦਾ ਹੈ। ਲੋਕ ਬੇਗ਼ਾਨਿਆਂ ਦੀ ਤਰ੍ਹਾਂ ਆਉਂਦੇ ਹਨ ਤੇ ਸ਼ਗਨ ਦੇ ਕੇ ਚਲੇ ਜਾਂਦੇ ਹਨ। ਮੁੰਡੇ ਵਾਲਿਆਂ ਵੱਲੋਂ ਵੀ ਮਿਠਾਈ ਦਾ ਡੱਬਾ ਅਤੇ ਕਾਰਡ ਭੇਜ ਦਿੱਤਾ ਜਾਂਦਾ ਹੈ ਤੇ ਸ਼ਾਮ ਨੂੰ ਹਰ ਕੋਈ ਆਪਣੇ-ਆਪਣੇ ਘਰ 'ਚ ਵੱਖ-ਵੱਖ ਲੋਹੜੀ ਮਨਾਉਂਦੇ ਹਨ।

**ਧੀਆਂ ਦੀ ਲੋਹੜੀ**

ਅਜੋਕੀ ਲੋਹੜੀ ਬਹੁਤ ਬਦਲ ਗਈ ਹੈ। ਭਾਵੇਂ ਹੁਣ ਪੜ੍ਹੇ-ਲਿਖੇ ਸਮਾਜ ਦੀ ਸੋਚ ਬਦਲ ਗਈ ਹੈ ਤੇ ਹੁਣ ਲੋਕਾਂ ਵੱਲੋਂ ਨਵ-ਜੰਮੀਆਂ ਧੀਆਂ ਦੀ ਵੀ ਲੋਹੜੀ ਮਨਾਈ ਜਾਣ ਲੱਗੀ ਹੈ ਪਰ ਹੁਣ ਤਿਉਹਾਰਾਂ 'ਤੇ ਬਾਜ਼ਾਰੂ ਰੁਚੀ ਵੀ ਭਾਰੂ ਹੋਣ ਲੱਗੀ ਹੈ। ਤੇਜ਼ੀ ਨਾਲ ਉੱਸਰ ਰਹੇ ਗਲੋਬਲ ਪਿੰਡ ਕਾਰਨ ਰਿਸ਼ਤਿਆਂ ਦਾ ਨਿੱਘ, ਮੋਹ, ਸੱਭਿਆਚਾਰਕ ਸਾਂਝ ਤੇ ਮਿਲਵਰਤਨ ਵੀ ਘੱਟਦਾ ਜਾ ਰਿਹਾ ਹੈ। ਪੜ੍ਹਾਈ ਤੇ ਪੇਪਰਾਂ ਦੇ ਬੋਝ ਕਾਰਨ ਸਾਡੇ ਬੱਚੇ ਵੀ ਬੜੇ ਮਸਰੂਫ਼ ਹੁੰਦੇ ਜਾ ਰਹੇ ਹਨ। ਹੁਣ ਉਨ੍ਹਾਂ ਕੋਲ ਵੀ ਸਾਂਝੀਆਂ ਖ਼ੁਸ਼ੀਆਂ ਮਨਾਉਣ ਲਈ ਫ਼ੁਰਸਤ ਨਹੀਂ ਰਹੀ।





# ਮੁਕਤਸਰ ਦਾ ਮਾਘੀ ਮੇਲਾ



ਸਿੱਖ ਧਰਮ ਵਿੱਚ ਗੁਰੂ-ਸਿੱਖ ਦੇ ਅਟੁੱਟ ਅਤੇ ਸਮਰਪਿਤ ਰਿਸ਼ਤੇ ਨੂੰ ਬਿਆਨਦੀ ਗਾਥਾ ਦਾ ਪ੍ਰਤੀਕ ਹੈ ਸ੍ਰੀ ਮੁਕਤਸਰ ਸਾਹਿਬ, ਜਿਸ ਦਾ ਪੁਰਾਤਨ ਨਾਮ ਖਿਦਰਾਣੇ ਦੀ ਢਾਬ ਸੀ। ਇਤਿਹਾਸ ਅਨੁਸਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੁਗ਼ਲ ਫ਼ੌਜਾਂ ਦੀ ਲੰਮੇ ਸਮੇਂ ਦੀ ਘੇਰਾਬੰਦੀ ਕਾਰਨ ਬੇਹੱਦ ਤਕਲੀਫ਼ਾਂ ਤੋਂ ਘਬਰਾ ਕੇ 'ਬੇਦਾਵਾ' ਲਿਖਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਕੇ ਗਏ ਚਾਲੀ ਸਿੰਘਾਂ ਨੇ ਸੋਝੀ ਆਉਣ ਉਪਰੰਤ 'ਗੁਰੂ ਤੋਂ ਬੇਮੁਖ ਹੋਣ ਦਾ ਦਾਗ' ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਸਾਹਿਬ ਦਾ ਸਾਥ ਦਿੰਦਿਆਂ ਸ਼ਹੀਦੀਆਂ ਪ੍ਰਾਪਤ ਕਰਕੇ ਧੋਤਾ। ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਗ਼ਲਾਂ ਨਾਲ ਆਖ਼ਰੀ ਤੇ ਨਿਰਣਾਇਕ ਜੰਗ ਹੋਈ। ਦਸਮ ਗੁਰੂ ਨੇ ਖਿਦਰਾਣੇ ਦੀ ਜੰਗ ਵਿੱਚ ਸ਼ਹੀਦ ਹੋਏ 40 ਸਿੰਘਾਂ ਨੂੰ ਮੁਕਤਿਆਂ ਦਾ ਅਤੇ ਖਿਦਰਾਣੇ ਦੀ ਢਾਬ ਨੂੰ ਮੁਕਤੀਸਰ ਦਾ ਵਰ ਦਿੱਤਾ। ਇਸ ਕਰਕੇ ਹਰ ਵਰ੍ਹੇ 14 ਜਨਵਰੀ ਨੂੰ ਮੁਕਤਸਰ ਵਿਖੇ ਮਾਘੀ ਦਾ ਮੇਲਾ ਲੱਗਦਾ ਹੈ ਅਤੇ ਲੋਕ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ।

ਇਸ ਮੁਕੱਦਸ ਟਿਕਾਣੇ 'ਤੇ ਜੰਗ, ਸ਼ਹੀਦੀ ਅਤੇ ਮੁਕਤੀਸਰ ਦੇ ਵਰ ਨਾਲ ਸਬੰਧਿਤ ਕਈ ਗੁਰਦੁਆਰੇ ਹਨ ਜਿੱਥੇ ਮਾਘੀ ਦੇ ਮੇਲੇ ਮੌਕੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਤਮਸਤਕ ਹੁੰਦੀਆਂ ਹਨ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਵੀ ਨਮਸਕਾਰ ਕਰਦਿਆਂ ਖ਼ੁਦ ਵੀ ਜਨਮਾਂ ਦੇ ਜੰਜਾਲ ਤੋਂ ਮੁਕਤੀ ਦੀ ਕਾਮਨਾ ਕਰਦੀਆਂ ਹਨ।



### ਗੁਰਦੁਆਰਾ ਤੰਬੂ ਸਾਹਿਬ

ਜੰਗ ਦੌਰਾਨ ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਫ਼ੌਜਾਂ ਨੇ ਕਰੀਰਾਂ, ਮਲ੍ਹੇ ਤੇ ਝਾੜੀਆਂ ਆਦਿ ਜੰਗਲੀ ਦਰੱਖਤਾਂ ਉਪਰ ਆਪਣੀਆਂ ਚਾਦਰਾਂ ਅਤੇ ਹੋਰ ਬਸਤਰ ਪਾ ਕੇ ਫ਼ੌਜੀ ਤੰਬੂ ਲੱਗੇ ਹੋਣ ਦਾ ਭੁਲੇਖਾ ਪਾਇਆ ਸੀ ਤਾਂ ਕਿ ਦੁਸ਼ਮਣ ਦੀ ਫ਼ੌਜ ਇਨ੍ਹਾਂ ਤੰਬੂਆਂ ਤੋਂ ਖਾਲਸਾ ਫ਼ੌਜ ਦੀ ਗਿਣਤੀ ਵੱਡੀ ਹੋਣ ਦੇ ਭੁਲੇਖੇ ਵਿੱਚ ਰਹੇ ਕਿਉਂਕਿ ਅਸਲ ਵਿੱਚ ਉਸ ਸਮੇਂ ਗੁਰੂ ਸਾਹਿਬ ਨਾਲ ਫ਼ੌਜ ਬਹੁਤ ਥੋੜ੍ਹੀ ਗਿਣਤੀ ਵਿੱਚ ਸੀ। ਇਹ ਗੁਰੂ ਸਾਹਿਬ ਦੇ ਜੰਗੀ ਹੁਨਰ ਦਾ ਕਮਾਲ ਸੀ ਕਿ ਥੋੜ੍ਹੀ ਫ਼ੌਜ ਦੇ ਹੁੰਦੇ ਹੋਏ ਵੀ ਦੁਸ਼ਮਣ ਦੇ ਹੌਸਲੇ ਪਸਤ ਕਰਨ ਲਈ ਇਹ ਤਰੀਕਾ ਅਪਣਾਇਆ।

### ਗੁਰਦੁਆਰਾ ਸ਼ਹੀਦ ਗੰਜ ਸਾਹਿਬ

ਜੰਗ ਦੌਰਾਨ ਸ਼ਹੀਦ ਹੋਏ ਸਿੰਘਾਂ ਦਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਹੱਥੀਂ ਜਿਸ ਜਗ੍ਹਾ 'ਤੇ ਸਸਕਾਰ ਕੀਤਾ ਗਿਆ ਉੱਥੇ ਇਹ ਗੁਰਦੁਆਰਾ ਸੁਸ਼ੋਭਤ ਹੈ। ਇਸ ਅਸਥਾਨ 'ਤੇ 12 ਫ਼ਰਵਰੀ (21 ਵਿਸਾਖ) ਤੋਂ 3 ਮਈ ਤੱਕ ਚਾਲੀ ਮੁਕਤਿਆਂ ਦੀ ਯਾਦ ਵਿੱਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਕਰਕੇ ਭੋਗ ਪਾਏ ਜਾਂਦੇ ਹਨ।

### ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ

ਇਸ ਅਸਥਾਨ 'ਤੇ ਗੁਰੂ ਜੀ ਨੇ ਬੇਦਾਵਾ ਪਾੜਿਆ ਅਤੇ ਆਪਣੇ ਤੋਂ ਬੇਮੁਖ ਹੋਏ ਸਿੰਘਾਂ ਨੂੰ ਆਪਣੇ ਲੜ ਲਾਇਆ। ਇਸ ਪੁਰਾਤਨ ਗੁਰਦੁਆਰੇ ਦਾ ਕਾਫ਼ੀ ਹਿੱਸਾ 1984 ਦੇ ਮੰਦਭਾਗੇ ਸਮੇਂ ਨੁਕਸਾਨਿਆ ਗਿਆ ਸੀ ਜਿਸ ਕਰਕੇ ਇਸ ਦੀ ਦੁਬਾਰਾ ਉਸਾਰੀ ਕੀਤੀ ਗਈ। ਗੁਰਦੁਆਰੇ ਦੇ ਬਿਲਕੁਲ ਸਾਹਮਣੇ ਵਿਸ਼ਾਲ ਸਰੋਵਰ ਹੈ। ਸਰਵੋਰ



ਦੇ ਚਾਰੇ ਪਾਸੇ ਪਰਿਕਰਮਾ ਵਿੱਚ ਸ਼ਾਨਦਾਰ ਵਰਾਂਡਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਸਰਾਂ ਅਤੇ ਭਾਈ ਮਹਾਂ ਸਿੰਘ ਦੀਵਾਨ ਹਾਲ ਦੀ ਸ਼ਾਨਦਾਰ ਇਮਾਰਤ ਬਣੀ ਹੋਈ ਹੈ।

### ਗੁਰਦੁਆਰਾ ਮਾਈ ਭਾਗੋ

ਸਿੱਖ ਇਤਿਹਾਸ ਵਿੱਚ ਮਾਈ ਭਾਗੋ ਨੂੰ ਬਹੁਤ ਹੀ ਸਨਮਾਨ ਯੋਗ ਸਥਾਨ ਹਾਸਲ ਹੈ। ਉਨ੍ਹਾਂ ਦਾ ਜ਼ਿਕਰ ਸਿੱਖ ਪੰਥ ਦੀਆਂ ਸਿਰਮੌਰ ਇਸਤਰੀ ਸ਼ਖ਼ਸੀਅਤਾਂ ਵਿਚ ਸ਼ੁਮਾਰ ਹੁੰਦਾ ਹੈ। ਮਾਈ ਭਾਗੋ ਦੀ ਪ੍ਰੇਰਨਾ ਅਤੇ ਅਗਵਾਈ ਸਦਕਾ ਹੀ ਸਾਥ ਛੱਡ ਗਏ ਸਿੰਘਾਂ ਨੇ ਇਸ ਅਸਥਾਨ 'ਤੇ ਯੁੱਧ ਕੀਤਾ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ। ਮਾਈ ਭਾਗੋ ਦੀ ਯਾਦ ਵਿੱਚ ਗੁਰਦੁਆਰਾ ਤੰਬੂ ਸਾਹਿਬ ਦੇ ਬਿਲਕੁਲ ਨਾਲ ਇਹ ਗੁਰਦੁਆਰਾ ਤਾਮੀਰ ਕੀਤਾ ਗਿਆ।

### ਗੁਰਦੁਆਰਾ ਟਿੱਬੀ ਸਾਹਿਬ

ਜੰਗੀ ਨੁਕਤਾ-ਏ-ਨਜ਼ਰ ਦੇ ਮੱਦੇਨਜ਼ਰ ਗੁਰੂ ਸਾਹਿਬ ਨੇ ਇੱਕ ਉੱਚੀ ਟਿੱਬੀ 'ਤੇ ਮੋਰਚਾ ਲਾਇਆ ਹੋਇਆ ਸੀ ਜਿੱਥੋਂ ਉਹ ਫ਼ੌਜ ਦੀ ਕਮਾਨ ਵੀ ਸੰਭਾਲਦੇ ਸਨ ਅਤੇ ਆਪਣੇ ਤੀਰਾਂ ਦੀ ਵਰਖਾ ਨਾਲ ਦੁਸ਼ਮਣਾਂ ਦੀਆਂ ਭਾਜੜਾਂ ਵੀ ਪਾ ਰਹੇ ਸਨ। ਇਹ ਗੁਰਦੁਆਰਾ ਸ਼ਹਿਰ ਦੀ ਪੱਛਮੀ ਬਾਹੀ 'ਤੇ ਸਥਿਤ ਹੈ।

### ਗੁਰਦੁਆਰਾ ਦਾਤਣਸਰ

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਏ ਗਏ ਸਿੱਖੀ ਅਸੂਲਾਂ ਵਿੱਚ ਸਰੀਰ ਦੀ ਨਿਯਮਬੱਧ ਸਫ਼ਾਈ ਰੱਖਣਾ ਵੀ ਸ਼ਾਮਲ ਹੈ। ਗੁਰੂ ਜੀ ਨੇ ਲੜਾਈ ਦੇ ਕਠਿਨ ਸਮੇਂ ਵਿੱਚ ਵੀ ਆਪਣਾ ਨਿਤਨੇਮ ਨਹੀਂ ਛੱਡਿਆ। ਖਿਦਰਾਣੇ ਦੀ ਜੰਗ ਦੌਰਾਨ ਆਪਣੇ ਨਿਤਨੇਮ ਅਨੁਸਾਰ ਗੁਰੂ ਜੀ ਸਵੇਰੇ ਸੁਵਖਤੇ ਉੱਠ ਕੇ ਦਾਤਣ ਕੁਰਲਾ ਕਰਦੇ ਸਨ। ਇਸ ਅਸਥਾਨ 'ਤੇ ਗੁਰਦੁਆਰਾ ਦਾਤਣਸਰ ਸਥਾਪਤ ਹੈ।

### ਗੁਰਦੁਆਰਾ ਰਕਾਬਸਰ ਸਾਹਿਬ

ਜੰਗ ਦੌਰਾਨ ਗੁਰੂ ਜੀ ਦੇ ਘੋੜੇ ਦੀ ਇੱਕ ਰਕਾਬ ਟੁੱਟ ਗਈ ਜਿਸ ਨੂੰ ਇਸ ਅਸਥਾਨ 'ਤੇ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੁਰਦੁਆਰੇ ਵਿਖੇ ਸਰੋਵਰ ਵੀ ਸਥਿਤ ਹੈ।

## ਸ੍ਰੀ ਮੁਕਤਸਰ ਸਾਹਿਬ ਦਾ ਗੌਰਵਮਈ ਇਤਿਹਾਸ

# ਚਾਲੀ ਮੁਕਤਿਆਂ ਦੀ ਵੀਰਤਾ ਅਤੇ ਇਤਿਹਾਸਕ ਗੁਰਦੁਆਰੇ



ਬਘੇਲ ਸਿੰਘ ਧਾਲੀਵਾਲ

ਪੰਜਾਬ ਦੇ ਦਿਲ ਵਿੱਚ ਵੱਸਿਆ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਸਿੱਖ ਇਤਿਹਾਸ ਦੀ ਇੱਕ ਅਮਰ ਕਹਾਣੀ ਨੂੰ ਆਪਣੀ ਬੁੱਕਲ ਵਿੱਚ ਸੰਭਾਲ ਕੇ ਬੈਠਾ ਹੈ। ਇਹ ਥਾਂ ਉਹ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਖਰੀ ਜੰਗ ਲੜੀ ਅਤੇ ਚਾਲੀ ਮੁਕਤਿਆਂ ਨੇ ਆਪਣੇ ਜੀਵਨ ਨੂੰ ਗੁਰੂ ਦੀ ਰੱਖਿਆ ਲਈ ਕੁਰਬਾਨ ਕੀਤਾ। ਅੱਜ ਵੀ ਇਹ ਸ਼ਹਿਰ ਹਰ ਸਾਲ ਮਾਘੀ ਮੇਲੇ ਨਾਲ ਗੂੰਜ ਉੱਠਦਾ ਹੈ ਅਤੇ ਲੱਖਾਂ ਸ਼ਰਧਾਲੂ ਇੱਥੇ ਆ ਕੇ ਆਪਣੇ ਮਨ ਨੂੰ ਸ਼ਾਂਤੀ ਪ੍ਰਾਪਤ ਕਰਦੇ ਹਨ।

ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਬਹੁਤ ਪੁਰਾਣਾ ਹੈ, ਪਰ ਇਸ ਨੂੰ ਅਸਲ ਪਛਾਣ ਮਿਲੀ ਹੈ 1705 ਵਿੱਚ ਹੋਈ ਇੱਕ ਵੱਡੀ ਜੰਗ ਨਾਲ। ਪਹਿਲਾਂ ਇਹ ਥਾਂ ਖਿਦਰਾਣੇ ਦੀ ਢਾਬ ਵਜੋਂ ਜਾਣੀ ਜਾਂਦੀ ਸੀ। ਇਹ ਇੱਕ ਅਜਿਹੀ ਜਗ੍ਹਾ ਸੀ ਜਿੱਥੇ ਚਾਰੇ ਪਾਸੇ ਰੇਤਲਾ ਇਲਾਕਾ ਸੀ ਅਤੇ ਪਾਣੀ ਦੀ ਇੱਕ ਢਾਬ ਜਾਂ ਤਾਲ ਸੀ ਜੋ ਬਾਰਿਸ਼ ਦੇ ਪਾਣੀ ਨਾਲ ਭਰ ਜਾਂਦੀ ਸੀ। ਇਸ ਢਾਬ ਨੇ ਨੇੜੇ-ਤੇੜੇ ਲੋਕਾਂ ਨੂੰ ਪਾਣੀ ਪ੍ਰਦਾਨ ਕੀਤਾ ਅਤੇ ਇਹ ਇਲਾਕਾ ਪਸ਼ੂਆਂ ਲਈ ਚਰਨ ਵਾਲੀ ਥਾਂ ਵਜੋਂ ਮਸ਼ਹੂਰ ਸੀ। ਇਤਿਹਾਸ ਅਨੁਸਾਰ, ਇੱਥੇ ਤਿੰਨ ਖੱਤਰੀ ਭਰਾ – ਖਿਦਰਾਣਾ, ਧਿਗਾਣਾ ਅਤੇ ਰੁਪਾਣਾ – ਨੇ ਤਿੰਨ ਢਾਬਾਂ ਖੁਦਵਾਈਆਂ ਅਤੇ ਆਪਣੇ ਨਾਂ ਨਾਲ ਪਿੰਡ ਵਸਾਏ। ਖਿਦਰਾਣੇ ਖੱਤਰੀ ਨੇ ਇਸ ਢਾਬ ਨੂੰ ਬਣਾਇਆ ਅਤੇ ਇਹ ਈਸ਼ਰ ਸਰ ਵਜੋਂ ਵੀ ਜਾਣੀ ਜਾਂਦੀ ਸੀ।

ਪਰ ਇਸ ਥਾਂ ਨੂੰ ਅਸਲ ਮਹੱਤਤਾ ਮਿਲੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਪਹੁੰਚੇ। ਗੱਲ 1704 ਦੀ ਹੈ ਜਦੋਂ ਸ੍ਰੀ ਆਨੰਦਪੁਰ ਸਾਹਿਬ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਘੇਰ ਲਿਆ ਸੀ। ਇਹ ਘੇਰਾ ਅੱਠ ਮਹੀਨੇ ਚੱਲਿਆ ਅਤੇ ਗੁਰੂ ਜੀ ਦੇ ਸਿੱਖਾਂ ਨੂੰ ਭੁੱਖ ਅਤੇ ਪਾਣੀ ਦੀ ਕਮੀ ਨਾਲ ਜੂਝਣਾ ਪਿਆ। ਇਸ ਮੁਸ਼ਕਲ ਸਮੇਂ ਵਿੱਚ ਕੁਝ ਸਿੱਖਾਂ ਨੇ, ਜਿਨ੍ਹਾਂ ਦੀ ਗਿਣਤੀ 40 ਸੀ, ਗੁਰੂ ਜੀ ਨੂੰ ਬੇਦਾਵਾ ਦਿੱਤਾ ਅਤੇ ਆਨੰਦਪੁਰ ਛੱਡ ਕੇ ਚਲੇ ਗਏ। ਬੇਦਾਵਾ ਇੱਕ ਅਜਿਹਾ ਪੱਤਰ ਸੀ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਕਿ ਉਹ ਗੁਰੂ ਜੀ ਨਾਲ ਨਹੀਂ ਰਹਿਣਾ ਚਾਹੁੰਦੇ। ਪਰ ਜਦੋਂ ਉਹ ਘਰ ਪਹੁੰਚੇ ਤਾਂ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਖਾਸ ਕਰਕੇ ਮਾਈ ਭਾਗ ਕੌਰ ਜੀ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵਾਪਸ ਜਾ ਕੇ ਗੁਰੂ ਜੀ ਦਾ ਸਾਥ ਦੇਣ।

ਇਸੇ ਸਮੇਂ ਗੁਰੂ ਜੀ ਆਨੰਦਪੁਰ ਛੱਡ ਕੇ ਚਲੇ ਗਏ ਅਤੇ ਮੁਗਲ ਫ਼ੌਜਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ। ਰਸਤੇ ਵਿੱਚ ਗੁਰੂ ਜੀ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਹ ਚਮਕੌਰ ਦੀ ਗੜ੍ਹੀ ਵਿੱਚ ਲੜੇ, ਜਿੱਥੇ ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। ਫ਼ਿਰ ਉਹ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਹੁੰਦੇ ਹੋਏ ਦੀਨਾ ਕਾਂਗੜ ਪਹੁੰਚੇ ਅਤੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ। ਆਖਰ ਵਿੱਚ ਉਹ ਖਿਦਰਾਣੇ ਦੀ ਢਾਬ ਵੱਲ ਵਧੇ, ਜਿੱਥੇ ਮੁਗਲ ਫ਼ੌਜਾਂ ਨੇ ਹਮਲਾ ਕੀਤਾ। ਇੱਥੇ ਹੀ ਉਹ 40 ਸਿੱਖ ਵਾਪਸ ਆ ਗਏ ਅਤੇ ਮਾਈ ਭਾਗ ਕੌਰ ਦੀ ਅਗਵਾਈ ਵਿੱਚ ਲੜੇ। ਇਹ ਜੰਗ 29 ਦਸੰਬਰ 1705 ਨੂੰ ਹੋਈ ਅਤੇ ਚਾਲੀ ਸਿੱਖਾਂ ਨੇ ਆਪਣੇ ਜੀਵਨ ਨੂੰ ਕੁਰਬਾਨ ਕੀਤਾ ਤੇ ਮੁਗਲਾਂ ਨੂੰ ਹਰਾਇਆ।

ਜੰਗ ਤੋਂ ਬਾਅਦ ਗੁਰੂ ਜੀ ਮੈਦਾਨ ਵਿੱਚ ਆਏ ਅਤੇ ਸ਼ਹੀਦਾਂ ਨੂੰ ਸਨਮਾਨ ਦਿੱਤਾ। ਉਨ੍ਹਾਂ ਨੇ ਹਰ ਸ਼ਹੀਦ ਨੂੰ ਬਖਸ਼ਿਸ਼ਾਂ ਦਿੱਤੀਆਂ ਜਿਵੇਂ 'ਇਹ ਮੇਰਾ ਪੰਜ ਹਜ਼ਾਰੀ ਹੈ' ਜਾਂ 'ਇਹ ਮੇਰਾ ਦਸ ਹਜ਼ਾਰੀ ਹੈ'। ਭਾਈ ਮਹਾਂ ਸਿੰਘ ਜੀ ਅਜੇ ਜਿਉਂਦੇ ਸਨ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਬੇਦਾਵਾ ਵਾਲੇ ਪੱਤਰ ਨੂੰ ਫ਼ਾੜ ਦਿਓ। ਗੁਰੂ ਜੀ ਨੇ ਉਹ ਪੱਤਰ ਟੁਕੜੇ-ਟੁਕੜੇ ਕਰ ਦਿੱਤੇ ਅਤੇ ਕਿਹਾ ਕਿ ਇਹ ਚਾਲੀ ਸਿੱਖ ਹੁਣ ਮੁਕਤ ਹੋ ਗਏ ਹਨ। ਇਸ ਕਰਕੇ ਥਾਂ ਦਾ ਨਾਂ ਖਿਦਰਾਣੇ ਦੀ ਢਾਬ ਤੋਂ ਮੁਕਤਸਰ ਸਾਹਿਬ ਪੈ ਗਿਆ। ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ ਅਤੇ ਉਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਦਿੱਤੀ। ਇਹ ਘਟਨਾ ਸਿੱਖ ਇਤਿਹਾਸ ਵਿੱਚ ਚਾਲੀ ਮੁਕਤੇ ਵਜੋਂ ਜਾਣੀ ਜਾਂਦੀ ਹੈ ਅਤੇ ਹਰ ਰੋਜ਼ ਅਰਦਾਸ ਵਿੱਚ ਯਾਦ ਕੀਤੀ ਜਾਂਦੀ ਹੈ।

ਸ੍ਰੀ ਮੁਕਤਸਰ ਸਾਹਿਬ ਵਿੱਚ ਅੱਠ ਇਤਿਹਾਸਕ ਗੁਰਦੁਆਰੇ ਹਨ ਜੋ ਇਸ ਜੰਗ ਅਤੇ ਗੁਰੂ ਜੀ ਨਾਲ ਜੁੜੇ ਹਨ। ਇਹ ਗੁਰਦੁਆਰੇ ਸ਼ਰਧਾਲੂਆਂ ਲਈ ਵੱਡੀ ਮਹੱਤਤਾ ਰੱਖਦੇ ਹਨ ਅਤੇ ਹਰ ਸਾਲ ਮਾਘੀ ਮੇਲੇ ਸਮੇਂ ਇੱਥੇ ਵੱਡੀ ਗਿਣਤੀ ਵਿੱਚ ਲੋਕ ਆਉਂਦੇਹਨ। ਆਓ ਇਨ੍ਹਾਂ ਬਾਰੇ ਵਿਸਥਾਰ ਨਾਲ ਜਾਣੀਏ।

**ਗੁਰਦੁਆਰਾ ਟੁੱਟੀ ਗੰਢੀ ਸਾਹਿਬ:** ਇਹ ਮੁੱਖ ਗੁਰਦੁਆਰਾ ਹੈ ਜੋ ਸ੍ਰੀ ਦਰਬਾਰ ਸਾਹਿਬ ਵਜੋਂ ਵੀ ਜਾਣਿਆ ਜਾਂਦਾ ਹੈ। ਇੱਥੇ ਹੀ ਗੁਰੂ ਜੀ ਨੇ ਚਾਲੀ ਮੁਕਤਿਆਂ ਨੂੰ ਬਖਸ਼ਿਸ਼ਾਂ ਦਿੱਤੀਆਂ ਅਤੇ ਬੇਦਾਵਾ ਪੱਤਰ ਨੂੰ ਫ਼ਾੜ ਕੇ ਟੁੱਟੀ ਗੰਢੀ ਕੀਤੀ। ਇਸ ਥਾਂ ਨਾਲ ਇੱਕ ਪੁਰਾਣਾ ਵਣ ਵੀ ਜੁੜਿਆ ਹੈ ਜਿੱਥੇ ਗੁਰੂ ਜੀ ਨੇ ਆਪਣਾ ਘੋੜਾ ਬੰਨ੍ਹਿਆ ਸੀ। ਇੱਥੇ ਇੱਕ ਪਵਿੱਤਰ ਸਰੋਵਰ ਵੀ ਹੈ ਜਿੱਥੇ ਸ਼ਰਧਾਲੂ ਇਸ਼ਨਾਨ ਕਰਦੇ ਹਨ। ਇਹ ਗੁਰਦੁਆਰਾ ਚਾਲੀ ਮੁਕਤਿਆਂ ਦੀ ਯਾਦ ਵਿੱਚ ਬਣਿਆ ਹੈ ਅਤੇ ਇੱਥੇ ਹਰ ਸਾਲ ਵੱਡੇ ਸਮਾਗਮ ਹੁੰਦੇ ਹਨ।

**ਗੁਰਦੁਆਰਾ ਤੰਬੂ ਸਾਹਿਬ:** ਇਹ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਤੋਂ ਨੇੜੇ ਹੈ ਅਤੇ ਸਰੋਵਰ ਦੀ ਸੱਜੀ ਪਾਸੇ ਹੈ। ਜੰਗ ਤੋਂ ਪਹਿਲਾਂ ਸਿੱਖਾਂ ਨੇ ਇੱਥੇ ਝਾੜੀਆਂ ਉੱਤੇ ਆਪਣੇ ਕੱਪੜੇ ਪਾ ਕੇ ਤੰਬੂਆਂ ਵਾਂਗ ਬਣਾਏ ਤਾਂ ਜੋ ਦੁਸ਼ਮਣ ਨੂੰ ਲੱਗੇ ਕਿ ਇੱਥੇ ਵੱਡੀ ਫ਼ੌਜ ਹੈ। ਇਸ ਨਾਲ ਸਿੱਖਾਂ ਨੂੰ ਜੰਗ ਵਿੱਚ ਫ਼ਾਇਦਾ ਮਿਲਿਆ ਅਤੇ ਉਹ ਦੂਜੇ ਪਾਸੇ ਡੱਟ ਕੇ ਲੜੇ। ਇਹ ਗੁਰਦੁਆਰਾ ਉਸ ਚਲਾਕੀ ਅਤੇ ਵੀਰਤਾ ਨੂੰ ਯਾਦ ਕਰਵਾਉਂਦਾ ਹੈ।

**ਗੁਰਦੁਆਰਾ ਮਾਤਾ ਭਾਗ ਕੌਰ ਜੀ:** ਇਹ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਨੇੜੇ ਹੈ ਅਤੇ ਮਾਤਾ ਭਾਗ ਕੌਰ ਜੀ ਦੀ ਯਾਦ ਵਿੱਚ ਬਣਿਆ ਹੈ। ਮਾਈ ਭਾਗ ਕੌਰ ਨੇ ਚਾਲੀ ਸਿੱਖਾਂ ਨੂੰ ਪ੍ਰੇਰਿਤ ਕੀਤਾ ਅਤੇ ਆਪ ਵੀ ਜੰਗ ਵਿੱਚ ਲੜੀ। ਉਹ ਇੱਕ ਬਹਾਦਰ ਔਰਤ ਵਜੋਂ ਜਾਣੀ ਜਾਂਦੀ ਹਨ ਅਤੇ ਸਿੱਖ ਇਤਿਹਾਸ ਵਿੱਚ ਉਨ੍ਹਾਂ ਦਾ ਨਾਂਅ ਸਨਮਾਨ ਨਾਲ ਲਿਆ ਜਾਂਦਾ ਹੈ। ਇੱਥੇ ਸ਼ਰਧਾਲੂ ਉਨ੍ਹਾਂ ਨੂੰ ਯਾਦ ਕਰਕੇ ਪ੍ਰੇਰਣਾ ਲੈਂਦੇ ਹਨ।

**ਗੁਰਦੁਆਰਾ ਸ਼ਹੀਦ ਗੰਜ ਸਾਹਿਬ:** ਇਹ ਸਥਾਨ ਸ੍ਰੀ ਦਰਬਾਰ ਸਾਹਿਬ ਦੇ ਪਿੱਛੇ ਹੈ ਅਤੇ ਗੁਰਦੁਆਰਾ ਅੰਗੀਠਾ ਸਾਹਿਬ ਵਜੋਂ ਵੀ ਜਾਣਿਆ ਜਾਂਦਾ ਹੈ। ਇੱਥੇ ਗੁਰੂ ਜੀ ਨੇ ਚਾਲੀ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ। ਇਹ ਥਾਂ ਸ਼ਹੀਦੀ ਨੂੰ ਯਾਦ ਕਰਵਾਉਂਦੀ ਹੈ ਅਤੇ ਸ਼ਰਧਾਲੂ ਇੱਥੇ ਆ ਕੇ ਨਮਨ ਕਰਦੇ ਹਨ।

**ਗੁਰਦੁਆਰਾ ਟਿੱਬੀ ਸਾਹਿਬ:** ਇਹ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤੋਂ ਕੁਝ ਦੂਰ ਹੈ। ਇੱਥੇ ਗੁਰੂ ਜੀ ਇੱਕ ਉੱਚੀ ਟਿੱਬੀ ਉੱਤੇ ਬੈਠ ਕੇ ਦੁਸ਼ਮਣ ਉੱਤੇ ਤੀਰ ਚਲਾਉਂਦੇ ਰਹੇ ਅਤੇ ਫ਼ੌਜ ਉੱਤੇ ਨਜ਼ਰ ਰੱਖੀ। ਇਹ ਥਾਂ ਜੰਗ ਦੀ ਰਣਨੀਤੀ ਨੂੰ ਦਰਸਾਉਂਦੀ ਹੈ ਅਤੇ ਗੁਰੂ ਜੀ ਦੀ ਬਹਾਦਰੀ ਨੂੰ ਯਾਦ ਕਰਵਾਉਂਦੀ ਹੈ।

**ਗੁਰਦੁਆਰਾ ਦਾਤਣਸਰ ਸਾਹਿਬ:** ਇਹ ਸਥਾਨ ਟਿੱਬੀ ਸਾਹਿਬ ਨੇੜੇ ਹੈ ਜਿੱਥੇ ਗੁਰੂ ਜੀ ਨੇ ਸਵੇਰੇ ਦਾਤਣ ਕੀਤੀ। ਇੱਥੇ ਹੀ ਇੱਕ ਮੁਗਲ ਨੂਰਦੀਨ ਨੂੰ ਗੁਰੂ ਜੀ ਨੇ ਮਾਰਿਆ ਜੋ ਭੇਸ ਬਦਲ ਕੇ ਗੁਰੂ ਜੀ ਨੂੰ ਨੁਕਸਾਨ ਪਹੁੰਚਾਉਣ ਆਇਆ ਸੀ। ਸ਼ਰਧਾਲੂ ਇੱਥੇ ਆ ਕੇ ਗੁਰੂ ਜੀ ਨੂੰ ਯਾਦ ਕਰਦੇ ਹਨ।

**ਗੁਰਦੁਆਰਾ ਰਕਾਬਸਰ ਸਾਹਿਬ:** ਇਹ ਥਾਂ ਉਹ ਹੈ ਜਿੱਥੇ ਗੁਰੂ ਜੀ ਦੇ ਘੋੜੇ ਦੀ ਰਕਾਬ ਟੁੱਟ ਗਈ

(ਬਾਕੀ ਸਫ਼ਾ 27 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## 19 ਜਨਵਰੀ, 1922 'ਤੇ ਵਿਸ਼ੇਸ਼

# ਚਾਬੀਆਂ ਦਾ ਮੋਰਚਾ

ਸੰਨ 1849 ਵਿਚ ਅੰਗਰੇਜ਼ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੀ ਥਾਪੇ ਹੋਏ ਸੰਚਾਲਕਾਂ ਦੇ ਹੱਥ ਵਿਚ ਦਿੱਤਾ। ਬਾਕੀ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤ ਪੁਜਾਰੀ ਵੀ ਸਰਕਾਰੀ ਹੀ ਸਨ। ਉਨ੍ਹਾਂ ਦੀਆਂ ਗੁਰਮਤਿ ਮਰਯਾਦਾ ਭੰਗ ਕਰਨ ਦੀਆਂ ਮਨਮਾਨੀਆਂ ਦਾ ਜ਼ੋਰ ਸੀ। ਗੁਰੂ ਸਿੰਘ ਸਭਾ ਦੇ ਆਗੂਆਂ ਨੇ ਉਨ੍ਹਾਂ ਦੀਆਂ ਕੋਝੀਆਂ ਹਰਕਤਾਂ ਖਤਮ ਕਰਨ ਦੇ ਯਤਨਾ ਵਿਚ ਗੁਰਮਤਿ ਮਰਯਾਦਾ ਬਹਾਲ ਕਰਨ ਦਾ ਪ੍ਰਚਾਰ ਸ਼ੁਰੂ ਕੀਤਾ। ਸਭਾ ਨੇ ਸੰਗਤਾਂ ਨੂੰ ਸਿੱਖ ਧਰਮ ਪ੍ਰਤੀ ਜਾਗ੍ਰਿਤ ਕੀਤਾ। ਜਿਸ ਨਾਲ ਸਿੱਖ ਧਰਮ ਵਿਚ ਸੁਧਾਰ ਹੋਣ ਲੱਗਾ। ਇਸ ਸਮੇਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਅਤੇ ਪੁਜਾਰੀਆਂ ਨੇ ਇਸ ਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਸਜੇ ਦੀਵਾਨਾਂ ਵਿਚ ਦੁਰਾਚਾਰੀ ਪ੍ਰਬੰਧਕਾਂ ਨੂੰ ਸੁਧਰਨ ਦੀ ਚਿਤਾਵਨੀ ਵੀ ਦਿੱਤੀ। ਪਰ ਉਨ੍ਹਾਂ ਨੂੰ ਤਾਂ ਸਰਕਾਰੀ ਸ਼ਹਿ ਪ੍ਰਾਪਤ ਸੀ। ਸੰਗਤਾਂ 'ਤੇ ਸਰਕਾਰੀ ਦਬਾਅ ਸੀ। ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਤਾਂ ਉਨ੍ਹਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ।

ਭਾਵੇਂ ਅਕਤੂਬਰ 1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਆ ਚੁੱਕਾ ਸੀ ਪਰ ਅੰਗਰੇਜ਼ ਹਕੂਮਤ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਸਰਕਾਰੀ ਨਿਗਰਾਨ ਨਿਯੁਕਤ ਕਰ ਲਿਆ। ਜਿਸ ਦੇ ਕੋਲ ਖਜ਼ਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਜਾਣ ਲਿਆ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਸਰਕਾਰੀ ਦਖ਼ਲਅੰਦਾਜ਼ੀ ਹੈ। ਇਹ ਗੁਰਦੁਆਰਿਆਂ ਤੇ ਸਰਕਾਰੀ ਕਬਜ਼ਾ ਰੱਖਣ ਦੀ ਚਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ 20, 1921 ਨੂੰ ਇਹ ਫੈਸਲਾ ਕੀਤਾ ਕਿ ਚਾਬੀਆਂ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਸੌਂਪਣੀਆਂ ਚਾਹੀਦੀਆਂ ਹਨ। ਨਵੰਬਰ 7, 1921 ਨੂੰ ਜ਼ਿਲ੍ਹਾ ਅਧਿਕਾਰੀ ਅੰਮ੍ਰਿਤਸਰ ਨੇ ਚਾਬੀਆਂ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਤੋਂ ਚਾਬੀਆਂ ਲੈ ਕੇ ਸਰਕਾਰੀ ਕਬਜ਼ੇ ਵਿਚ ਕਰ ਲਈਆਂ। ਨਵੰਬਰ 11, 1921 ਨੂੰ ਸਰਕਾਰ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਬਦਲ ਕੇ ਕਪਤਾਨ ਬਹਾਦਰ ਸਿੰਘ ਜੀ ਨੂੰ ਨਿਗਰਾਨ ਨਿਯੁਕਤ ਕਰ ਦਿੱਤਾ। ਸੰਗਤਾਂ ਨੇ ਇਸ ਦਾ ਵਿਰੋਧ ਕੀਤਾ ਜੋ ਚਾਬੀਆਂ ਦੇ ਮੋਰਚੇ ਦਾ ਆਰੰਭ ਸੀ।



ਨਵੰਬਰ 12, 1921 ਨੂੰ ਰੋਸ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਜੀ ਨੇ ਸੰਬੋਧਨ ਕੀਤਾ। ਅਜਿਹੇ ਹੀ ਰੋਸ ਵਿਦਰੋਹ ਗੁੱਜਰਾਂਵਾਲਾ, ਗੁਜਰਖਾਨ ਅਤੇ ਅਜਨਾਲਾ ਵਿਖੇ ਵੀ ਹੋਇਆ। ਕੈਪਟਨ ਬਹਾਦਰ ਸਿੰਘ ਜੀ ਨੇ ਅਸਤੀਫ਼ਾ ਦੇ ਦਿੱਤਾ। ਸਰਕਾਰੀ ਟਕਰਾਉ ਜਾਰੀ ਰਿਹਾ। ਸਰਕਾਰ ਨੇ ਜਬਰੀ ਕਬਜਾ ਕਰਕੇ ਚਾਬੀਆਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਸਰਦਾਰ ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਨੂੰ 26 ਨਵੰਬਰ, 1921 ਨੂੰ ਅਜਨਾਲਾ ਦੇ ਦੀਵਾਨ ਵਿਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰਦੁਆਰਾ ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਅੰਮ੍ਰਿਤਸਰ ਦੀ ਇਕੱਤਰਤਾ ਮੁਲਤਵੀ ਕਰ ਦਿੱਤੀ। ਪਰ 50 ਤੋਂ ਵੱਧ ਮੈਂਬਰ ਅਜਨਾਲਾ ਦੀਵਾਨ ਜਾਰੀ ਰੱਖਣ ਲਈ ਪੁੱਜ ਗਏ। ਸਰਦਾਰ ਬਹਾਦਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਲਾਇਲਪੁਰੀ ਆਦਿ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ। ਨਵੰਬਰ 27, 1921 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਨਿਖੇਧੀ ਕੀਤੀ। ਸੰਗਤਾਂ ਨੂੰ 4 ਦਸੰਬਰ 1921 ਨੂੰ ਰੋਸ ਦਿਵਸ ਰੱਖਣ ਦੀ ਅਪੀਲ ਕੀਤੀ। ਜਿਸ ਨਾਲ ਮੋਰਚਾ ਜੋਰ ਪਕੜ ਗਿਆ। ਸਰਕਾਰ ਵੀ ਬੇਵੱਸ ਹੋ ਗਈ ਸੀ। ਅੰਗਰੇਜ਼ ਸਰਕਾਰ ਨੇ ਵਕਤ ਵਿਚਾਰਿਆ ਕਿ ਭਾਰੀ ਮੋਰਚੇ ਦੇ ਅਸਰ ਹੇਠ ਫੌਜ ਅਤੇ ਕਿਸਾਨ ਵੀ ਬਾਗੀ ਹੋ ਜਾਣਗੇ। ਜਿਸ ਦਾ ਆਰਥਿਕ ਵਿਕਾਸ ਤੇ ਅਸਰ ਹੋਵੇਗਾ। ਰੋਜ਼ਮਰਾ ਦੇ ਕੰਮਕਾਰ ਵੀ ਠੱਪ ਹੋ ਕੇ ਰਹਿ ਜਾਣਗੇ। ਜਿਸ ਨਾਲ ਸਰਕਾਰ ਦੀ ਮਾਲੀ ਸਥਿਤੀ ਵਿਗੜ ਸਕਦੀ ਹੈ। ਜਨਵਰੀ 3, 1922 ਨੂੰ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਜਨਵਰੀ 5, 1921 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਵਤਾਰ ਪੁਰਬ ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਉਦੋਂ ਤੱਕ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਸਾਰੇ ਸਿੰਘ ਰਿਹਾਅ ਨਹੀਂ ਹੋ ਜਾਂਦੇ।

ਜਨਵਰੀ 19, 1922 ਨੂੰ ਸਰ ਜੌਹਨ ਮੇਨਾਰਡ ਗ੍ਰਹਿ ਵਿਭਾਗ ਦੇ ਅਧਿਕਾਰੀ ਨੇ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਫਿਰ ਵੀ ਸੰਗਤਾਂ ਨੇ ਜ਼ਿਲ੍ਹਾ ਅਧਿਕਾਰੀ ਕੋਲ ਜਾ ਕੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਸਰਕਾਰੀ ਅਧਿਕਾਰੀ ਨੇ ਅਕਾਲ ਤਖਤ ਸਾਹਿਬ ਦੇ ਦੀਵਾਨ ਵਿਚ ਪਹੁੰਚ ਕੇ ਚਾਬੀਆਂ ਲਾਲ ਕੱਪੜੇ ਵਿਚ ਵਲੇਟ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ। ਸਿੱਖ ਪੰਥ ਦੀ ਸ਼ਾਨਦਾਰ ਜਿੱਤ ਹੋਈ। ਅਕਾਲੀਆਂ ਦੀ ਇਸ ਜਿੱਤ ਦਾ ਦੇਸ਼ ਭਰ ਵਿਚ ਸਵਾਗਤ ਹੋਇਆ। ਜਨਤਕ ਮੋਰਿਆਂ ਦਾ ਰਾਹ ਖੁੱਲ੍ਹਿਆ। ਵਕਤੀ ਵਕਫ਼ਾ ਪਾ ਕੇ ਅੰਗਰੇਜ਼ ਹਕੂਮਤ ਆਪਣੀ ਹਾਰ ਦਾ ਬਦਲਾ ਲੈਣ ਤੇ ਉਤਰ ਆਈ। ਸਿੰਘਾਂ ਦੀਆਂ ਨਜਾਇਜ਼ ਗ੍ਰਿਫਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗ੍ਰਿਫ਼ਤਾਰੀਆਂ ਦੀ ਗਿਣਤੀ 2000 ਤੇ ਪੁੱਜ ਗਈ। ਸਿੰਘਾਂ ਦੇ ਰੋਜ਼ਾਨਾ ਜੀਵਨ ਤੇ ਵੀ ਸਖਤੀ ਹੋਣ ਲੱਗੀ। ਸਰਕਾਰ ਵਿਰੁਧ ਜਨਤਕ ਲਹਿਰਾਂ ਉਠੀਆਂ। ਸਿੰਘਾਂ ਨੂੰ ਹੋਰ ਬੜੇ ਮੋਰਚੇ ਲਾਉਣੇ ਪਏ। ਇਸ ਤਰ੍ਹਾਂ ਚਾਬੀਆਂ ਦਾ ਮੋਰਚਾ ਇਤਿਹਾਸਕ ਹੋ ਗਿਆ।

# ਕਲਮ, ਕੌਮ ਅਤੇ ਚੇਤਨਾ: ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਬੌਧਿਕ ਯਾਤਰਾ

ਡਾ. ਸਰਬਜੀਤ ਕੌਰ








ਆਧੁਨਿਕ ਸਿੱਖ ਸਾਹਿਤ ਅਤੇ ਇਤਿਹਾਸਕ ਲੇਖਨ ਵਿੱਚ ਪ੍ਰਮਿੰਦਰ ਸਿੰਘ ਪ੍ਰਵਾਨਾ ਉਹ ਨਾਮ ਹੈ, ਜਿਨ੍ਹਾਂ ਨੇ ਕਲਮ ਨੂੰ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ ਰੱਖਿਆ, ਸਗੋਂ ਇਸਨੂੰ ਸੱਚ, ਸੰਘਰਸ਼ ਅਤੇ ਸਿੱਖ ਅਸਲੀਅਤ ਦੀ ਆਵਾਜ਼ ਬਣਾਇਆ। ਜਦੋਂ ਕਲਮ ਇਤਿਹਾਸ ਨਾਲ ਸੰਵਾਦ ਕਰਦੀ ਹੈ ਅਤੇ ਲੇਖਕ ਆਪਣੀ ਕੌਮ ਦੀ ਚੇਤਨਾ ਬਣ ਜਾਂਦਾ ਹੈ, ਉਥੇ ਪ੍ਰਮਿੰਦਰ ਸਿੰਘ ਪ੍ਰਵਾਨਾ ਵਰਗਾ ਸਾਹਿਤਕਾਰ ਜਨਮ ਲੈਂਦਾ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਸਿਰਫ਼ ਇੱਕ ਸਾਹਿਤਕਾਰ ਨਹੀਂ, ਸਗੋਂ ਸਿੱਖ ਇਤਿਹਾਸ ਦੀ ਉਸ ਲਗਾਤਾਰ ਜਗਦੀ ਮਸ਼ਾਲ ਦਾ ਨਾਮ ਹਨ, ਜੋ ਪੀੜ੍ਹੀ ਦਰ ਪੀੜ੍ਹੀ ਸੱਚ ਨੂੰ ਰੌਸ਼ਨ ਕਰ ਰਹੀ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਜੋ ਪੰਜਾਬੀ ਸਾਹਿਤਕਾਰ ਦੇ ਨਾਲ ਨਾਲ ਇੱਕ ਚੰਗੇ ਸਿੱਖ ਇਤਿਹਾਸਕਾਰ ਹਨ। ਪੰਜਾਬੀ ਭਾਸ਼ਾ ਨਾਲ ਸੰਬੰਧਿਤ ਅਲੱਗ ਅਲੱਗ ਅਖਬਾਰਾਂ ਵਿੱਚ ਅਕਸਰ ਹੀ ਇਹਨਾਂ ਇਹਨਾਂ ਦੀਆਂ ਲਿਖਤਾਂ ਪਬਲਿਸ਼ ਹੁੰਦੀਆ ਰਹਿੰਦੀਆਂ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਦਾ ਜਨਮ ਮਹੱਲਾ ਲਾਡੋਵਾਲੀ ਜਲੰਧਰ ਸ਼ਹਿਰ ਵਿਖੇ ਹੋਇਆ ਸੀ। ਉਹਨਾਂ ਨੇ ਆਪਣੀ ਮੁੱਢਲੀ ਵਿੱਦਿਆ ਮੁਹੱਲੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਵਿਦਿਆ ਦੇ ਲਈ ਲਾਇਲਪੁਰ ਖਾਲਸਾ ਕਾਲਜ ਜਲੰਧਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਾਸਲ ਕੀਤੀ। ਪੰਜਾਬੀ ਪੜ੍ਹਨ ਲਿਖਣ ਤੇ ਬੋਲਣ ਦਾ ਸ਼ੌਂਕ ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਨੂੰ ਬਚਪਨ ਤੋਂ ਹੀ ਸੀ ਜਿਸ ਕਰਕੇ ਉਹਨਾਂ ਨੇ ਪ੍ਰਾਈਮਰੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਹੀ ਕਵੀਆਂ ਦੀਆਂ ਲਿਖੀਆਂ ਕਵਿਤਾਵਾਂ ਪੜਨੀਆਂ ਸ਼ੁਰੂ ਕੀਤੀਆਂ। ਬਚਪਨ ਤੋਂ ਹੀ ਉਹਨਾਂ ਨੂੰ ਪਾਠਕਰਮ ਦੀਆਂ ਪੁਸਤਕਾਂ ਵਿੱਚੋਂ ਕਹਾਣੀਆਂ ਯਾਦ ਕਰਕੇ ਜ਼ਬਾਨੀ ਸੁਣਾਉਣ ਦਾ ਸ਼ੌਂਕ ਸੀ, ਜਿਸ ਦੇ ਸਦਕਾ ਹੀ ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਨੇ ਹਾਇਰ ਸਕੈਂਡਰੀ ਸਕੂਲ ਵਿੱਚ ਮਾਸਟਰ ਜੀ ਦੇ ਲਿਖੇ ਲੇਖ ਜ਼ਿਲ੍ਹਾ ਪੱਧਰ ਦੇ ਭਾਸ਼ਣ ਮੁਕਾਬਲਿਆਂ ਵਿੱਚ ਸੁਣਾਏ ਤੇ ਉਹਨਾਂ ਵਿੱਚ ਅਵਲ ਸਥਾਨ ਪ੍ਰਾਪਤ ਕੀਤਾ। ਕਾਲਜ ਤੋਂ ਲੈ ਕੇ ਯੂਨੀਵਰਸਿਟੀ ਦੇ ਮੈਗਜ਼ੀਨ ਵਿੱਚ ਅਕਸਰ ਹੀ ਉਹਨਾਂ ਦੀਆਂ ਕਵਿਤਾਵਾਂ ਛਪਣ ਲੱਗੀਆਂ। ਉਹਨਾਂ ਨੇ ਆਪਣੀ ਪਹਿਲੀ ਕਵਿਤਾ 1971 ਵਿੱਚ ਲਿਖਣੀ ਸ਼ੁਰੂ ਕੀਤੀ।

ਉਹਨਾਂ ਨੇ ਆਪਣੇ ਜੀਵਨ ਦੇ 17 ਸਾਲ ਸਰਕਾਰੀ ਨੌਕਰੀ ਮਨਿਸਟਰੀ ਆਫ ਐਗਰੀਕਲਚਰ ਐਂਡ ਕਰੈਡਿਟ ਡਿਵੀਜ਼ਨ ਕ੍ਰਿਸ਼ੀ ਭਵਨ ਦਿੱਲੀ ਦੇ ਜ਼ਿਲ੍ਹਾ ਪੱਧਰੀ ਦਫਤਰ ਵਿੱਚ ਬਤੌਰ ਜ਼ਿਲ੍ਹਾ ਨਿਰੀਖਣ ਅਫਸਰ ਵਜੋਂ ਕੰਮ ਕੀਤਾ। ਨੌਕਰੀ ਦੌਰਾਨ ਵੀ ਉਹਨਾਂ ਦਾ ਲੇਖਣੀ ਦਾ ਸਫਰ ਜਾਰੀ ਸੀ।

ਸਰਕਾਰੀ ਪ੍ਰੋਗਰਾਮਾਂ ਦੀਆਂ ਸੂਚਨਾਵਾਂ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਕੇ ਲਾਭਪਾਤਰੀਆਂ ਨੂੰ ਵੰਡਦੇ ਰਹੇ ਤਾਂ ਜੋ ਉਹਨਾਂ ਨੂੰ ਆਪਣੇ ਬੋਲੀ ਵਿੱਚ ਸਰਕਾਰੀ ਸਕੀਮਾਂ ਦੀ ਜਾਣਕਾਰੀ ਹੋਵੇ ਸਰਕਾਰੀ ਇਸ਼ਤਿਹਾਰ ਅਖਬਾਰਾਂ ਅਤੇ ਦੂਰਦਰਸ਼ਨ ਜਲੰਧਰ ਨੂੰ ਭੇਜਦੇ ਰਹੇ ਕਈ ਸੰਪਾਦਕ ਪੁਸਤਕਾਂ ਵਿੱਚ ਕਵਿਤਾਵਾਂ ਛਪੀਆਂ ਫਿਰ ਉਹਨਾਂ ਨੇ ਲੇਖ ਲਿਖਣੇ ਵੀ ਸ਼ੁਰੂ ਕੀਤੇ ਜੋ ਅਕਸਰ ਅਖਬਾਰਾਂ, ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ।

1994 ਪਰਿਵਾਰ ਸਮੇਤ ਅਮਰੀਕਾ ਚਲੇ ਗਏ ਤੇ ਉੱਥੇ ਜਾ ਕੇ ਉਹਨਾਂ ਨੇ ਆਪਣਾ ਜੀਵਨ ਸਿੱਖ ਇਤਿਹਾਸ ਦੇ ਸਾਹਿਤ ਨੂੰ ਸਮਰਪਣ ਕੀਤਾ।

ਜਿਸ ਦੇ ਚਲਦੇ ਹੀ ਉਹ ਸਾਹਿਤ ਸੱਭਿਆਚਾਰ ਧਾਰਮਿਕ ਸੰਸਥਾਵਾਂ ਨਾਲ ਜੁੜੇ ਰਹੇ ਤੇ ਨਾਲ ਹੀ ਪ੍ਰੈਸ ਸਕੱਤਰ ਪ੍ਰਬੰਧਕ ਮੰਚ ਸੰਚਾਲਕ ਦੀ ਭੂਮਿਕਾ ਵੀ ਬਾਖੂਬੀ ਨਿਭਾਉਂਦੇ ਰਹੇ। ਅਮਰੀਕਾ ਵਿੱਚ ਰਹਿੰਦੇ ਹੋਏ ਉਹ ਅਕਸਰ ਹੀ ਬੱਚਿਆਂ ਨੂੰ ਆਪਣੀ ਬੋਲੀ ਤੇ ਭਾਸ਼ਾ ਨਾਲ ਜੋੜਨ ਲਈ ਨਾਟਕ ਅਤੇ ਕਵਿਤਾ ਦੇ ਮੁਕਾਬਲੇ ਕਰਵਾਉਂਦੇ ਰਹਿੰਦੇ ਹਨ। ਕੌਮ ਦੇ ਇਹਨਾਂ ਕਾਰਜਾਂ ਦੇ ਨਾਲ ਨਾਲ ਉਹਨਾਂ ਨੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ, ਸੰਨ 2004 ਵਿੱਚ ਪਹਿਲੀ ਪੁਸਤਕ ਗਿੰਨੀ ਸਮ੍ਰਿਤੀ ਗ੍ਰੰਥ ਦਾ ਸੰਪਾਦਨ ਕੀਤਾ। ਗਿੰਨੀ ਸਮ੍ਰਿਤੀ ਗ੍ਰੰਥ ਜੋ ਕਿ ਉਹਨਾਂ ਨੇ ਆਪਣੀ ਧੀ ਜੋ 13 ਸਾਲ ਦੀ ਉਮਰ ਵਿੱਚ ਕਾਰ ਹਾਦਸੇ ਦੌਰਾਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਈ ਸੀ ਦੇ ਸਬੰਧ ਵਿੱਚ ਲਿਖਿਆ ਹੈ। ਹੁਣ ਤਾਂ ਉਹਨਾਂ ਦੇ ਤਿੰਨ ਕਾਵਿ ਸੰਗ੍ਰਹਿ ਛਪ ਚੁੱਕੇ ਹਨ ਤਿੰਨ ਇਤਿਹਾਸ ਦੀਆਂ ਪੁਸਤਕਾਂ ਛਪੀਆਂ ਹਨ। ਲਿਖਣ ਦੇ ਨਾਲ ਨਾਲ ਉਹ ਰੇਡੀਓ ਤੇ ਵੀ ਕਵੀ ਦਰਬਾਰਾਂ ਦਾ

ਸੰਚਾਲਨ ਕਰਦੇ ਰਹਿੰਦੇ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਅਮਰੀਕਾ ਵਿੱਚ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਕਈ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚੋਂ ਗਿੰਨੀ ਯਾਦਗਾਰੀ ਸੱਭਿਆਚਾਰਕ ਮੰਚ ਅਮਰੀਕਾ, ਸਾਂਝਾ ਸਭਿਆਚਾਰ ਮੰਚ ਅਮਰੀਕਾ, ਗਦਰ ਯਾਦਗਾਰੀ ਮੰਚ ਅਮਰੀਕਾ, ਪੰਜਾਬੀ ਪਬਲਿਕੇਸ਼ਨ ਟਰੱਸਟ ਅਮਰੀਕਾ, ਇੰਡੋ ਅਮਰੀਕਨ ਮੈਗਜ਼ੀਨ ਚਲਾਇਆ ਗਿਆ, ਇਸ ਦੇ ਨਾਲ ਹੀ ਕਈ ਸੰਸਥਾਵਾਂ ਦੇ ਉਹ ਮੋਢੀ ਮੈਂਬਰਾਂ ਵਿੱਚੋਂ ਇੱਕ ਹਨ।

ਕੁਲ ਵਕਤੀ ਲੇਖਕ ਤੇ ਕਵੀ ਹੋਣ ਦੇ ਨਾਲ ਨਾਲ ਅਮਰੀਕਾ ਦੇ ਗੁਰੂ ਘਰਾਂ ਵਿੱਚ ਧਾਰਮਿਕ ਕਵੀ ਦਰਬਾਰਾਂ ਦਾ ਸੰਚਾਲਨ ਉਹ ਅਕਸਰ ਸੰਗਤ ਦੀ ਸਹਾਇਤਾ ਨਾਲ ਕਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਹਨਾਂ ਦੀ ਇੱਕ ਬਹੁਤ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਸਮਕਾਲੀ ਲੇਖਕਾਂ ਦੀਆਂ ਪੁਸਤਕਾਂ ਦੀ ਸਮੀਖਿਆ ਤੇ ਮੁੱਖ ਬੰਦ ਵੀ ਲਿਖਦੇ ਹਨ ਤੇ ਅਕਸਰ ਸਾਹਿਤ ਸੱਭਿਆਚਾਰ ਨਾਲ ਸਬੰਧਿਤ ਗਾਇਕਾਂ ਦੇ ਗੀਤਾਂ ਦੀ ਸਮੀਖਿਆ ਕਰਦੇ ਰਹਿੰਦੇ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਉਹਨਾਂ ਦੀ ਲੇਖਣੀ ਵਿੱਚ ਕਵਿਤਾ ਵਾਰਤਕ ਲੇਖ ਖੋਜ ਇਤਿਹਾਸ ਅਤੇ ਗੁਰਬਾਣੀ ਦੇ ਹਵਾਲੇ ਅਕਸਰ ਹੀ ਦੇਖਣ ਨੂੰ ਮਿਲ ਜਾਂਦੇ ਹਨ। ਲੇਖਾਂ ਦੇ ਅੰਤ ਵਿੱਚ ਅੰਤਿਕਾ ਲਿਖ ਕੇ ਵਿਸ਼ੇ ਨੂੰ ਹੋਰ ਸਪਸ਼ਟ

ਕਰਨ ਦੇ ਵਿਚਾਰ ਉਹਨਾਂ ਦੇ ਖੁਦ ਦੇ ਲਿਖੇ ਹੁੰਦੇ ਹਨ। ਇਹਨਾਂ ਵਿਚਾਰਾਂ ਦੇ ਸਦਕਾ ਤੇ ਮਾਂ ਬੋਲੀ ਪੰਜਾਬੀ ਤੇ ਭਾਸ਼ਾ ਦੀ ਨਿਸ਼ਕਾਮ ਸੇਵਾ ਸਦਕਾ ਹੀ ਉਹਨਾਂ ਨੂੰ ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਤਖ਼ੱਲਸ ਸਵਰਗੀ ਸ਼੍ਰੋਮਣੀ ਕਵੀ ਆਜ਼ਾਦ ਜਲੰਧਰ ਜੀ ਵੱਲੋਂ ਦਿੱਤਾ ਗਿਆ ਸੀ। ਦੇਸ਼ਾਂ ਵਿਦੇਸ਼ਾਂ ਵਿੱਚ ਪੰਜਾਬੀ ਅਤੇ ਅਮੇਰੀਕਨ ਸਿੱਖ ਭਾਈਚਾਰੇ ਵੱਲੋਂ ਅਕਸਰ ਹੀ ਉਹਨਾਂ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਲਿਖਤ ਸਾਨੂੰ ਸਿਰਫ਼ ਅਤੀਤ ਨਾਲ ਨਹੀਂ ਜੋੜਦੀ, ਸਗੋਂ ਭਵਿੱਖ ਲਈ ਸਚੇਤ ਕਰਦੀ ਹੈ। ਉਹਨਾਂ ਦੀ ਕਲਮ ਸਿੱਖ ਕੌਮ ਲਈ ਦਿਸ਼ਾ-ਸੂਚਕ ਵੀ ਹੈ ਅਤੇ ਜ਼ਮੀਰ ਦੀ ਆਵਾਜ਼ ਵੀ। (ਬਾਕੀ ਸਫ਼ਾ 27 'ਤੇ)

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




ਜੋਗਿੰਦਰ ਕੌਰ ਅਗਨੀਹੋਤਰੀ

# ਕਾਂਸੀ ਕਟੋਰੇ ਬਟਣਾ ਪਾਇਆ...

ਸਾਡੇ ਸੱਭਿਆਚਾਰ ਵਿੱਚ ਰੀਤੀ ਰਿਵਾਜਾਂ ਦਾ ਇੰਨਾ ਮਹੱਤਵ ਹੈ ਕਿ ਇਹ ਸਮਾਜ ਲਈ ਜਿੱਥੇ ਭਾਈਚਾਰਕ ਏਕਤਾ ਬਣਾਉਂਦੇ ਹਨ, ਉੱਥੇ ਨਾਲ ਹੀ ਸਾਰਿਆਂ ਲਈ ਖ਼ੁਸ਼ੀ ਦਾ ਮੌਕਾ ਵੀ ਪੈਦਾ ਕਰਦੇ ਹਨ। ਵਿਆਹ ਵਰਗੀ ਰੀਤ ਵਿੱਚ ਸਾਰਾ ਸ਼ਰੀਕਾ ਕਬੀਲਾ ਇਕੱਠਾ ਹੁੰਦਾ ਹੈ ਤਾਂ ਰਲ ਮਿਲ ਕੇ ਖ਼ੁਸ਼ੀ ਦੇ ਗੀਤ ਗਾਏ ਜਾਂਦੇ ਹਨ। ਹਰ ਕੰਮ ਨੂੰ ਕਰਨ ਲਈ ਸ਼ਰੀਕੇ ਕਬੀਲੇ ਦੀਆਂ ਔਰਤਾਂ ਅਤੇ ਆਦਮੀ ਅੱਗੇ ਹੁੰਦੇ ਹਨ। ਕੰਮ ਭਾਵੇਂ ਛੋਟਾ ਹੋਵੇ ਜਾਂ ਵੱਡਾ, ਪਰ ਸਾਰੇ ਰਲ ਕੇ ਖ਼ੁਸ਼ੀ ਖ਼ੁਸ਼ੀ ਕਰਦੇ ਹਨ। ਉਂਜ ਤਾਂ ਹਰ ਵਿਅਕਤੀ ਦੇ ਅੰਦਰ ਆਪਣੇ ਆਪ ਨੂੰ ਸੋਹਣਾ ਬਣ ਕੇ ਦਿਖਾਉਣ ਦੀ ਲਾਲਸਾ ਹੁੰਦੀ ਹੈ, ਪ੍ਰੰਤੂ ਫਿਰ ਵੀ ਕਿਸੇ ਖ਼ਾਸ ਮੌਕੇ ਉੱਤੇ ਕਿਸੇ ਨੂੰ ਸੋਹਣਾ ਬਣਾਇਆ ਵੀ ਜਾਂਦਾ ਹੈ, ਉਹ ਹੈ ਵਿਆਹ ਵਾਲਾ ਲੜਕਾ ਜਾਂ ਲੜਕੀ। ਵਿਆਹ ਵਾਲੇ ਨੂੰ ਸੁੰਦਰ ਬਣਾਉਣ ਲਈ ਬਟਣੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਬਟਣਾ ਮਲ ਕੇ ਉਸ ਦੀ ਸੁੰਦਰਤਾ ਵਧਾਈ ਜਾਂਦੀ ਹੈ। ਇਨ੍ਹਾਂ ਸਭ ਕਾਰਜਾਂ ਨੂੰ ਕਰਨ ਲਈ ਇਹ ਛੋਟੇ ਛੋਟੇ ਇਹ ਰਿਵਾਜ ਬਣੇ ਹਨ।

ਬਟਣਾ ਤਿਆਰ ਕਰਨ ਲਈ ਸਭ ਤੋਂ ਪਹਿਲਾਂ ਸ਼ਰੀਕੇ ਦੀਆਂ ਸੱਤ ਸੁਹਾਗਣਾਂ ਨੂੰ ਬੁਲਾਇਆ ਜਾਂਦਾ ਹੈ। ਉਹ ਇਸ ਰੀਤ ਨੂੰ ਨਿਭਾਉਣ ਦੀ ਸ਼ੁਰੂਆਤ ਕਰਦੀਆਂ ਹਨ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਬਟਣਾ ਮਲਣ ਵਾਲੀ ਚੀਜ਼ ਨੂੰ ਹੀ ਕਿਹਾ ਜਾਂਦਾ ਹੈ। ਇਹ ਬਟਣਾ ਘਰੇਲੂ ਔਰਤਾਂ ਘਰ ਵਿੱਚ ਹੀ ਤਿਆਰ ਕਰਦੀਆਂ ਸਨ। ਇਸ ਵਿੱਚ ਬੇਸਣ ਦੀ ਵਰਤੋਂ ਨਹੀਂ ਬਲਕਿ ਜੌਆਂ ਦੇ ਆਟੇ ਦੀ ਵਰਤੋਂ ਕੀਤੀ ਜਾਂਦੀ ਸੀ ਤੇ ਉਸ ਨੂੰ ਹਲਦੀ ਅਤੇ ਤੇਲ ਮਿਲਾ ਕੇ ਤਿਆਰ ਕੀਤਾ ਜਾਂਦਾ ਸੀ। ਜੌਆਂ ਦੇ ਆਟੇ ਨੂੰ ਘਰ ਹੀ ਚੱਕੀ ’ਤੇ ਬਾਰੀਕ ਪੀਸਿਆ ਜਾਂਦਾ ਤੇ ਇਸ ਨੂੰ ਪੀਸਣ ਤੋਂ ਪਹਿਲਾਂ ਇਸ ਵਿੱਚ ਹਲਦੀ ਦੇ ਛੋਟੇ ਛੋਟੇ ਟੁਕੜੇ ਵੀ ਪਾਏ ਜਾਂਦੇ। ਫਿਰ ਇਸ ਨੂੰ ਪੀਸ ਕੇ ਤਿਆਰ ਕੀਤਾ ਜਾਂਦਾ। ਸ਼ੁਰੂਆਤੀ ਦੌਰ ਵਿੱਚ ਬੰਨ ਯਾਨੀ ਬਟਣਾ ਵਿਆਹ ਤੋਂ ਪੰਜ ਜਾਂ ਸੱਤ ਦਿਨ ਪਹਿਲਾਂ ਹੀ ਲਾਇਆ ਜਾਂਦਾ ਸੀ। ਉਸ ਤੋਂ ਬਾਅਦ ਬੰਨ ਤਿੰਨ ਦਿਨ ਦਾ ਹੋ ਗਿਆ।

ਬਟਣਾ ਤਿਆਰ ਕਰਨ ਵੇਲੇ ਸੱਤ ਸੁਹਾਗਣਾਂ ਇਕੱਠੀਆਂ ਹੋ ਕੇ ਛੱਜ ਵਿੱਚ ਜੌਂ ਰੱਖ ਕੇ ਮੂਲ੍ਹੇ ਜਾਂ ਮੂਲ੍ਹੀ ਨਾਲ ਸੱਤ ਸੱਟਾਂ ਲਾਉਂਦੀਆਂ। ਇਸ ਦੇ ਨਾਲ ਹੀ ਉਹ ਵਿਆਹ ਵਾਲੇ ਨੂੰ ਸੰਬੋਧਨ ਵੀ ਕਰਦੀਆਂ ਹਨ ਕਿ ਤੂੰ ਵੀ ਆ ਕੇ ਇਹ ਕੰਮ ਕਰਵਾ। ਜੇਕਰ ਵਿਆਹ ਲੜਕੇ ਦਾ ਹੋਵੇ ਤਾਂ ਵਹੁਟੀ ਨੂੰ ਸਦ ਬੁਲਾਈ ਹੁੰਦੀ ਹੈ ਤੇ ਜੇਕਰ ਲੜਕੀ ਦਾ ਵਿਆਹ ਹੋਵੇ ਤਾਂ ਲਾੜੇ ਨੂੰ ਜਾਂ ਪ੍ਰਾਹੁਣੇ ਨੂੰ ਸੱਦ ਬੁਲਾਈ ਕੀਤੀ ਜਾਂਦੀ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਲਾੜੇ-ਲਾੜੀ ਦੇ ਸ਼ਗਨ ਦੇ ਨਾਲ ਉਨ੍ਹਾਂ ਚੀਜ਼ਾਂ ਨੂੰ ਵੀ ਖੰਮਣੀ ਜਾਂ ਮੌਲੀ ਬੰਨ੍ਹ ਕੇ ਸ਼ਗਨ ਵਜੋਂ ਸਜਾਇਆ ਜਾਂਦਾ ਹੈ ਜਿਵੇਂ ਮੂਲ੍ਹੀ ’ਤੇ ਮੌਲੀ ਬੰਨ੍ਹਣਾ। ਚੱਕੀ ਅਤੇ ਛੱਜ ਦੇ ਮੌਲੀ ਬੰਨ੍ਹਣਾ। ਜੌਆਂ ’ਤੇ ਸੱਟਾਂ ਲਾਉਣ ਤੋਂ ਪਹਿਲਾਂ ਵੱਟੇ ’ਤੇ ਵੱਟਾਂ ਮਾਰ ਕੇ ਹਲਦੀ ਦੀਆਂ ਗੰਢੀਆਂ ਨੂੰ ਸੱਤ ਸੁਹਾਗਣਾਂ ਭੰਨਦੀਆਂ ਹਨ ਤੇ ਉਸ ਵੇਲੇ ਵੀ ਚੀਰੇ ਵਾਲੇ ਨੂੰ ਜਾਂ ਚੀਰੇ ਵਾਲੀ ਨੂੰ ਸੱਦ ਬੁਲਾਈ ਹੁੰਦੀ ਹੈ। ਹਲਦੀ ਦੀਆਂ ਗੰਢੀਆਂ ਨੂੰ ਭੰਨਣ ਵੇਲੇ ਇਹ ਗੀਤ ਗਾਇਆ ਜਾਂਦਾ;

ਉੱਪਰ ਤਾਂ ਵਾੜੇ ਤੈਨੂੰ ਸੱਦ ਹੋਈ  
ਚੀਰੇ ਵਾਲਿਆ ਵੇ,  
ਆ ਕੇ ਤਾਂ ਹਲਦੀ ਤੂੰ ਭੰਨਾਅ  
ਦਿਲਾਂ ਵਿੱਚ ਵੱਸ ਰਿਹਾ ਵੇ।

ਫਿਰ ਇਸ ਤਰ੍ਹਾਂ ਸਾਰੀਆਂ ਰਿਸ਼ਤੇਦਾਰ ਔਰਤਾਂ ਨੂੰ ਸੰਬੋਧਨ ਕਰਕੇ ਇਹ ਗੀਤ ਗਾਏ ਜਾਂਦੇ ;

ਹਲਦੀ ਭੰਨਾਵਣ ਤੇਰੀਆਂ ਮਾਮੀਆਂ  
ਚੀਰੇ ਵਾਲਿਆ ਵੇ  
ਜਿਨ੍ਹਾਂ ਦੇ ਮਨ ਵਿੱਚ ਚਾਅ।

ਇਸ ਤਰ੍ਹਾਂ ਹਰ ਇਕੱਲੀ-ਇਕੱਲੀ ਸ਼ਰੀਕੇ ਦੀ ਔਰਤ ਦਾ ਮਾਣ ਰੱਖਿਆ ਜਾਂਦਾ। ਇਸ ਤੋਂ ਬਾਅਦ ਬਟਣਾ ਪੀਹਣ ਲਈ ਸੱਤ ਸੁਹਾਗਣਾਂ ਚੱਕੀ ਵਿੱਚ ਗਲਾ ਪਾ ਕੇ ਬਟਣਾ ਪੀਂਹਦੀਆਂ ਤੇ ਨਾਲ ਹੀ ਇਹ ਗੀਤ ਗਾਉਂਦੀਆਂ;

ਉੱਪਰ ਤਾਂ ਬਾੜੇ ਤੈਨੂੰ ਸੱਦ ਹੋਈ  
ਚੀਰੇ ਵਾਲਿਆ ਵੇ  
ਆ ਕੇ ਤਾਂ ਚੱਕੀ ਗਲਾ ਪਵਾ  
ਵੇ ਦਿਲਾਂ ਵਿੱਚ ਵਸ ਰਿਹਾ ਵੇ।

***

ਗਲਾ ਤਾਂ ਪਾਵਣ ਤੇਰੀਆਂ ਮਾਮੀਆਂ  
ਚੀਰੇ ਵਾਲਿਆ ਵੇ  
ਜਿਨ੍ਹਾਂ ਦੇ ਮਨਾਂ ਵਿੱਚ ਚਾਅ।

ਹਲਦੀ ਅਤੇ ਜੌਆਂ ਦੇ ਪੀਸੇ ਆਟੇ ਵਿੱਚ ਤੇਲ ਮਿਲਾ ਕੇ ਫਿਰ ਬਟਣਾ ਤਿਆਰ ਕੀਤਾ ਜਾਂਦਾ। ਅੱਜਕੱਲ੍ਹ ਬਟਣਾ ਬਣਿਆ ਬਣਾਇਆ ਬਾਜ਼ਾਰ ਵਿੱਚੋਂ ਵੀ ਮਿਲਦਾ ਹੈ ਅਤੇ ਕਈ ਵਾਰ ਬੇਸਣ ਵਿੱਚ ਤੇਲ ਮਿਲਾ ਕੇ ਵੀ ਕੰਮ ਚਲਾਇਆ ਜਾਂਦਾ ਹੈ। ਇਸ ਬਟਣੇ ਨਾਲ ਚਿਹਰਾ ਤੇ ਹੋਰ ਅੰਗ ਸਾਫ਼ ਹੋ ਜਾਂਦੇ ਹਨ। ਆਪਣੇ ਆਪਣੇ ਵਿਹਾਰ ਮੁਤਾਬਕ ਲੋਕ ਲੜਕੀ ਜਾਂ ਲੜਕੇ ਦੇ ਬੰਨ ਲਾਉਂਦੇ ਹਨ। ਕਈ ਵਾਰ ਪਹਿਲਾਂ ਲੋਕ ਜੋਤਸ਼ੀ ਤੋਂ ਬੰਨ ਕਢਵਾਉਂਦੇ ਵੀ ਸਨ ਤੇ ਓਨੇ ਦਿਨ ਪਹਿਲਾਂ ਹੀ ਬੰਨ ਲਾਉਣੇ ਸ਼ੁਰੂ ਕਰ ਦਿੰਦੇ ਸਨ। ਹੁਣ ਅਜਿਹਾ ਰੁਝਾਨ ਨਹੀਂ ਹੈ। ਸਮੇਂ ਵਿੱਚ ਤਬਦੀਲੀ ਆਉਣ ਨਾਲ ਰੀਤੀ ਰਿਵਾਜਾਂ ਵਿੱਚ ਵੀ ਤਬਦੀਲੀ ਆ ਗਈ ਹੈ। ਅੱਜਕੱਲ੍ਹ ਬਟਣਾ ਇੱਕ ਦਿਨ ਪਹਿਲਾਂ ਹੀ ਲਾ ਦਿੱਤਾ ਜਾਂਦਾ ਹੈ ਅਤੇ ਸਾਰਾ ਸ਼ਗਨ ਵਿਹਾਰ ਕਰ ਦਿੱਤਾ ਜਾਂਦਾ ਹੈ, ਪਰ ਪਿਛਲੇ ਸਮਿਆਂ ਵਿੱਚ ਲੜਕੇ ਜਾਂ ਲੜਕੀ ਦੀ ਨ੍ਹਾਈ ਧੋਈ ਹੋਣ ਤੋਂ ਪਹਿਲਾਂ ਹੀ ਬਟਣਾ ਮਲਿਆ ਜਾਂਦਾ ਸੀ। ਇਹ ਬਟਣਾ ਲੜਕੀ ਦੇ ਨਾਇਣ ਮਲਦੀ ਸੀ ਅਤੇ ਲੜਕੇ ਦੇ ਨਾਈ। ਬਟਣਾ ਮਲਣ ਵੇਲੇ ਪਹਿਲਾਂ ਉਸ ਨੂੰ ਕਾਂਸੀ ਦੇ ਛੰਨੇ ਵਿੱਚ ਪਾਇਆ ਜਾਂਦਾ ਸੀ ਅਤੇ ਫਿਰ ਜਦੋਂ ਲੜਕੀ ਉੱਤੇ ਫੁਲਕਾਰੀ ਤਾਣ ਕੇ ਉਸ ਨੂੰ ਬੰਨ ਲਾਇਆ ਜਾਂਦਾ ਸੀ ਤਾਂ ਸੱਤ ਸੁਹਾਗਣਾਂ ਉਸ ਨੂੰ ਬੰਨ ਲਾਉਂਦੀਆਂ ਸਨ। ਲੜਕੀ ਨੂੰ ਬੰਨ ਲਾਉਣ ਵੇਲੇ ਫੁਲਕਾਰੀ ਤਾਣ ਕੇ ਲਿਆਉਂਦੀਆਂ ਅਤੇ ਨਾਲ ਹੀ ਗੀਤ ਗਾਉਂਦੀਆਂ;



ਬੀਬੀ ਹੋਈ ਬਟਣੇ ਦੀ ਤਿਆਰੀ  
ਨੀਂ ਲੈ ਵੱਲ ਬਟਣੇ ਦਾ।

***

ਕਾਂਸੀ ਕਟੋਰੇ ਬਟਣਾ ਪਾਇਆ  
ਮਨ ਵਿੱਚ ਕੀਤੇ ਚਾਅ  
ਨੀਂ ਲੈ ਵੱਲ ਬਟਣੇ ਦਾ।

ਬਟਣਾ ਮਲਣ ਵੇਲੇ ਵਿਆਂਦੜ ਨੂੰ ਪੂਰਬ ਵੱਲ ਮੂੰਹ ਕਰਕੇ ਪਟੜੇ ’ਤੇ ਬਿਠਾ ਕੇ ਬੰਨ ਲਾਇਆ ਜਾਂਦਾ। ਪੂਰਬ ਵੱਲ ਮੂੰਹ ਕਰਨ ਦਾ ਭਾਵ ਸੂਰਜ ਦੇ ਚੜ੍ਹਨ ਵਾਲੇ ਪਾਸੇ ਨੂੰ ਚੰਗਾ ਸਮਝਣਾ ਹੈ। ਅੱਜਕੱਲ੍ਹ ਵੀ ਕੁਝ ਘਰਾਂ ਵਿੱਚ ਚੜ੍ਹਦੇ ਵਾਲੇ ਪਾਸੇ ਮੂੰਹ ਕਰਕੇ ਕੰਮ ਕੀਤੇ ਜਾਂਦੇ ਹਨ। ਨਵੇਂ ਕੱਪੜੇ ਪਾਉਣੇ, ਕਿਸੇ ਨੂੰ ਸ਼ਗਨ ਦੇਣਾ ਜਾਂ ਰੱਖੜੀ ਆਦਿ ਬੰਨ੍ਹਣ ਵੇਲੇ ਇਨ੍ਹਾਂ ਗੱਲਾਂ ਦਾ ਖ਼ਾਸ ਖ਼ਿਆਲ ਰੱਖਦੇ ਹਨ।

ਚੜ੍ਹਦੇ ਵਾਲੇ ਪਾਸੇ ਬਿਠਾ ਕੇ ਬੰਨ ਲਾਉਣ ਦਾ ਕੰਮ ਸ਼ੁਰੂ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਮਾਂ ਬੰਨ ਲਾਉਂਦੀ ਹੈ। ਜਦੋਂ ਮਾਂ ਬੰਨ ਲਾਉਂਦੀ ਹੈ ਤਾਂ ਔਰਤਾਂ ਗੀਤ ਗਾਉਂਦੀਆਂ ਹਨ;

ਉਹ ਮੈਂ ਵਾਰੀ ਜੀ  
ਪਹਿਲਾਂ ਬੰਨਾ ਕੀਹਨੇ ਲਾਇਆ ?

ਇਸ ਗੀਤ ਨੂੰ ਦੁਹਰਾਉਣ ਤੋਂ ਬਾਅਦ ਫਿਰ ਦੂਜਾ ਗੀਤ ਸ਼ੁਰੂ ਹੁੰਦਾ;

ਓ ਮੈਂ ਵਾਰੀ ਜੀ  
ਪਹਿਲਾ ਬੰਨਾ ਮਾਂ ਨੇ ਲਾਇਆ।  
ਮਾਂ ਤਾਂ ਇਹਦੀ ਸਦਾ ਸੁਹਾਗਣ  
ਪਹਿਲਾ ਬੰਨਾ ਉਸ ਲਾਇਆ।

ਇਸ ਤੋਂ ਬਾਅਦ ਮੁੰਡੇ ਦੀ ਮਾਮੀ ਜਾਂ ਕੁੜੀ ਦੀ ਮਾਮੀ ਬੰਨਾ ਲਾਉਂਦੀ ਹੈ। ਇਸ ਤਰ੍ਹਾਂ ਬਾਕੀ ਸਾਰੀਆਂ ਚਾਚੀਆਂ, ਤਾਈਆਂ ਅਤੇ ਭਰਜਾਈਆਂ ਆਦਿ ਬੰਨ ਲਾਉਂਦੀਆਂ ਹਨ ਅਤੇ ਉਨ੍ਹਾਂ ਦੇ ਨਾਂ ਨਾਲ ਗੀਤ ਜੋੜ ਕੇ ਗਾਏ ਜਾਂਦੇ ਹਨ। ਇਹ ਸਿਲਸਿਲਾ ਕਾਫ਼ੀ ਚਿਰ ਚੱਲਦਾ ਹੈ ਜੋ ਵਿਹੜੇ ਦੀ ਰੌਣਕ ਬਣਦਾ ਹੈ। ਬੰਨ ਲਾਉਣ ਤੋਂ ਬਾਅਦ ਨਾਇਣ ਜਾਂ ਨਾਈ ਜਾਂ ਇਸ ਦੀ ਥਾਂ ’ਤੇ ਕੋਈ ਹੋਰ ਲਾਗੀ ਗਿਆ ਹੋਵੇ ਤਾਂ ਉਹ ਵੀ ਵਿਆਂਦੜ ਨੂੰ ਬੰਨ ਮਲਦਾ ਹੈ। ਬਟਣਾ ਮਲਣ ਵੇਲੇ ਇਹ ਗੀਤ ਗਾਇਆ ਜਾਂਦਾ ਹੈ;

ਬੋ ਬੋ, ਜਿੰਦ ਨੀਂ  
ਬਟਣਾ ਕਟੋਰੇ ਦਾ।  
ਮੈਂ ਵਾਰੀ ਜਿੰਦ ਨੀਂ  
ਬਟਣਾ ਕਟੋਰੇ ਦਾ।

ਸਮੇਂ ਦੇ ਬਦਲਣ ਨਾਲ ਇਹ ਰਸਮਾਂ ਹੁਣ ਇੱਕ ਜਾਂ ਦੋ ਦਿਨ ਪਹਿਲਾਂ ਹੀ ਕਰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਉਸ ਦਿਨ ਲੜਕੀ ਅਤੇ ਲੜਕੇ ਦੇ ਤਿਆਰ ਹੋਣ ਲਈ ਹੋਰ ਰੁਝੇਵੇਂ ਹੁੰਦੇ ਹਨ, ਪ੍ਰੰਤੂ ਪਹਿਲਾਂ ਇਹ ਤਿਆਰੀ ਹੀ ਸਭ ਤੋਂ ਵਧੀਆ ਮੰਨੀਂ ਜਾਂਦੀ ਸੀ ਅਤੇ ਉਸ ਤੋਂ ਬਾਅਦ ਨ੍ਹਾਈ ਧੋਈ ਕਰਕੇ ਕੱਪੜੇ ਪੁਆ ਦਿੰਦੇ ਸਨ।



# ਜੁੱਗ-ਜੁੱਗ ਜਿਊਣ ਵੱਡੀਆਂ ਭਰਜਾਈਆਂ





ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਵਿੱਚ ਖ਼ੂਨ ਦੇ ਰਿਸ਼ਤਿਆਂ ਤੋਂ ਇਲਾਵਾ ਹੋਰ ਰਿਸ਼ਤਿਆਂ ਵਿੱਚ ਨਣਾਨ ਭਰਜਾਈ ਦਾ ਰਿਸ਼ਤਾ ਖਾਸ ਅਹਿਮੀਅਤ ਰੱਖਦਾ ਹੈ। ਚਾਹੇ ਕਿ ਸਾਡੇ ਲੋਕ ਗੀਤਾਂ ਵਿੱਚ ਇਸ ਰਿਸ਼ਤੇ ਦੀ ਆਪਸੀ ਕੁੜੱਤਣ ਦੀਆਂ ਗੱਲਾਂ ਵੀ ਸੁਣਨ ਨੂੰ ਮਿਲਦੀਆਂ ਹਨ ਜਿਵੇਂ ਕਹਿੰਦੇ ਨੇ, ਨੀ ਨਣਾਨੇ ਬੇਈਮਾਨੇ ਅੱਖਾਂ ਫੇਰ ਗਈ ਰਕਾਨੇ, ਐਸੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ, ਅੱਜ ਤੂੰ ਮੈਨੂੰ ਮਾਰ ਪਵਾਈ ਨਣਦੇ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਦੋਨਾਂ ਦੇ ਮੋਹ ਦੀਆਂ ਤੰਦਾਂ ਇੱਕ ਹੀ ਇਨਸਾਨ ਨਾਲ ਜੁੜੀਆਂ ਹੁੰਦੀਆਂ ਹਨ ਤੇ ਉਹ ਹੈ ਭੈਣ ਦਾ ਵੀਰ ਤੇ ਭਰਜਾਈ ਦਾ ਪਤੀ। ਜੇਕਰ ਵੀਰ ਨੇ ਭੈਣ ਨਾਲ ਬਚਪਨ ਬਿਤਾਇਆ ਹੈ ਤੇ ਨਿੱਕੀ-ਨਿੱਕੀ ਚੀਜ਼ ਨੂੰ ਵੰਡਦੇ ਉਹ ਵੱਡੇ ਹੋਏ ਹਨ ਤਾਂ ਭਰਜਾਈ ਵੀ ਆਪਣਾ ਪੇਕਾ ਪਰਿਵਾਰ ਛੱਡ ਕੇ ਇਸ ਘਰ ਦਾ ਅਤੇ ਵੀਰ ਦੀ ਜ਼ਿੰਦਗੀ ਦਾ ਹਿੱਸਾ ਬਣਨ ਲਈ ਆਈ ਹੈ। ਪਿਆਰ ਤਾਂ ਵੰਡਿਆ ਹੀ ਜਾਣਾ ਹੈ। ਜਦੋਂ ਇਸ ਗੱਲ ਨੂੰ ਦੋਨੋਂ ਖੁੱਲ੍ਹੇ ਦਿਲ ਨਾਲ ਸਮਝ ਅਤੇ ਸਵੀਕਾਰ ਕਰ ਲੈਂਦੀਆਂ ਹਨ ਤਾਂ ਨਣਾਨ ਭਰਜਾਈ ਦਾ ਇੱਕ ਸੁਨੱਖਾ ਰਿਸ਼ਤਾ ਹੋਂਦ ਵਿੱਚ ਆਉਂਦਾ ਹੈ। ਉਨ੍ਹਾਂ ਦਾ ਆਪਸੀ ਪਿਆਰ ਘਰ ਦੀ ਮਜ਼ਬੂਤ ਬੁਨਿਆਦ ਬਣ ਜਾਂਦਾ ਹੈ। ਆਮ ਤੌਰ ’ਤੇ ਬਹੁਤੇ ਘਰਾਂ ਵਿੱਚ ਆਪਸੀ ਮਨ-ਮੁਟਾਵ ਦਾ ਕਾਰਨ ਹੀ ਇਹ ਹੈ ਕਿ ਦੋਨੋਂ ਹੀ ਰਿਸ਼ਤਿਆਂ ਦਾ ਨਿੱਘ ਮਾਣਨ ਦੀ ਬਜਾਇ ਹੱਕ ਜਿਤਾਉਣ ਦੀ ਦੌੜ ਵਿੱਚ ਲੱਗ ਜਾਂਦੀਆਂ ਹਨ। ਫੇਰ ਕੋਈ ਭਰਜਾਈ ਨੂੰ ਭੈੜੀ ਦੱਸਦਾ ਹੈ ਤੇ ਕੋਈ ਨਣਾਨ ਨੂੰ। ਉਨ੍ਹਾਂ ਦੀ ਆਪਸੀ ਖਿੱਚੋਤਾਣ ਵਿੱਚ ਭੈਣ-ਭਰਾ ਦਾ ਰਿਸ਼ਤਾ ਵੀ ਰਸਮੀ ਹੋ ਕੇ ਰਹਿ ਜਾਂਦਾ ਹੈ। ਜੇਕਰ ਨਣਾਨ-ਭਰਜਾਈ ਵਿੱਚ ਆਪਸੀ ਪਿਆਰ ਹੈ, ਸਾਂਝ ਹੈ ਤੇ ਆਪਣਾਪਣ ਹੈ ਤਾਂ ਇਸ ਤੋਂ ਪਿਆਰਾ ਰਿਸ਼ਤਾ ਹੋਰ ਕੋਈ ਹੋ ਹੀ ਨਹੀਂ ਸਕਦਾ। ਕਿਉਂਕਿ ਵੀਰ ਦੇ ਵਿਆਹ ਦਾ ਸਭ ਤੋਂ ਵੱਧ ਚਾਅ ਭੈਣ ਨੂੰ ਹੀ ਹੁੰਦਾ ਹੈ। ਭਾਬੀ ਦੇ ਆਉਣ ਨਾਲ ਘਰ ਭਰ ਜਾਂਦਾ ਹੈ। ਘਰ ਵਿੱਚ ਰੌਣਕ ਹੋ ਜਾਂਦੀ ਹੈ। ਭਾਬੀ ਨਾਲ ਸਹੇਲੀਆਂ ਵਾਲ਼ੀ ਸਾਂਝ ਬਣ ਜਾਂਦੀ ਹੈ ਤੇ ਅਤੇ ਹਮਉਮਰ ਹੋਣ ਕਾਰਨ ਆਪਸ ਵਿੱਚ ਬਣਦੀ ਵੀ ਬਹੁਤ ਹੈ। ਭਾਬੀ ਦੇ ਘਰ ਆਉਣ ਦੇ ਚਾਅ ਦਾ ਪਤਾ ਇਸ ਗੀਤ ਤੋਂ ਵੀ ਲੱਗਦਾ ਹੈ:

ਨਵੀਂ ਬਹੂ ਮੁਕਲਾਵੇ ਆਈ, ਸੱਸ ਧਰਤੀ ਪੈਰ ਨਾ ਲਾਵੇ,  
ਲੈ ਨੀ ਨੂੰਹੇਂ ਰੋਟੀ ਖਾ ਲੈ, ਨੂੰਹ ਰੋਟੀ ਨਾ ਖਾਵੇ,  
ਮੂੰਹ ਵਿੱਚ ਭਾਬੀ ਦੇ, ਨਣਦ ਬੁਰਕੀਆਂ ਪਾਵੇ।

ਨਣਾਨ ਆਪਣੇ ਦਿਲ ਦੇ ਰਾਜ਼ ਬਿਨਾਂ ਝਿਜਕ ਉਸ ਨਾਲ ਸਾਂਝੇ ਕਰ ਸਕਦੀ ਹੈ, ਕਿਉਂਕਿ ਵੱਡੀ ਭਰਜਾਈ ਚੰਗੀ ਸਲਾਹਕਾਰ ਵੀ ਹੁੰਦੀ ਹੈ। ਕਦੇ-ਕਦੇ ਮਿੱਠੀ-ਮਿੱਠੀ ਝਿੜਕ ਵੀ ਦੇ ਦਿੰਦੀ ਹੈ। ਉਸਦਾ ਘਰ ਵਿੱਚ ਵਿਚਰਨ ਦਾ ਸਲੀਕਾ ਤੇ ਤਰੀਕਾ ਇੱਕ ਉਦਾਹਰਨ ਬਣ ਕੇ ਸਿਖਾਉਂਦਾ ਹੈ। ਭਰਜਾਈ ਨੂੰ ਨਣਾਨ ਮੋਰਨੀ ਅਤੇ ਨਣਾਨ ਨੂੰ ਭਰਜਾਈ ਚੰਨ ਵਰਗੀ ਤਾਂ ਹੀ ਲੱਗ ਸਕਦੀ ਹੈ ਜੇਕਰ ਉਨ੍ਹਾਂ ਦੇ ਮਨਾਂ ਵਿੱਚ ਇੱਕ ਦੂਸਰੇ ਪ੍ਰਤੀ ਸੱਚਾ ਮਾਣ ਸਤਿਕਾਰ ਹੈ। ਭਾਬੀਆਂ ਨਾਲ ਹੀ ਪੇਕਾ ਘਰ, ਘਰ ਹੁੰਦਾ ਹੈ।

ਕਿਸੇ ਨੇ ਜੋ ਇਹ ਬੋਲ ਲਿਖੇ ਹਨ ਕਿ ਜੱਗ ਜਿਉਣ ਵੱਡੀਆਂ ਭਰਜਾਈਆਂ ਪਾਣੀ ਮੰਗੇ ਦੁੱਧ ਦਿੰਦੀਆਂ - ਬਿਲਕੁਲ ਦਰੁਸਤ ਹਨ।

ਪੁਨੀਤ ਭਾਟੀਆ

# ਡਾਗਾਂ ਦੇ ਗਜ਼

ਅਵਤਾਰ ਐਸ.ਸੰਘਾ



ਗੱਲ ਟੈਲੀਫੋਨ 'ਤੇ ਹੀ ਹੋਈ। ਮੇਰਾ ਇੱਕ ਦੋਸਤ ਜੱਸ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿੱਚ ਰਹਿੰਦਾ ਹੈ। ਇੱਕ ਦਿਨ ਗੱਲ ਕਰਦੇ ਕਰਦੇ ਵਿਸ਼ਾ ਡੀਪੋਰਟੇਸ਼ਨ ਦਾ ਚੱਲ ਪਿਆ। ਕਹਿੰਦਾ, "ਸਾਡੇ ਮੁੰਡੇ ਅਮਰੀਕਾ ਆ ਕੇ ਸਿਖਲਾਈ ਘੱਟ ਲੈਂਦੇ ਹਨ, ਕਮਾਈ ਕਰਨ ਵੱਲ ਵੱਧ ਦੌੜ ਲਗਾ ਦਿੰਦੇ ਹਨ। ਪਿੱਛੇ ਪੰਜਾਬ ਵਿੱਚ ਇੰਨਾ ਵੱਡਾ ਖ਼ਰਚਾ ਕਰਕੇ ਅਮਰੀਕਾ ਵਿੱਚ ਪਹੁੰਚੇ ਹੁੰਦੇ ਹਨ ਕਿ ਵਾਲ ਵਾਲ ਕਰਜ਼ੇ ਵਿੱਚ ਜਕੜਿਆ ਹੁੰਦਾ ਏ। ਇੱਥੇ ਆ ਕੇ ਵਿੰਗੇ ਟੇਢੇ ਰਸਤੇ ਅਖ਼ਤਿਆਰ ਕਰਕੇ ਟਰੱਕਾਂ ਦੇ ਲਾਇਸੈਂਸ ਲੈ ਕੇ ਵੱਡੀਆਂ ਵੱਡੀਆਂ ਸ਼ਿਫਟਾਂ ਲਗਾਉਣ ਲੱਗ ਪੈਂਦੇ ਹਨ। ਇਹ ਦੇਸ਼ ਇੰਨੇ ਜ਼ਿਆਦਾ ਵਿਕਸਤ ਤੇ ਵਿਸ਼ਾਲ ਹਨ ਕਿ ਅਰਧ ਵਿਕਸਤ ਦੇਸ਼ਾਂ ਤੋਂ ਆਏ ਹੋਏ ਜਵਾਨ ਮੁੰਡਿਆਂ ਨੂੰ ਵੀ ਪੂਰੀ ਸਿਖਲਾਈ ਪ੍ਰਾਪਤ ਕਰਨ ਨੂੰ ਸਮਾਂ ਲੱਗ ਜਾਂਦਾ ਹੈ। ਅੰਗਰੇਜ਼ੀ ਬੋਲੀ ਦੇ ਗਿਆਨ ਦੀ ਘਾਟ ਪੈਰ ਪੈਰ 'ਤੇ ਖਟਕਦੀ ਰਹਿੰਦੀ ਹੈ। ਭਾਸ਼ਾ ਦੇ ਗਿਆਨ ਦੀ ਘਾਟ ਤੋਂ ਇਲਾਵਾ ਇੱਥੋਂ ਦੀਆਂ ਉਪ ਬੋਲੀਆਂ ਤੇ ਆਮ ਬੋਲ ਚਾਲ ਦੀ ਭਾਸ਼ਾ ਵੀ ਬੜਾ ਵੱਡਾ ਮਸਲਾ ਹਨ।"

"ਮਿਸਾਲ ਦੇ ਤੌਰ 'ਤੇ?"

"ਜੱਸ, ਜਿਵੇਂ ਅਸੀਂ ਸ਼ਰਾਬ ਨੂੰ 'ਦਾਰੂ' ਵੀ ਕਹਿ ਦਿੰਦੇ ਹਾਂ, ਇਵੇਂ ਇਨ੍ਹਾਂ ਦੇਸ਼ਾਂ ਵਿੱਚ 'ਭੰਗ' ਨੂੰ 'ਗਰਾਸ' ਵੀ ਕਹਿ ਦਿੰਦੇ ਹਨ। ਇਵੇਂ ਨਵੇਂ ਆਏ ਪਰਵਾਸੀ ਨੂੰ 'ਫੌਬ' ਵੀ ਕਹਿ ਦਿੰਦੇ ਹਨ। ਆਦਿਵਾਸੀ ਨੂੰ 'ਅਬੋ' ਕਹਿ ਦਿੰਦੇ ਹਨ। 'ਟਾਇਲਟ' ਨੂੰ 'ਲੂ' ਕਹਿ ਦਿੰਦੇ ਹਨ। ਜੇ '143' ਲਿਖਦੇ ਹੋ ਤਾਂ ਇਸ ਦਾ ਮਤਲਬ 'ਆਈ ਲਵ ਯੂ' ਹੁੰਦਾ ਏ।"

"ਜੱਸ, ਸ਼ਬਦਾਂ ਦੇ ਉੱਪਰ ਵਾਲੇ ਰੂਪ ਤਾਂ ਮੈਂ ਸਮਝ ਗਿਆ ਹਾਂ। ਇਹ 'ਆਈ ਲਵ ਯੂ' 143 ਕਿਵੇਂ ਹੋਇਆ?"

"'ਆਈ' ਇੱਕ ਸ਼ਬਦ ਜਾਂ ਅੱਖਰ ਏ, 'ਲਵ' ਚਾਰ ਅੱਖਰ ਹਨ, 'ਯੂ' ਤਿੰਨ ਅੱਖਰ ਹਨ। ਗੋਰਿਆਂ ਨੇ ਇਸ ਦਾ ਛੋਟਾ ਰੂਪ ਬਣਾ ਲਿਆ।"

ਗੋਰੇ ਸੌ ਡਾਲਰ ਦੇ ਕਰੰਸੀ ਨੋਟ ਨੂੰ 'ਵਾਟਰ ਮੈਲਨ' ਸੱਦਦੇ ਹਨ ਤੇ ਪੰਜਾਹ ਡਾਲਰ ਦੇ ਨੂੰ 'ਪਾਈਨਐਪਲ' ਕਹਿੰਦੇ ਹਨ।"

ਉਹ ਕਿਉਂ?

ਸੌ ਦਾ ਨੋਟ ਗੂੜ੍ਹਾ ਹਰਾ ਹੁੰਦਾ ਹੈ। ਤਰਬੂਜ਼ ਵੀ ਗੂੜ੍ਹਾ ਹਰਾ ਹੁੰਦਾ ਏ। ਪੰਜਾਹ ਦਾ ਨੋਟ ਪੀਲਾ ਹੁੰਦਾ ਏ। ਪਾਈਨਐਪਲ ਦਾ ਫਲ ਵੀ ਪੀਲਾ ਹੁੰਦਾ ਏ।"

"ਅਜੀਬ ਵਰਤਾਰਾ ਏ, ਜੱਸ। ਇਸ ਤਰ੍ਹਾਂ ਤਾਂ ਨਵੇਂ ਪਰਵਾਸੀ ਲਈ ਅੰਤਾਂ ਦੇ ਸ਼ਬਦ ਭੁਲੇਖਾ ਪਾ ਸਕਦੇ ਹਨ?"

"ਤੇਰੀ ਗੱਲ ਸਹੀ ਏ। ਨਵੇਂ ਆਏ ਪਰਵਾਸੀ ਇਸ ਨਵੇਂ ਢਾਂਚੇ ਦੇ ਹਾਣ ਦੇ ਬਹੁਤ ਹੌਲੀ ਹੌਲੀ ਹੁੰਦੇ ਹਨ। ਬੋਲਚਾਲ ਦੀ ਭਾਸ਼ਾ ਸਮਝਣੀ ਬੜੀ ਔਖੀ ਹੁੰਦੀ ਏ। ਕਈ ਵਾਰ ਬੰਦੇ ਨੂੰ ਚੁੱਪ ਰਹਿ ਕੇ ਕਿਸੇ ਗੱਲ ਦਾ ਅੰਦਾਜ਼ਾ ਲਗਾਉਣਾ ਹੁੰਦਾ ਏ। ਤੂੰ ਇੱਕ ਗੱਲ ਸੁਣ ਲੈ?"

"ਜੱਸ, ਉਹ ਕੀ?"

"ਜ਼ਿਆਦਾ ਪੜ੍ਹੇ ਲਿਖੇ ਪਰਵਾਸੀ ਅਕਸਰ ਚੁੱਪ ਰਹਿ ਕੇ ਕਈ ਅੰਦਾਜ਼ੇ ਲਗਾ ਕੇ ਵੱਧ ਕਾਮਯਾਬ ਹੁੰਦੇ ਰਹਿੰਦੇ ਹਨ। ਘੱਟ ਪੜ੍ਹੇ ਲਿਖੇ ਵੱਧ ਬੋਲ ਕੇ ਆਪਣਾ ਜਲੂਸ ਕਢਵਾਉਂਦੇਰਹਿੰਦੇ ਹਨ। ਕਈ ਵਾਰ ਗੋਰੇ ਉਨ੍ਹਾਂ ਮੂਹਰੇ ਮੱਥਾ ਮਾਰ ਕੇ ਆਪ ਹੀ ਚੁੱਪ ਹੋ ਜਾਂਦੇ ਹਨ। ਬਿਹਤਰ ਹੈ ਇਸ ਨਵੇਂ ਢਾਂਚੇ ਵਿੱਚ ਬੰਦਾ ਘੱਟ ਬੋਲੇ ਤੇ ਵੱਧ ਸੁਣੇ।"

"ਨਵੇਂ ਆਏ ਜਵਾਨ ਮੁੰਡਿਆਂ ਬਾਰੇ ਹੋਰ ਕੁਝ?"

"ਭਾਜੀ, ਪਿੱਛਿਓਂ ਅੰਤਾਂ ਦਾ ਕਰਜ਼ਾ ਸਿਰ 'ਤੇ ਚੜ੍ਹਾ ਕੇ ਇੱਥੇ ਪਹੁੰਚਦੇ ਹਨ। ਇਹ ਕਰਜ਼ਾ ਉਤਾਰਨ ਦਾ ਫਿਕਰ ਲੱਗਾ ਰਹਿੰਦਾ ਏ। ਹਫ਼ੜਾ ਦਫ਼ੜੀ ਵਿੱਚ ਐਸੀਆਂ ਕੁਤਾਹੀਆਂ ਕਰ ਦਿੰਦੇ ਹਨ ਕਿ ਇੱਥੋਂ ਦੇ ਵਸਨੀਕ ਗੋਰੇ ਇਨ੍ਹਾਂ ਤੋਂ ਭੈਅ ਖਾਣ ਲੱਗ ਜਾਂਦੇ ਹਨ।"

"ਜੱਸ, ਤੂੰ ਠੀਕ ਫਰਮਾਇਆ ਏ। ਫਲੋਰਿਡਾ ਤੇ ਕੈਲੀਫੋਰਨੀਆ ਵਿੱਚ ਦੋ ਕੁ ਘਟਨਾਵਾਂ ਅਜਿਹੀਆਂ ਹੋਈਆਂ ਹਨ ਜਿਨ੍ਹਾਂ ਨੇ ਗੋਰਿਆਂ ਨੂੰ ਹੈਰਾਨ ਕਰ ਦਿੱਤਾ ਤੇ ਹੋਰ ਪਰਵਾਸੀਆਂ ਵਾਸਤੇ ਰਾਹ ਬੰਦ ਕਰ ਦਿੱਤੇ ਹਨ। ਇਨ੍ਹਾਂ ਦੁਰਘਟਨਾਵਾਂ ਵਿੱਚ ਕਈ ਸ਼ਹਿਰੀ ਮਾਰੇ ਗਏ। ਹੁਣ ਇਨ੍ਹਾਂ ਅਰਧ ਸਿੱਖਿਅਤ ਟਰੱਕ ਡਰਾਈਵਰਾਂ ਦਾ ਕੀ ਬਣੂ? ਸੁਣਿਐ, ਕਾਨੂੰਨ ਹੋਰ ਸਖ਼ਤ ਹੋ ਰਹੇ ਹਨ। ਵਰਕ ਪਰਮਿਟ ਰੀਨਿਊ ਨਹੀਂ ਹੋਣਗੇ। ਨਵੇਂ ਲਾਇਸੈਂਸ ਮਿਲਣੇ ਬੰਦ ਹੋ ਜਾਣਗੇ।"

"ਸੁਣਨ ਵਿੱਚ ਤਾਂ ਇਵੇਂ ਹੀ ਆਇਆ ਏ। ਪੰਜਾਬੀ ਮੁੰਡਿਆਂ ਦੇ ਦੋ-ਤਿੰਨ ਮਸਲੇ ਹਨ। ਇੱਕ ਤਾਂ ਪਿੱਛਿਓਂ ਤੁਰਨ ਵੇਲੇ ਤੋਂ ਸਿਰ ਕਰਜ਼ਾ ਬਹੁਤ ਚੜ੍ਹਿਆ ਹੁੰਦਾ ਏ। ਭਾਰਤ ਵਿੱਚ ਟਰੈਵਲ ਏਜੰਟਾਂ ਨੇ ਇਨ੍ਹਾਂ ਦੇ ਸਿਰ ਆਪਣੇ ਹੱਥ ਰੰਗ ਲਏ ਹੁੰਦੇ ਹਨ। ਨੰਬਰ ਦੋ ਇਹ ਮੁੰਡੇ ਲੰਮਾ ਸਮਾਂ ਉਨੀਂਦਰੇ ਰਹਿੰਦੇ ਹਨ। ਤੀਜੀ ਗੱਲ ਇਹ ਕਿ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿੱਚ ਸੱਜੇ ਹੱਥ ਡਰਾਈਵਿੰਗ ਹੈ। ਭਾਰਤ ਜਿਹੇ ਦੇਸ਼ਾਂ ਵਿੱਚ ਇਹ ਖੱਬੇ ਹੱਥ ਗੱਡੀ ਚਲਾਉਣ ਦੇ ਆਦੀ ਹੁੰਦੇ ਹਨ। ਮਨੁੱਖ ਦੀ ਕਿਸੇ ਵੀ ਕੰਮ ਲਈ ਸੁਰਤੀ ਸਮਾਂ ਲਗਾ ਕੇ ਹੀ ਟਿਕਦੀ ਏ। ਘੱਟ ਉਮਰ ਵਿੱਚ ਇਹ ਸੁਰਤੀ ਜਲਦੀ ਜਲਦੀ ਬਦਲੀ ਜਾ ਸਕਦੀ ਹੈ। ਵਾਧੂ ਉਮਰ ਵਿੱਚ ਹੌਲੀ ਹੌਲੀ। ਗੱਲ ਇਹ ਹੈ ਕਿ ਅਮਰੀਕਾ ਦੀਆਂ ਸੜਕਾਂ ਦਾ ਸਿਸਟਮ ਵੱਡਾ ਤੇ ਵਿਸ਼ਾਲ ਹੈ। ਕਈ ਥਾਂ ਸੜਕਾਂ ਦੀਆਂ ਇੱਕ ਪਾਸੇ ਦੀਆਂ ਪੰਜ ਪੰਜ ਲੇਨਜ਼ ਵੀ ਹਨ। ਇਵੇਂ ਹੀ ਦੂਜੇ ਪਾਸੇ ਹਨ। ਤੁਸੀਂ ਸੋਚੋ ਦਸ ਲੇਨਜ਼ ਵਾਲਾ ਹਾਈਵੇਅ ਜਾਂ ਮੋਟਰਵੇਅ ਕਿੰਨਾ ਵਿਸ਼ਾਲ ਹੋਊ। ਇਸ ਵਿਸ਼ਾਲਤਾ ਨੂੰ ਦੇਖ ਕੇ ਬਾਹਰੋਂ ਗਿਆ ਮਨੁੱਖ ਇੱਕ ਵਾਰ ਤਾਂ ਡੈਂਬਰ ਜਾਂਦਾ ਹੈ। ਅਗਲੀ ਗੱਲ ਬਰਫ਼ ਪੈਣ ਦੀ ਏ। ਅਮਰੀਕਾ ਤੇ ਕੈਨੇਡਾ ਜਿਹੇ ਦੇਸ਼ਾਂ ਵਿੱਚ ਸਾਲ ਵਿੱਚ ਕੁਝ ਮਹੀਨੇ ਅਕਸਰ ਬਰਫ਼ ਵੀ ਪੈਂਦੀ ਹੈ। ਸੜਕਾਂ ਤਿਲ੍ਹਕਵੀਆਂ ਹੋ ਜਾਂਦੀਆਂ ਹਨ। ਪਰਵਾਸੀ ਮੁੰਡੇ ਉੱਤਰੀ ਭਾਰਤ 'ਚੋਂ ਗਏ ਹਨ। ਉੱਥੇ ਬਰਫ਼ ਪੈਂਦੀ ਹੀ ਨਹੀਂ। ਇਵੇਂ ਇਹ ਨਵੇਂ ਨਵੇਂ ਪਰਵਾਸੀ ਕਈ ਵਾਰ ਘਰੋਂ ਵੀ ਪਰੇਸ਼ਾਨ ਹੁੰਦੇ ਹਨ। ਕਈਆਂ ਦੇ ਵਿਆਹ ਟੁੱਟਦੇ ਟੁੱਟਦੇ ਚੱਲਦੇ ਹਨ। ਕਈਆਂ ਨੂੰ ਨਵੇਂ ਢਾਂਚੇ ਦੀ ਚਮਕ ਚਕਾਚੌਂਧ ਕਰ ਦਿੰਦੀ ਹੈ। ਕੁਝ ਕੁ ਨੂੰ ਕਿਸੇ ਨਸ਼ੇ ਦੀ ਲੱਤ ਵੀ ਲੱਗੀ ਹੁੰਦੀ ਏ। 'ਹੋਛੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫਰਿਆ' ਕਈਆਂ 'ਤੇ ਇਹ ਕਹਾਵਤ ਵੀ ਲਾਗੂ ਹੋ ਜਾਂਦੀ ਏ। ਕਈ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਦੇ ਹੀ ਲਾਚੜ ਵੀ ਜਾਂਦੇ ਹਨ। ਖਾਣ-ਪੀਣ ਦੀਆਂ ਡੰਘਾਂ ਵੀ ਲਾਉਂਦੇ ਹਨ ਤੇ ਦਿਹਾੜੀਆਂ ਲਗਾਉਣ ਦੇ ਰਿਕਾਰਡ ਵੀ ਤੋੜ ਦਿੰਦੇ ਹਨ।"

"ਜੱਸ, ਗੱਲਾਂ ਤੇਰੀਆਂ ਸਭ ਠੀਕ ਹਨ। ਸੱਚ, ਇੱਕ ਗੱਲ ਦੱਸੋ। ਤੁਹਾਡੇ ਪਿੰਡ ਵਾਲੇ ਸਰਬਦੀਪ ਦਾ ਕੀ ਹਾਲ ਏ?"

"ਸੱਬੇ ਦਾ ?"

"ਜੀ ਹਾਂ।"

"ਸੱਬਾ, ਪੱਕਾ ਨਹੀਂ ਹੋ ਸਕਦਾ। ਏਜੰਟ ਨੂੰ ਅੰਤਾਂ ਦੇ ਪੈਸੇ ਖਵਾ ਕੇ ਇੱਧਰ ਤੱਕ ਤਾਂ ਪਹੁੰਚਾ ਦਿੱਤਾ, ਪ੍ਰੰਤੂ ਉਸ ਦੇ ਵੀਜ਼ੇ ਵਿੱਚ ਦੋ ਕੁ ਐਸੀਆਂ ਖਾਮੀਆਂ ਹਨ ਕਿ ਉਸ ਨੂੰ ਚੰਦ ਮਹੀਨਿਆਂ ਵਿੱਚ ਵਾਪਸ ਪੰਜਾਬ ਆਉਣਾ ਪਊ।"

"ਸੁਣਿਐ, ਉਹ ਤਾਂ 50 ਲੱਖ ਰੁਪਏ ਲਗਾ ਕੇ ਇੱਧਰੋਂ ਗਿਆ ਸੀ। ਉਸ ਦੀ ਮਾਂ ਨੇ ਤਾਂ ਪੰਜ ਖੇਤ ਜ਼ਮੀਨ ਦੇ ਬੈਅ ਰੱਖੇ ਸਨ। ਤੈਨੂੰ ਪਤਾ, ਅੱਜਕੱਲ੍ਹ ਪੰਜਾਬ ਵਿੱਚ ਵਾਹੀ ਵਾਲੀ ਜ਼ਮੀਨ ਦਾ ਕੀ ਭਾਅ ਚੱਲ ਰਿਹਾ ਏ? ਗਾਹਕੀ ਬਹੁਤ ਘਟੀ ਹੋਈ ਏ। ਜਿਹੜਾ ਖੇਤ ਪਹਿਲਾਂ ਦੁਆਬੇ ਵਿੱਚ 30 ਲੱਖ ਦਾ ਸੀ, ਉਹ ਹੁਣ 11-12 ਲੱਖ ਦਾ ਵਿਕ ਰਿਹਾ ਏ। ਮੰਨਣਹਾਣੇ ਵਾਲੇ ਬਗੀਚਾ ਸਿਹੁੰ ਨੇ ਤਾਂ ਚਾਰ ਖੇਤ 12-12 ਲੱਖ ਦੇ ਵੇਚੇ ਹਨ। ਗੋਸਲਾਂ ਵਾਲੇ ਦੇਵਾ ਸਿਹੁੰ ਨੇ ਤਿੰਨ ਖੇਤ 11-11 ਲੱਖ ਦੇ ਬੈਅ ਕਰਵਾਏ ਹਨ। ਉਸ ਨੇ ਆਪਣਾ ਮੁੰਡਾ ਭੀਰਾ ਤੇਰੇ ਨੇੜੇ ਕੈਨੇਡਾ ਵਿੱਚ ਭੇਜਿਆ ਹੈ। ਖੈਰ ਇਹ ਮੁੰਡੇ, ਭੀਰਾ ਵੀ ਤੇ ਮੰਨਣਹਾਣੇ ਵਾਲਾ ਸੇਮੀ ਵੀ, ਆਈਲਟਸ ਪਾਸ ਲੜਕੀਆਂ ਨੂੰ ਖ਼ਰਚਾ ਦੇ ਕੇ ਉਨ੍ਹਾਂ ਨਾਲ ਵਿਆਹ ਦੇ ਆਧਾਰ 'ਤੇ ਆਏ ਸਨ।"

"ਕੀ ਵਿਆਹ ਪੱਕੇ ਹਨ?"

"ਸੁਣਿਐਂ ਤਾਂ ਇਵੇਂ ਹੀ ਹੈ। ਬਾਕੀ ਕਿਸੇ ਦੇ ਦਿਲ ਦਾ ਕੀ ਪਤਾ? ਅੱਜਕੱਲ੍ਹ ਪਤਾ ਲੱਗਦਾ? ਅੰਨ੍ਹਾ ਬੋਲ਼ੀ ਨੂੰ ਖਿੱਚੀ ਫਿਰਦਾ। ਸੱਬੇ ਦਾ ਕੰਮ ਅਲੱਗ ਹੀ ਏ।"

"ਉਹ ਕਿਵੇਂ?"

"ਉਹ ਸਿੱਧਾ ਏਜੰਟ ਨਾਲ ਗਿਟਮਿਟ ਕਰਕੇ ਚੜ੍ਹਿਆ ਸੀ। ਏਜੰਟ ਨੇ ਕਾਫ਼ੀ ਦੇਰ ਰਾਹ ਵਿੱਚ ਹੀ ਲਟਕਾਈ ਛੱਡਿਆ। ਹੋਰ ਪੈਸੇ ਮੰਗ ਲਏ। ਜਦ ਇਨ੍ਹਾਂ ਨੇ ਇੱਧਰ 10 ਲੱਖ ਹੋਰ ਦਿੱਤਾ ਤਾਂ ਅੱਗੇ ਦਾਖਲ ਹੋਣ ਦਿੱਤਾ। ਸਾਰਾ 50 ਲੱਖ ਲੱਗਾ।"

"ਸੱਬੇ ਹੋਰਾਂ ਕੋਲ ਹੁਣ ਹੋਰ ਜ਼ਮੀਨ ਕਿੰਨੀ ਕੁ ਬਚੀ ਏ?"

"ਤਕਰੀਬਨ ਦੋ ਕੁ ਖੇਤ ਬਚੇ ਹਨ।"

"ਬਸ?"

"ਜੀ ਹਾਂ।"

"ਸੁਣਿਐ, ਇਨ੍ਹਾਂ ਨੇ ਪਹਿਲਾਂ ਕਿਸੇ ਵੇਲੇ ਜ਼ਮੀਨ ਵਿੱਚ ਕੋਈ ਹੇਰਾ ਫੇਰੀ ਵੀ ਕੀਤੀ ਹੋਈ ਸੀ?"

"ਇਨ੍ਹਾਂ ਬੱਚਿਆਂ, ਸਰਬਦੀਪ ਤੇ ਪ੍ਰਭਦੀਪ ਨੇ ਹੇਰਾ ਫੇਰੀ ਨਹੀਂ ਕੀਤੀ ਸੀ। ਇਨ੍ਹਾਂ ਦੇ ਬਾਪ ਟਹਿਲ ਸਿੰਘ ਨੂੰ ਤਕਰੀਬਨ ਸੱਤ ਖੇਤ ਆਏ ਸਨ। ਆਉਣੇ ਤਾਂ ਉਸ ਨੂੰ ਸਵਾ ਕੁ ਦੋ ਖੇਤ ਸਨ, ਪਰ ਆ ਗਏ ਸੱਤ ਖੇਤ।"

"ਇਹ ਕੀ ਕਹਾਣੀ ਹੋਈ?"

"ਸਰਬਦੀਪ ਦੇ ਡੈਡੀ ਹੋਰੀਂ ਚਾਰ ਭਰਾ ਹਨ - ਮਹਿੰਗਾ, ਬਚਨਾ, ਰਤਨਾ ਤੇ ਟਹਿਲਾ। ਸੱਬੇ ਦਾ ਡੈਡੀ ਟਹਿਲਾ ਏ। ਸੱਬੇ ਦੇ ਬਾਬੇ ਰਲੇ ਦਾ ਇੱਕ ਭਰਾ ਹੁੰਦਾ ਸੀ ਤੇਲੂ। ਤੇਲੂ ਛੜਾ ਹੀ ਸੀ। ਸੱਬੇ ਦਾ ਡੈਡੀ ਟਹਿਲਾ ਜਵਾਨੀ ਵਿੱਚ ਹੀ ਕਿਸੇ ਬਿਮਾਰੀ ਨਾਲ ਮਰ ਗਿਆ ਸੀ। ਮਸਾਂ 28 ਕੁ ਸਾਲ ਦਾ ਹੀ ਪੂਰਾ ਹੋ ਗਿਆ ਸੀ। ਉਦੋਂ ਉਸ ਦੇ ਇਹ ਦੋ ਮੁੰਡੇ ਸੱਬਾ ਤੇ ਪ੍ਰਭ ਛੇ ਤੇ ਚਾਰ ਸਾਲ ਦੇ ਸਨ। ਇਨ੍ਹਾਂ ਦੀ ਮਾਂ ਇੰਦੀ ਦਾ ਤੇਲੂ ਨਾਲ ਰੌਲਾ ਪਿਆ ਰਹਿੰਦਾ ਸੀ। ਟਹਿਲੇ ਦੇ ਮਰਨ ਤੋਂ ਬਾਅਦ ਤੇਲੂ ਨੇ ਹੀ ਇਹ ਜਵਾਕ ਪਾਲੇ ਸਨ। ਇੰਦੀ ਭਰ ਜਵਾਨੀ ਵਿੱਚ ਵਿਧਵਾ ਹੋ ਗਈ ਸੀ। ਸੀ ਵੀ ਚੰਗੀ ਸੋਹਣੀ ਸੁਨੱਖੀ।"

"ਤੂੰ ਇੱਕ ਗੱਲ ਦੱਸ ਯਾਰ? ਰਲਾ ਵੱਡਾ ਸੀ ਜਾਂ ਤੇਲੂ?"

"ਰਲਾ ਵੱਡਾ ਸੀ। ਜੇ ਰਲਾ ਛੋਟਾ ਹੁੰਦਾ ਤਾਂ ਸ਼ਾਇਦ ਜ਼ਮੀਨ ਵੰਡ ਹੋਣ ਤੋਂ ਵੀ ਬਚ ਜਾਂਦੀ।"

"ਉਹ ਕਿਵੇਂ?"

"ਜਿੰਨਾ ਚਿਰ ਰਲਾ ਬੈਠਾ ਰਿਹਾ, ਓਨਾਂ ਚਿਰ ਇੰਦੀ ਤੇ ਤੇਲੂ ਨੂੰ ਮਹਿਸੂਸ ਹੁੰਦਾ ਰਿਹਾ ਸ਼ਾਇਦ ਰਲਾ ਉਨ੍ਹਾਂ ਨੂੰ ਉੱਧਰੋਂ ਚੌਥਾ ਹਿੱਸਾ ਨਾ ਦੇਵੇ। ਰਲਾ ਸੀ ਵੀ ਜ਼ਿੱਦੀ ਤੇ ਨਿਆਂ ਪਸੰਦ। ਤੇਲੂ ਖਚਰਾ ਸੀ। ਭਾਣਾ ਐਸਾ ਵਰਤਿਆ ਕਿ ਰਲਾ ਵੱਡਾ ਹੋਣ ਕਰਕੇ ਪਹਿਲਾਂ ਪੂਰਾ ਹੋ ਗਿਆ। ਭਰਾ ਦੇ ਮਰਨ ਦੇ ਸਾਰ ਹੀ ਤੇਲੂ ਨੇ ਮੁਰੱਬੇ ਵਿੱਚ ਲਕੀਰ ਪਵਾ ਦਿੱਤੀ। ਇੱਕ ਪਾਸੇ ਦਾ ਅੱਧਾ ਮੁਰੱਬਾ ਇਕੱਲਾ ਹੀ ਲੈ ਕੇ ਬੈਠ ਗਿਆ। 11 ਖੇਤਾਂ ਤੋਂ ਵੀ ਥੋੜ੍ਹਾ ਜਿਹਾ ਵੱਧ। ਸਵਾ ਕੁ ਦੋ ਖੇਤ ਇੰਦੀ ਨੂੰ ਰਲੇ ਵੱਲੋਂ ਆਉਣੇ ਹੀ ਸਨ ਕਿਉਂਕਿ ਉਹ ਚੌਥੇ ਹਿੱਸੇ ਦੀ ਮਾਲਕ ਸੀ। ਤੇਲੂ ਤੇ ਇੰਦੀ ਤਾਂ ਰਾਜਿਆਂ ਜਿਹਾ ਰੋਅਬ ਰੱਖਣ ਲੱਗ ਪਏ ਸਨ। ਉਹ ਤਾਂ ਚਾਮ੍ਹਲੇ ਫਿਰਦੇ ਹੁੰਦੇ ਸਨ। ਕੁੱਤੇ ਕੋਲ ਦੌਲਤ ਹੋ ਜਾਵੇ ਤਾਂ ਲੋਕ ਉਸ ਨੂੰ ਕੁੱਤਾ ਬਾਦਸ਼ਾਹ ਕਹਿਣ ਲੱਗ ਪੈਂਦੇ ਹਨ। ਇਸ ਪ੍ਰਕਾਰ ਇੰਦੀ ਅਤੇ ਦੋਹਾਂ ਬੱਚਿਆਂ ਨੂੰ ਤਕਰੀਬਨ 14 ਖੇਤ ਆ ਗਏ। ਅੱਗੋਂ ਸੱਬੇ ਤੇ ਪ੍ਰਭ ਨੂੰ ਸੱਤ ਸੱਤ ਖੇਤ ਆਏ। ਸੱਬੇ ਵਾਲੇ ਸੱਤਾਂ ਵਿੱਚੋਂ ਪੰਜ ਖੇਤ ਵੇਚ ਕੇ ਉਸ ਨੂੰ ਅਮਰੀਕਾ ਭੇਜ ਦਿੱਤਾ। ਹੁਣ ਇੰਦੀ ਕੋਲ ਦੋ ਖੇਤ ਹੀ ਸਨ। ਪ੍ਰਭ ਜੁਦਾ ਹੈ ਤੇ ਵਿਆਹਿਆ ਹੋਇਆ ਏ। ਬੁੱਢਾ ਤੇਲੂ ਅਜੇ ਵੀ 90 ਕੁ ਸਾਲ ਦਾ ਜਿਉਂਦਾ ਏ ਤੇ ਇੰਦੀ ਨਾਲ ਰਹੀ ਜਾ ਰਿਹਾ ਏ। ਸੱਬਾ ਮਸਾਂ 10 ਜਮਾਤਾਂ ਹੀ ਪਾਸ ਏ। ਮਾਂ ਦੇ ਖਹਿੜੇ ਹੀ ਰਹਿੰਦਾ ਸੀ ਕਿ ਬਾਹਰ ਹੀ ਜਾਣਾ ਏ। ਤੇਲੂ ਤੇ ਇੰਦੀ ਨੇ ਪੰਜ ਖੇਤ ਬੈਅ ਕਰਕੇ ਏਜੰਟ ਰਾਹੀਂ ਉਸ ਨੂੰ ਬਾਹਰ ਭੇਜ ਦਿੱਤਾ। 50 ਲੱਖ ਦੇ ਕਰੀਬ ਸੱਬੇ 'ਤੇ ਲੱਗ ਚੁੱਕਾ ਏ। ਹੋਰ ਅਜੇ ਲੱਗੀ ਜਾ ਰਿਹਾ ਏ। ਏਜੰਟ ਦੇ ਮਗਰ ਇੰਦੀ ਹੋਰੀਂ ਪਏ ਰਹਿੰਦੇ ਹਨ। ਏਜੰਟ ਇਨ੍ਹਾਂ ਦੇ ਮਗਰ ਪੈਸੇ ਬਟੋਰਨ ਲਈ ਪਿਆ ਰਹਿੰਦਾ ਏ। ਕਹੀ ਜਾਂਦਾ ਏ ਕਿ ਪੱਕਾ ਕਰਵਾ ਕੇ ਹੀ ਛੱਡੇਗਾ। ਬਾਕੀ ਤੂੰ ਦੇਖ ਲੈ ਕਿ ਪੱਕਾ ਹੋਊ ਕਿ ਨਹੀਂ।"

"ਸੱਬੇ ਦੀ ਮੌਜੂਦਾ ਹਾਲਤ ਕੀ ਏ? ਕੀ ਕੋਈ ਕੰਮ ਵੀ ਕਰਦਾ ਏ?"

"ਜੱਸ, ਟਰੱਕ ਦਾ ਲਾਇਸੈਂਸ ਪੈਸੇ ਖ਼ਰਚ ਕੇ ਲੈ ਲਿਆ ਸੀ। ਚਲਾਉਂਦੇ ਸਮੇਂ ਅਣਗਹਿਲੀ ਹੋ ਗਈ। ਵੱਡੇ ਇੰਟਰਸੈਕਸ਼ਨ 'ਤੇ ਸਟੇਰਿੰਗ ਐਸਾ ਘੁੰਮਿਆ ਕਿ ਟਰੱਕ ਲਾਈਟਾਂ ਵਿੱਚ ਵੱਜ ਕੇ ਦੋ ਰਾਹਗੀਰਾਂ ਨੂੰ ਦਰੜ ਗਿਐ। ਦੋ ਮੌਤਾਂ ਹੋ ਗਈਆਂ ਤੇ ਇੱਕ ਬੰਦਾ ਜ਼ਖ਼ਮੀ ਵੀ ਏ। ਇੱਕ ਵਾਰ ਪਹਿਲਾਂ ਓਵਰ ਲੋਡਿੰਗ ਵਿੱਚ ਜ਼ੁਰਮਾਨਾ ਖਾ ਚੁੱਕਾ ਸੀ। ਹੁਣ ਡੀ.ਯੂ.ਆਈ. ਨੋਟਿਸ ਮਿਲ ਗਿਆ। ਮੌਤ ਦੀ ਸਜ਼ਾ ਦਾ ਦੋਸ਼ ਲੱਗ ਗਿਆ।"

"ਆਪ ਬਚ ਗਿਐ?"

"ਆਪ ਤਾਂ ਬਚ ਗਿਐ, ਪਰ ਹੈ ਜੇਲ੍ਹ ਵਿੱਚ। ਪਤਾ ਲੱਗੂ ਸਰਕਾਰ ਕੀ ਕਰਦੀ ਏ। ਲੱਗਦਾ ਇੰਝ ਹੈ ਕਿ ਹੁਣ ਨਾ ਕੰਮ ਕਰਨ ਜੋਗਾ ਰਹੂ ਤੇ ਨਾ ਅਮਰੀਕਾ ਬੈਠਣ ਜੋਗਾ। ਟਰੰਪ ਸਰਕਾਰ ਅੰਤਾਂ ਦੀ ਸਖ਼ਤ ਏ। ਪੰਜਾਬ 'ਚੋਂ ਅਣਜਾਣ ਮੁੰਡੇ ਅਤਿ ਆਧੁਨਿਕ ਢਾਂਚੇ ਵਿੱਚ ਲਿਆ ਕੇ ਮੌਤ ਦੇ ਮੂੰਹ ਵਿੱਚ ਪਾਉਣੇ ਚਿੜੀਆਂ ਦੇ ਬੱਚੇ ਬਾਜ਼ਾਂ ਦੇ ਮੂੰਹ ਵਿੱਚ ਪਾਉਣ ਵਾਂਗ ਹੈ।"

"ਜਸ, ਇਹ ਤਾਂ ਫਿਰ ਇੰਝ ਹੋਇਆ, 'ਚੋਰੀ ਦਾ ਮਾਲ ਡਾਂਗਾਂ ਦੇ ਗਜ਼।'"

"ਉਹ ਕਿਵੇ?"

"ਸੱਬੇ ਦੀ ਮਾਂ ਨੇ ਵੀ ਤਾਂ ਦੂਜਿਆਂ (ਦਿਓਰਾਂ ਜੇਠਾਂ) ਦਾ ਹਿੱਸਾ ਹੜੱਪਿਆ ਹੀ ਸੀ। ਛੜਾ ਬੁੱਢਾ ਆਪਣੇ ਪਿੱਛੇ ਲਗਾ ਲਿਆ ਸੀ। ਕਹਿੰਦੇ ਹੁੰਦੇ, ਜੇ ਸ਼ੇਰਨੀ ਨੂੰ ਤ੍ਰਿਸ਼ਨਾ ਫੁੱਟ ਪਵੇ ਤਾਂ ਉਹ ਰਾਹ 'ਤੇ ਆ ਕੇ ਲਿਟਣ ਲੱਗ ਪੈਂਦੀ ਏ। ਅੱਧਾ ਮੁਰੱਬਾ ਆਪਣੇ ਮੁੰਡਿਆਂ ਦੇ ਨਾਂ ਕਰਵਾ ਲਿਆ। ਅੱਗੇ ਮੁੰਡੇ ਤੋਂ ਕੀ ਹੋ ਗਿਆ, ਇਹ ਤੁਹਾਡੇ ਸਾਹਮਣੇ ਹੀ ਏ। ਕਿਸੇ ਨੂੰ ਦੁਖਾਇਆ, ਕੀ ਫਲ ਪਾਇਆ!"

"ਜੋ ਕੁਝ ਸੱਬੇ ਦੀ ਮਾਂ ਨੇ ਕੀਤਾ, ਉਹੀ ਕੁਝ ਹੁਣ ਸੱਬੇ ਨੇ ਕਰ ਦਿੱਤਾ ਜਾਂ ਉਸ ਤੋਂ ਹੋ ਗਿਆ।"

"ਕੀ ਭਾਵ?"

"ਉਹ ਦੂਜਿਆਂ ਦਾ ਮਾਲ ਖਾ ਗਈ। ਹੁਣ ਇਹ ਦੂਜਿਆਂ ਦਾ ਰਾਹ ਬੰਦ ਕਰੂ। ਅਨਾੜੀ ਡਰਾਈਵਰਾਂ ਦੇ ਘਿਨੌਣੇ ਕਾਰਨਾਮੇ ਦੇਖ ਕੇ ਅਮਰੀਕਾ ਸਰਕਾਰ ਦਾ ਟਰਾਂਸਪੋਰਟ ਮਹਿਕਮਾ ਸੋਚਾਂ ਵਿੱਚ ਪੈ ਗਿਆ ਹੈ। ਗੱਡੀਆਂ ਰੋਕ ਰੋਕ ਕੇ ਡਰਾਈਵਰਾਂ ਦੀ ਅੰਗਰੇਜ਼ੀ ਬੋਲ ਚਾਲ ਤੇ ਅੰਗਰੇਜ਼ੀ ਦੇ ਸਮਝਣ ਦੇ ਟੈਸਟ ਲਏ ਜਾ ਰਹੇ ਹਨ। ਡਰਾਈਵਰਾਂ ਦੇ ਨਸ਼ੇਖੋਰੀ ਤੇ ਉਨੀਂਦਰੇਪਣ 'ਤੇ ਕੜੀ ਨਜ਼ਰ ਰੱਖੀ ਜਾ ਰਹੀ ਏ। ਨਵੇਂ ਡਰਾਈਵਰਾਂ ਨੂੰ ਲਾਇਸੈਂਸ ਦੇਣੇ ਬੰਦ ਕੀਤੇ ਜਾ ਰਹੇ ਹਨ।" "ਜੱਸ, ਤੁਹਾਡਾ ਬਹੁਤ ਬਹੁਤ ਧੰਨਵਾਦ। ਆਪਾਂ ਇੰਨੀਆਂ ਲੰਬੀਆਂ ਗੱਲਾਂ ਫੋਨ 'ਤੇ ਪਹਿਲਾਂ ਕਦੀ ਨਹੀਂ ਕੀਤੀਆਂ। ਚੰਗਾ ਫਿਰ, ਗੁੱਡ ਨਾਈਟ।"

"ਗੁੱਡ ਨਾਈਟ, ਵੀਰ ਜੀ।"

# ਅਨੋਖੀ ਦਰਿਆਦਿਲੀ

ਅਮਰਜੀਤ ਸਿੰਘ



ਫੈਕਟਰੀ ਵਿੱਚ ਕੰਮ ਕਰਦੇ ਭੋਲੇ ਨੂੰ ਅੱਜ ਮਹੀਨੇ ਦੇ ਆਖਰੀ ਦਿਨ ਪੰਜ ਹਜ਼ਾਰ ਰੁਪਏ ਤਨਖਾਹ ਮਿਲੀ ਸੀ। ਉਸ ਨੇ ਖੁਸ਼ੀ ਖੁਸ਼ੀ ਪੈਸੇ ਜੇਬ ਵਿੱਚ ਪਾਏ ਤੇ ਪਿੰਡ ਜਾਣ ਲਈ ਬੱਸ ਵਿੱਚ ਬੈਠ ਗਿਆ। ਆਖਰੀ ਗੇੜਾ ਹੋਣ ਕਰਕੇ ਬੱਸ ਪੂਰੀ ਭਰੀ ਹੋਈ ਸੀ।

ਕੰਡਕਟਰ ਟਿਕਟਾਂ ਕੱਟਦਾ ਕੱਟਦਾ ਜਦੋਂ ਭੋਲੇ ਕੋਲ ਪਹੁੰਚਿਆ ਤਾਂ ਭੋਲੇ ਨੇ ਟਿਕਟ ਲਈ ਪੈਸੇ ਕੱਢਣ ਵਾਸਤੇ ਜੇਬ ਵਿੱਚ ਹੱਥ ਮਾਰਿਆ। ਉਹ ਹੱਕਾ-ਬੱਕਾ ਰਹਿ ਗਿਆ, ਜੇਬ ਬਿਲਕੁਲ ਖਾਲੀ ਸੀ। ਉਸ ਨੇ ਆਪਣੀਆਂ ਸਾਰੀਆਂ ਜੇਬਾਂ ਫਰੋਲ ਮਾਰੀਆਂ, ਪਰ ਕੁਝ ਨਾ ਲੱਭਿਆ। ਨਿਰਾਸ਼ਾ ਤੇ ਉਦਾਸੀ ਨਾਲ ਭੋਲੇ ਨੇ ਕੰਡਕਟਰ ਨੂੰ ਕਿਹਾ, "ਵੀਰ ਜੀ ਮੇਰੇ ਸਾਰੇ ਪੈਸੇ ਚੋਰੀ ਹੋ ਗਏ ਹਨ ਮੇਰੇ ਕੋਲ ਕੋਈ ਪੈਸਾ ਨਹੀਂ ਬਚਿਆ, ਮਿਹਰਬਾਨੀ ਕਰਕੇ ਮੈਨੂੰ ਪਿੰਡ ਤੱਕ ਲੈ ਚੱਲੋ।"

ਕੰਡਕਟਰ ਉੱਚੀ ਆਵਾਜ਼ ਵਿੱਚ ਬੋਲਿਆ, "ਜੇ ਤੇਰੇ ਪੈਸੇ ਚੋਰੀ ਹੋ ਗਏ ਤਾਂ ਇਸ 'ਚ ਮੇਰਾ ਕੀ ਕਸੂਰ! ਚੁੱਪ ਕਰਕੇ ਪੰਜਾਹ ਰੁਪਏ ਕੱਢ ਨਹੀਂ ਬੱਸ 'ਚੋਂ ਥੱਲੇ ਉੱਤਰ ਜਾਹ।" ਭੋਲਾ ਕੰਡਕਟਰ ਦੀਆਂ ਮਿੰਨਤਾਂ ਕਰ ਰਿਹਾ ਸੀ ਪਰ ਕੰਡਕਟਰ ਲਗਾਤਾਰ ਉਸ ਨੂੰ ਝਿੜਕਦਾ ਹੋਇਆ ਬੱਸ 'ਚੋਂ ਉਤਰ ਜਾਣ ਲਈ ਕਹਿ ਰਿਹਾ ਸੀ। ਸਾਰੀਆਂ ਸਵਾਰੀਆਂ ਉਨ੍ਹਾਂ ਨੂੰ ਦੇਖ ਰਹੀਆਂ ਸਨ। ਜਦੋਂ ਕੰਡਕਟਰ ਨੇ ਬੱਸ ਰੁਕਵਾਉਣ ਲਈ ਸੀਟੀ ਮਾਰੀ ਤਾਂ ਬੱਸ ਵਿੱਚੋਂ ਇੱਕ ਸ਼ਖ਼ਸ ਉੱਠਿਆ ਤੇ ਕੰਡਕਟਰ ਨੂੰ ਕਹਿਣ ਲੱਗਾ, "ਯਾਰ ਤੂੰ ਕਿੰਨਾ ਨਿਰਦਈ ਬੰਦਾ ਹੈ। ਇੱਕ ਤਾਂ ਉਸ ਦਾ ਇੰਨਾ ਵੱਡਾ ਨੁਕਸਾਨ ਹੋ ਗਿਆ, ਸਾਰੇ ਪੈਸੇ ਚੋਰੀ ਹੋ ਗਏ ਤੇ ਤੂੰ ਉਸ ਨੂੰ ਰਾਹ ਵਿੱਚ ਹੀ ਬੱਸ ਚੋਂ ਉਤਾਰ ਰਿਹੈਂ! ਭਲਾਈ ਦਾ ਕੋਈ ਜ਼ਮਾਨਾ ਹੀ ਨਹੀਂ ਰਿਹਾ ਯਾਰ, ਹੱਦ ਹੋ ਗਈ!"

ਉਸ ਸ਼ਖ਼ਸ ਨੇ ਜੇਬ ਵਿੱਚੋਂ ਪੰਜਾਹ ਰੁਪਏ ਕੱਢੇ ਤੇ ਕੰਡਕਟਰ ਨੂੰ ਫੜਾਉਂਦਿਆਂ ਕਿਹਾ, "ਆਹ ਚੱਕ ਪੰਜਾਹ ਰੁਪਏ ਤੇ ਉਸ ਦੀ ਟਿਕਟ ਕੱਟ।" ਇਸ ਸ਼ਖ਼ਸ ਦੀ ਦਰਿਆਦਿਲੀ ਨੂੰ ਦੇਖ ਕੇ ਬੱਸ ਵਿੱਚ ਬੈਠੀਆਂ ਸਵਾਰੀਆਂ ਬਹੁਤ ਪ੍ਰਭਾਵਿਤ ਹੋਈਆਂ ਤੇ ਉਨ੍ਹਾਂ ਤਾੜੀਆਂ ਮਾਰ ਕੇ ਉਸ ਨੂੰ ਦਾਦ ਵੀ ਦਿੱਤੀ। ਅਗਲੇ ਸਟਾਪ 'ਤੇ ਉਹ ਸ਼ਖ਼ਸ ਉਨੰਜਾ ਸੌ ਪੰਜਾਹ ਰੁਪਏ ਲੈ ਕੇ ਬੱਸ ਤੋਂ ਉੱਤਰ ਗਿਆ ਤੇ ਸਿੱਧਾ ਠੇਕੇ ਵੱਲ ਨੂੰ ਹੋ ਤੁਰਿਆ।

# ਕਾਵਿ ਸੰਸਾਰ

## ਉੱਡਦੇ ਉੱਡਦੇ ਬੱਦਲਾ

ਪਰਮਜੀਤ ਸਿੰਘ ਬਾਗੜੀਆ

ਉੱਡਦੇ ਉੱਡਦੇ ਬੱਦਲਾ ਖੜ੍ਹ ਜਾ
ਕਿੱਥੇ ਚੱਲਿਆਂ, ਏਥੇ ਈ ਵਰ੍ਹ ਜਾ
ਕਈ ਦਿਨਾਂ ਤੋਂ ਗਰਮੀ ਬੜੀ ਏ
ਧਰਤੀ ਵੀ ਤਾਂ ਪਈ ਸੜੀ ਏ
ਸਭ ਲਈ ਮੁਸ਼ਕਿਲ ਦੀ ਘੜੀ ਏ
ਤੂੰ ਵਰ੍ਹ ਕੇ ਸੌਖਿਆਂ ਕਰ ਜਾ
ਉੱਡਦੇ ਉੱਡਦੇ
ਕਿਸਾਨ ਵਿਚਾਰਾ ਕਰੇ ਉਡੀਕਾਂ
ਧਰਤੀ ਉੱਤੇ ਵਾਹੁੰਦਾ ਲੀਕਾਂ
ਉਂਗਲੀਂ ਗਿਣਦਾ ਰੋਜ਼ ਤਰੀਕਾਂ
ਹੁਣ ਤਾਂ ਰਹਿਮਤ ਕਰ ਜਾ
ਉੱਡਦੇ ਉੱਡਦੇ
ਪੌਦੇ, ਪੰਛੀ, ਪਸ਼ੂ ਵਿਚਾਰੇ
ਤਪਦੀ ਗਰਮੀ ਝੱਲਣ ਸਾਰੇ
ਫਿਰਦੇ ਪਏ ਨੇ ਮਾਰੇ ਮਾਰੇ
ਪਾ ਦੇ ਕਣੀਆਂ ਦਬਜੇ ਗਰਦਾ
ਉੱਡਦੇ ਉੱਡਦੇ
ਨਾ ਵਰ੍ਹਿਆ ਤਾਂ ਗੱਲ ਨਾ ਚੰਗੀ
ਲੋਕ ਤਾਂ ਬੈਠੇ ਮੰਨਤਾਂ ਮੰਗੀ
ਵੇਖਣੀ ਪੀਂਘ ਪਈ ਸਤਰੰਗੀ
ਸਾਡੀ ਰੀਝ ਤੂੰ ਪੂਰੀ ਕਰ ਜਾ
ਉੱਡਦੇ ਉੱਡਦੇ
ਜੇ ਨਾ ਬੱਦਲਾ ਵਰ੍ਹਿਆ ਹਾਲੇ
ਗਰਮੀ ਨੇ ਪਾ ਦੇਣੇ ਲਾਲੇ
ਸੁੱਕਦੇ ਸੋਮੇ ਪਾਣੀਆਂ ਵਾਲੇ
ਨੱਕੋ-ਨੱਕ ਤੂੰ ਭਰ ਜਾ
ਉੱਡਦੇ ਉੱਡਦੇ

## ਕਹਿਣੇ

ਪੰਪੋਸ਼ ਕਲਸੀ

ਕਹਿਣ ਵਾਲੇ ਕਹਿਣ ਆਸ਼ਕ ਅਰ ਮਾਸ਼ੂਕ
ਰਹਿ ਸਕਣ ਦੁਇ ਹੁਇ ਕਿਨਾਰੇ ਇਸ਼ਕ
ਦੇ ਦਰਿਆਉ ਦੇ
ਗਰ ਇਹ ਪਾਣੀ ਇਸ਼ਕ ਦਾ ਵਹਿੰਦਾ
ਰਹੇ ਦੋਹੀਂ ਕਿਨਾਰੀਂ
ਪਾਕ-ਨਿਰਮਲ ਨਿਤਰਿਆ ਰਹਿ ਜ਼ਾਬਤੇ
ਵਿੱਚ ਹਰ ਸਮੇਂ
ਮੁਕਤ ਰਹਿ ਸੈਲਾਬ ਤੋਂ
ਅੱਲ੍ਹਾ ਅੱਲ੍ਹਾ ਖ਼ੈਰ ਸੱਲ੍ਹਾ
ਇਸ ਤੋਂ 'ਗਾਹਾਂ ਗਰ ਹੁਇ ਅੱਲ੍ਹਾ ਕਰਮ
ਹੁਇ ਸਕਣ ਯਕ-ਜਾਨ ਅਰੁ ਯਕ-ਜਿਸਮ
ਦੁਇ ਅੱਡਰੇ ਕਿਨਾਰੇ
ਲੱਖ ਟਕਿਆਂ ਦਾ ਸਵਾਲਾਂ ਦਾ ਸਵਾਲ
ਹਸ਼ਰ ਕੀ ਹੋਣਾ ਉਦੋਂ ਪਾਣੀ ਦਾ ਦੱਸਿਓ
ਕਹਿਣ ਵਾਲੇ ਕਹਿਣਿਓਂ
ਦੱਸਣਾ ਜ਼ਰੂਰੀ ਕਹਿਣ ਵਾਲੇ ਕਹਿਣਿਓਂ
ਦੱਸਣਾ ਜ਼ਰੂਰ।

## ਜ਼ਿੰਦਾ ਲਾਸ਼ਾਂ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਅਕਸਰ ਦਿਖਾਈ ਦਿੰਦੇ ਨੇ,
ਚਿਹਰੇ ਕੁੱਝ ਉਦਾਸ ਜਿਹੇ,
ਗੁਆਚੇ ਹੋਏ ਇਸ ਦੁਨੀਆ ਵਿੱਚ,
ਹਰ ਤਰਫੋਂ ਹੋਏ ਹਤਾਸ਼ ਜਿਹੇ।

ਚੱਲ ਰਹੇ ਨੇ ਇਸ ਤਰਾਂ,
ਜਿਵੇਂ ਕੋਈ ਵੀ ਮੰਜ਼ਿਲ ਨਾ ਹੋਵੇ,
ਦਿਸ਼ਾ ਹੀਣ ਅਣਜਾਣੇ ਪਾਂਧੀ,
ਇੱਕ ਤੁਰਦੀ ਫਿਰਦੀ ਲਾਸ਼ ਜਿਹੇ।

ਨਜ਼ਰਾਂ ਨੇ ਸੱਧਰਾਂ ਤੋਂ ਖਾਲੀ,
ਜੇਬਾਂ ਨੇ ਛੇਕਾਂ ਦੀਆਂ ਭਰੀਆਂ,
ਲੜਖੜਾਂਦੀਆਂ ਲੱਤਾਂ ਕਮਜ਼ੋਰ,
ਹੱਥ ਮਲਦੇ ਪਸ਼ਚਾਤਾਪ ਜਿਹੇ।

ਪਿਆਰ ਦੀ ਬਾਜ਼ੀ ਹਾਰੇ ਹੋਏ,
ਆਪਣਿਆਂ ਤੋਂ ਦੁਰਕਾਰੇ ਹੋਏ,
ਗਹਿਮਾ ਗਹਿਮੀ ਦੁਨੀਆ ਵਿੱਚ,
ਸੁੰਨਸਾਨ ਉੱਜੜੇ ਜੰਗਲਾਤ ਜਿਹੇ।

ਤਲਬ ਹੈ ਜ਼ਿੰਦਗੀ ਲੱਭਣ ਦੀ,
ਕਿਸੇ ਪਾਸੇ, ਕੰਢੇ ਲੱਗਣ ਦੀ,
ਸੁੱਕਦੇ ਭਰ ਦਰਿਆਵਾਂ ਵਿੱਚ,
ਤਿਣਕੇ ਦੀ ਤਲਾਸ਼ ਜਿਹੇ।

ਖਲਾਅ ਵਿੱਚ ਨਜ਼ਰ ਟਿਕੀ ਹੋਈ,
ਜ਼ਮੀਰ ਮੂਲੋਂ ਹੀ ਮਰੀ ਹੋਈ,
ਬੇਰੋਕ ਹੀ ਕੋਸੇ ਹੰਝੂਆਂ ਦੀ,
ਬੇ ਮੌਸਮੀ ਬਰਸਾਤ ਜਿਹੇ।

ਸੁੰਨੀਆਂ ਥਾਵਾਂ ਦੇ ਵਾਸੀ,
ਸ਼ਿੰਗਾਰ ਨੇ ਕਈ ਚੌਰਾਹਿਆਂ ਦੇ,
ਕੋਝੀਆਂ ਨਜ਼ਰਾਂ ਤੋਂ ਬਚਦੇ,
ਤਰਸਦੀ ਹੋਈ ਮੁਲਾਕਾਤ ਜਿਹੇ।

ਧਰਤੀ 'ਤੇ ਨਰਕ ਹੰਢਾਉਂਦੇ ਹੋਏ,
ਹਵਾਈ ਮਹਿਲ ਬਣਾਉਂਦੇ ਹੋਏ,
ਦੜ ਵੱਟ ਜ਼ਮਾਨਾ ਕੱਟਦੇ ਹੋਏ,
ਭਲੇ ਦਿਨਾਂ ਦੀ ਆਸ ਜਿਹੇ।

ਅਕਸਰ ਦਿਖਾਈ ਦਿੰਦੇ ਨੇ,
ਚਿਹਰੇ ਕੁੱਝ ਉਦਾਸ ਜਿਹੇ,
ਗੁਆਚੇ ਹੋਏ ਇਸ ਦੁਨੀਆ ਵਿੱਚ,
ਹਰ ਤਰਫੋਂ ਹੋਏ ਹਤਾਸ਼ ਜਿਹੇ।

## ਛੱਲਾ

ਬਲਤੇਜ ਸੰਧੂ

ਵੇ ਛੱਲਿਆ ਅੱਜ ਕੱਲ੍ਹ ਕਿੱਥੇ ਕੱਤ ਹੁੰਦੀ ਏ ਪੂਣੀ
ਨਾ ਕੋਈ ਫੱਟੀਆਂ ਉੱਤੇ ਲਿਖਦਾ ਏਕਾ ਦੂਇਆ ਦੂਣੀ
ਨਾ ਪਿੱਪਲੀਂ ਪੀਘਾਂ ਰਹੀਆਂ ਨਾ ਕੋਈ ਤੁਰੇ ਕਹਾਣੀ
ਵਾਰੋ ਵਾਰੀ ਤੁਰ ਗਏ ਪਰਲੇ ਦੇਸ਼ ਵੇ ਹਾਣੀ॥
ਵੇ ਛੱਲਿਆ ਹਾਰਾਂ
ਕੈਸੀਆਂ ਮਾਰ ਗਏ ਵੇ ਸੱਜਣ ਮਾਰਾਂ
ਨਾ ਖੂਹ ਰਹੇ ਵੇ ਛੱਲਿਆ ਨਾ ਘੜਾ ਢਾਕ 'ਤੇ ਧਰੇ ਸੁਆਣੀ
ਨਾ ਵੇ ਨਾ ਛੇੜ ਨਾ ਕੋਈ ਚੰਦਰੀ ਛੱਲਿਆ ਪੀੜ ਪੁਰਾਣੀ
ਨਾ ਕੋਈ ਰਿਹਾ ਏਥੇ ਦੁੱਖਾਂ ਦਾ ਦਰਦੀ ਨਾ ਕੋਈ ਸੁਣੇ ਦਰਦ ਕਹਾਣੀ॥
ਵੇ ਛੱਲਿਆ ਕਰ ਨਾ ਮਰਜ਼ੀ
ਏਥੇ ਦੁਨੀਆ ਪਿਆਰ ਪੈਸੇ ਨੂੰ ਕਰਦੀ
ਸੁਣ ਵੇ ਛੱਲਿਆ ਇਹ ਦੁਨੀਆ ਬਣ ਗਈ ਖ਼ੁਦਗਰਜ਼ਾਂ ਦੀ ਮੰਡੀ
ਝੂਠੀ ਠਾਠ ਬਾਠ ਰਹਿ ਗਈ ਨਫ਼ਰਤਾਂ ਜਾਂਦੇ ਝੋਲ਼ੀਆਂ ਭਰ ਭਰ ਵੰਡੀ,
ਵੇ ਛੱਲਿਆ ਤੌਬਾ ਇਹ ਕਹਾਣੀ ਪਤਝੜ ਆਈ ਲੱਗਦੀ ਏਂ ਮਰਜਾਣੀ
ਲੋਕੀਂ ਮਤਲਬਖੋਰੇ ਵੇ ਸੰਧੂਆ ਪਾਈ ਬੈਠੇ ਪਾਣੀ ਵਿੱਚ ਮਧਾਣੀ
ਵੇ ਛੱਲਿਆ ਨਾ ਤੇਰੇ ਨਾ ਮੇਰੇ ਚਾਚੇ ਤਾਏ
ਏਥੇ ਸਾਥ ਵੀ ਛੱਡ ਜਾਂਦੇ ਨੇ ਕੁੱਖੋਂ ਜਾਏ ।

## ਆ ਜ਼ਿੰਦਗੀ ਦਾ ਜਸ਼ਨ ਮਨਾਈਏ

ਗੁਰਸ਼ਰਨ ਸਿੰਘ ਨਰੂਲਾ

ਜੀਵਨ ਧਾਰਾ ਵਹਿ ਵੀ ਰਹੀ ਏ
ਸਭਨਾਂ ਨੂੰ ਕਹਿ ਵੀ ਰਹੀ ਏ
ਵਾਂਗ ਲਹਿਰਾਂ ਦੇ
ਕਿਸੇ ਦੀ ਸੁਣੀਏ, ਆਪਣੀ ਸੁਣਾਈਏ,
ਆ ਜ਼ਿੰਦਗੀ ਦਾ
ਜੀਵਨ ਤਾਂ ਹੈ ਸੁੱਚਾ ਮੋਤੀ
ਕਰੀਏ ਨਾ ਆਪਣੀ ਨਜ਼ਰ ਹੀ ਖੋਟੀ
ਕੋਈ ਇਹਦੇ ਗਲ ਗਾਨੀ ਪਾਵੇ
ਕੋਈ ਇਹਨੂੰ ਜੂਏ 'ਚ ਲਾਵੇ
ਇਹਨੂੰ ਜੌਹਰੀ ਕੋਲ ਲਿਜਾਈਏ,
ਆ ਜ਼ਿੰਦਗੀ ਦਾ
ਜਾਂ ਫਿਰ ਜ਼ਿੰਦਗੀ ਮੋਤੀਆਂ ਦੀ ਮਾਲਾ
ਨੀਲਾ, ਪੀਲਾ ਕੋਈ ਮਣਕਾ ਕਾਲਾ
ਹਰ ਇੱਕ ਦਾ ਹੈ ਰੰਗ ਨਿਰਾਲਾ
ਵੇਖਣ ਸੋਚਣ ਸਮਝਣ ਵਾਲਾ
ਚਮਕ ਏਸ ਦੀ ਨਾ ਘਟਾਈਏ,
ਆ ਜ਼ਿੰਦਗੀ ਦਾ
ਮੁੱਢ ਤੋਂ ਆਉਂਦੀ ਘੋੜੀ ਚੜ੍ਹੀ ਏ
ਡੋਲੀ ਪੈ ਜਾਂ ਸਹੁਰੇ ਚਲੀ ਏ
ਕੋਈ ਰਾਂਝਾ ਕੋਈ ਹੀਰ ਬਣ ਜਾਈਏ,
ਆ ਜ਼ਿੰਦਗੀ ਦਾ
ਸ਼ਗਨਾਂ ਵਿੱਚ ਮਗਨ ਹੋ ਜਾਈਏ
ਡੱਕੀਏ ਵੈਣ ਤੇ ਸੁਹਲੇ ਗਾਈਏ
ਆ ਜ਼ਿੰਦਗੀ ਦਾ ਜਸ਼ਨ ਮਨਾਈਏ।



## ਦੋਹੇ

ਦਲਜੀਤ ਰਾਏ ਕਾਲੀਆ



ਜਾਗੋ ਧਰਤੀ ਪੁੱਤਰੋ, ਕੁਝ ਤਾਂ ਕਰੋ ਖ਼ਿਆਲ।
ਜਲ ਜੰਗਲ ਸਭ ਭਸਮ ਨੇ, ਕੀਤੇ ਮੰਦੜੇ ਹਾਲ।
ਵਾਤਾਵਰਨ ਪਲੀਤ ਹੈ, ਪੌਣਾਂ ਦੇ ਵਿੱਚ ਜ਼ਹਿਰ।
ਕਿਧਰੇ ਆਉਣ ਸੁਨਾਮੀਆਂ, ਕਿਧਰੇ ਸੋਕੇ ਕਹਿਰ।
ਜਲ ਜੰਗਲ ਸੰਭਾਲ਼ ਕੇ, ਕਰ ਜ਼ਰਖ਼ੇਜ਼ ਜ਼ਮੀਨ।
ਧਰਤੀ ਬਣੇ ਸੁਹਾਵਣੀ, ਮੌਸਮ ਬਣਨ ਹੁਸੀਨ।
ਨੰਗੀ ਧਰਤੀ ਹੋ ਗਈ, ਹਰ ਥਾਂ ਰੁੱਖ ਅਲੋਪ।
ਮੌਸਮ ਕੀ ਤੋਂ ਕੀ ਬਣੇ, ਕੁਦਰਤ ਕਰੇ ਕਰੋਪ।
ਰੰਗਲਾ ਕਿੱਥੇ ਰਹਿ ਗਿਆ, ਸਾਡਾ ਦੇਸ਼ ਪੰਜਾਬ।
ਨਾਲ ਸਮੇਂ ਦੇ ਵੀਰਨੋ, ਜ਼ਹਿਰੀ ਕਰਤੇ ਆਬ।
ਰੁੱਖਾਂ ਦੀ ਥਾਂ ਹਰ ਤਰਫ਼, ਸੜਕਾਂ ਦੇ ਨੇ ਜਾਲ਼।
ਕਿਵੇਂ ਟਰੈਫ਼ਿਕ ਨਾਲ ਹੀ, ਘੁੰਮੇ ਹਰ ਥਾਂ ਕਾਲ।
ਨਾ ਹੁਣ ਕੋਇਲ ਕੂਕਦੀ, ਨਾ ਹੀ ਬੋਲਣ ਮੋਰ।
ਕੰਨਾਂ ਨੂੰ ਬੋਲ਼ੇ ਕਰੇ, ਪੈਣ ਚੁਫ਼ੇਰੇ ਸ਼ੋਰ।
ਬਦਲੋ ਸਿਸਟਮ ਦੇਸ਼ ਦਾ, ਹੋਇਆ ਬੇਤਰਤੀਬ।
ਜਾਗੋ ਕਿਰਤੀ ਕਾਮਿਓ,ਅਪਣੇ ਘੜੋ ਨਸੀਬ।
ਪੈਸਾ ਮਾਈ ਬਾਪ ਹੈ, ਪੈਸੇ ਦੇ ਸਭ ਪੀਰ।
ਪੈਸੇ ਖ਼ਾਤਰ ਵੇਚਦੇ, ਹਰ ਥਾਂ ਲੋਕ ਜ਼ਮੀਰ।

## ਜੰਗ ਦੇ ਬੁਰੇ ਨਤੀਜੇ

ਹਰਪ੍ਰੀਤ ਪੱਤੋ

ਕਈ ਮੁਲਕਾਂ ਨੇ ਹੁਣ ਜੰਗ ਛੇੜੀ,
ਕਈ ਬੈਠੇ ਨੇ ਨਾਲ ਆਰਾਮ ਲੋਕੋ।
ਜਿਨ੍ਹਾਂ ਜੰਗ ਛੇੜੀ, ਉਹ ਉੱਜੜ ਚੱਲੇ,
ਹੋਈ ਜਾਂਦੇ ਨੇ ਬੜੇ ਬਦਨਾਮ ਲੋਕੋ।
ਸਦੀਆਂ ਤੱਕ ਨਾ ਘਾਟੇ ਹੋਣ ਪੂਰੇ,
ਬਹੁਤੇ ਹੋ ਜਾਂਦੇ ਨੇ ਗੁੰਮਨਾਮ ਲੋਕੋ।
ਔਰਤ, ਬੱਚੇ, ਬੁੱਢੇ ਦੁੱਖ ਝੱਲਦੇ,
ਜਵਾਨੀ ਹੋ ਜਾਂਦੀ ਹੈ ਗ਼ੁਲਾਮ ਲੋਕੋ।
ਭੁੱਖਮਰੀ, ਗ਼ਰੀਬੀ, ਕਈ ਚੀਜ਼ਾਂ,
ਨੱਚਦੀਆਂ ਫਿਰਦੀਆਂ ਸ਼ਰ੍ਹੇਆਮ ਲੋਕੋ।
ਮਿੰਟਾਂ ਵਿੱਚ ਨੇ ਮਹਿਲ ਢਹਿ ਜਾਂਦੇ ,
ਲੱਗੇ ਜਿਨ੍ਹਾਂ 'ਤੇ ਅਰਬਾਂ ਦਾਮ ਲੋਕੋ।
ਥਾਂ ਖ਼ੁਸ਼ੀਆਂ ਦੀ ਘਰ ਘਰ ਵੈਣ ਪੈਂਦੇ,
ਚਿੱਟੇ ਦਿਨ ਪੈ ਜਾਂਦੀ ਹੈ ਸ਼ਾਮ ਲੋਕੋ।
ਬਚੋ ! ਜੰਗ ਦੇ ਬੁਰੇ ਨਤੀਜਿਆਂ ਤੋਂ,
ਰੱਖੋ ਕਸ ਕੇ ਆਪਣੀ ਲਗਾਮ ਲੋਕੋ।
ਕਈ ਮੁਲਕ ਵਪਾਰ ਨੇ ਕਰੀ ਜਾਂਦੇ,
ਹੋਈ ਜਾਂਦੇ ਨੇ ਕਈ ਨਿਲਾਮ ਲੋਕੋ।
ਹਉਮੈਂ ਲੜਦੀ, ਮਰਨ ਬੇਦੋਸ਼ ਲੋਕੀਂ,
ਕਰਦੀ ਹੈ ਅੰਨ੍ਹਾ ਕਤਲੇਆਮ ਲੋਕੋ।



## ਬਹਿਸ਼ਤ

ਮਾਸਟਰ ਬਚਿੱਤਰ ਸਿੰਘ ਜਟਾਣਾ

ਧਰਤੀ ਬਹਿਸ਼ਤ ਬਣ ਜਾਵੇ,
ਜੇ ਹੱਦਾਂ-ਸਰਹੱਦਾਂ ਮਿਟ ਜਾਵਣ।
ਨਾ ਕਿਧਰੇ ਕੋਈ ਜੰਗ ਹੋਵੇ,
ਨਾ ਹਥਿਆਰਾਂ ਦੀ ਮੰਗ ਹੋਵੇ।
ਨਾ ਕੋਈ ਮਜ਼ਹਬ ਜਾਤ ਹੋਵੇ,
ਸਰਬੱਤ ਦੇ ਭਲੇ ਦੀ ਬਾਤ ਹੋਵੇ।
ਵਖਰੇਵੇਂ ਦੀ ਨਾ ਗੱਲ ਹੋਵੇ,
ਕਿਧਰੇ ਕੋਈ ਨਾ ਛਲ ਹੋਵੇ।
ਸਭ ਧਰਮਾਂ ਦਾ ਸਤਿਕਾਰ ਹੋਵੇ,
ਕੱਟੜਤਾ ਦਾ ਨਾ ਪ੍ਰਚਾਰ ਹੋਵੇ।
ਮਨੁੱਖਾਂ ਤੇ ਰੁੱਖਾਂ ਨਾਲ ਪਿਆਰ ਹੋਵੇ,
ਧਰਤ, ਪੌਣ, ਪਾਣੀ ਦਾ ਸਤਿਕਾਰ ਹੋਵੇ।
ਜੰਗਲਾਂ ਤੇ ਫੁੱਲਾਂ ਦੀ ਮਹਿਕ ਹੋਵੇ,
ਅੰਬਰੀਂ ਪੰਛੀਆਂ ਦੀ ਚਹਿਕ ਹੋਵੇ।
ਹਰ ਬੋਲੀ ਆਬਾਦ ਹੋਵੇ,
ਨਾ ਕੋਈ ਭੇਦ-ਭਾਵ ਹੋਵੇ।
ਸ਼ਾਂਤੀ ਦਾ ਪੈਗਾਮ ਅਸਲ ਹੋਵੇ,
ਸਭ ਦਾ ਸੋਹਣਾ ਵਸਲ ਹੋਵੇ।
ਕਾਸ਼ ! ਜਟਾਣੇ ਫ਼ਰਿਆਦ ਪੂਰੀ ਹੋ ਜਾਵੇ,
ਜੰਗਾਂ ਮਾਰੀ ਧਰਤੀ, ਬਹਿਸ਼ਤ ਹੋ ਜਾਵੇ।

# ਜਲਦੀ ਹੀ ਵੇਖਣ ਨੂੰ ਮਿਲੇਗਾ ਗ੍ਰੈਂਡ ਸਲੈਮ ਟੂਰਨਾਮੈਂਟ ਆਸਟ੍ਰੇਲੀਅਨ ਓਪਨ ਦਾ ਰੋਮਾਂਚ

## ਇਨਾਮੀ ਰਾਸ਼ੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 16 ਫ਼ੀਸਦੀ ਦਾ ਵਾਧਾ

ਸਿਡਨੀ/ਏ.ਟੀ.ਨਿਊਜ਼: ਇਸ ਸਾਲ ਦੇ ਪਹਿਲੇ ਗ੍ਰੈਂਡ ਸਲੈਮ ਟੂਰਨਾਮੈਂਟ ਆਸਟ੍ਰੇਲੀਅਨ ਓਪਨ ਦਾ ਰੋਮਾਂਚ ਹੁਣ ਜਲਦੀ ਹੀ ਸ਼ੁਰੂ ਹੋਣ ਵਾਲਾ ਹੈ। 18 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਇਸ ਵੱਕਾਰੀ ਟੂਰਨਾਮੈਂਟ ਤੋਂ ਪਹਿਲਾਂ ਖਿਡਾਰੀਆਂ ਵਿੱਚ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਪਿਛਲੇ ਦਿਨੀਂ ਇਨਾਮੀ ਰਾਸ਼ੀ ਦਾ ਐਲਾਨ ਕਰਦਿਆਂ ਦੱਸਿਆ ਕਿ ਇਸ ਵਾਰ ਇਨਾਮੀ ਰਾਸ਼ੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 16 ਫੀਸਦੀ ਦਾ ਵਾਧਾ ਕੀਤਾ ਗਿਆ ਹੈ।2026 ਆਸਟ੍ਰੇਲੀਅਨ ਓਪਨ ਲਈ ਕੁੱਲ ਇਨਾਮੀ ਰਾਸ਼ੀ 675 ਕਰੋੜ ਰੁਪਏ (111.5 ਮਿਲੀਅਨ ਆਸਟ੍ਰੇਲੀਅਨ




ਡਾਲਰ) ਤੈਅ ਕੀਤੀ ਗਈ ਹੈ। ਇਹ 2025 ਵਿੱਚ 584 ਕਰੋੜ (96.5 ਮਿਲੀਅਨ ਆਸਟ੍ਰੇਲੀਅਨ ਡਾਲਰ) ਦੀ ਇਨਾਮੀ ਰਾਸ਼ੀ ਤੋਂ 16 ਫੀਸਦੀ ਵੱਧ ਹੈ।

10 ਫੀਸਦੀ ਦੀ ਘੱਟੋ-ਘੱਟ ਵਧੀ ਹੋਈ ਇਨਾਮੀ ਰਾਸ਼ੀ ਮੁੱਖ ਡਰਾਅ ਦੇ ਸਾਰੇ ਸਿੰਗਲਜ਼ ਅਤੇ ਡਬਲਜ਼ ਖਿਡਾਰੀਆਂ ਨੂੰ ਮਿਲੇਗੀ। (2025 ਤੱਕ ਚੈਂਪੀਅਨ ਨੂੰ 17.5 ਕਰੋੜ ਰੁਪਏ ਮਿਲਦੇ ਸਨ)।

ਆਸਟ੍ਰੇਲੀਅਨ ਓਪਨ ਇਨਾਮੀ ਰਾਸ਼ੀ ਦਾ ਵੇਰਵਾ:

ਜੇਤੂ: 25.13 ਕਰੋੜ ਰੁਪਏ
ਉਪ-ਜੇਤੂ: 13.02 ਕਰੋੜ ਰੁਪਏ
ਸੈਮੀਫਾਈਨਲਿਸਟ: 7.57 ਕਰੋੜ ਰੁਪਏ



"2023 ਤੋਂ ਕੁਆਲੀਫਾਈਂਗ ਇਨਾਮੀ ਰਾਸ਼ੀ ਵਿੱਚ 55 ਫੀਸਦੀ ਦੇ ਵਾਧੇ ਤੋਂ ਲੈ ਕੇ ਖਿਡਾਰੀਆਂ ਦੇ ਲਾਭ ਵਧਾਉਣ ਤੱਕ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਪੇਸ਼ੇਵਰ ਟੈਨਿਸ ਸਾਰੇ ਪ੍ਰਤੀਯੋਗੀਆਂ ਲਈ ਟਿਕਾਊ ਹੋਵੇ। ਸਾਰੇ ਪੱਧਰਾਂ ਦੇ ਖਿਡਾਰੀਆਂ ਦਾ ਸਮਰਥਨ ਕਰਕੇ ਅਸੀਂ ਪ੍ਰਤਿਭਾ ਦਾ ਇੱਕ ਡੂੰਘਾ ਪੂਲ ਤਿਆਰ ਕਰ ਰਹੇ ਹਾਂ।"
**— ਕ੍ਰੇਗ ਟਾਈਲੀ, ਮੁੱਖ ਕਾਰਜਕਾਰੀ ਅਧਿਕਾਰੀ, ਟੈਨਿਸ ਆਸਟ੍ਰੇਲੀਆ**

# 2026 ਦੌਰਾਨ ਹੋਣਗੇ ਅਹਿਮ ਵਿਸ਼ਵ ਪੱਧਰੀ ਖੇਡ ਮੁਕਾਬਲੇ

**ਮਨਦੀਪ ਸਿੰਘ ਸੁਨਾਮ**




2026 ਚੜ੍ਹਨ ਦੇ ਨਾਲ ਹੀ ਜਿੱਥੇ ਦੁਨੀਆ ਦੀਆਂ ਹੋਰ ਵਿਵਸਥਾਵਾਂ ਨੇ ਆਪੋ ਆਪਣੇ ਏਜੰਡੇ ਤੈਅ ਕੀਤੇ ਹਨ ਉੱਥੇ ਹੀ ਸੰਸਾਰ ਅੰਦਰ ਹੋਣ ਵਾਲੇ ਖੇਡ ਮੁਕਾਬਲਿਆਂ ਲਈ ਜਿੱਥੇ ਵੱਖ-ਵੱਖ ਖੇਡ ਸੰਸਥਾਵਾਂ ਨੇ ਕਮਰ ਕੱਸ ਲਈ ਹੈ। ਇਸ ਦੇ ਨਾਲ ਹੀ ਦੁਨੀਆ ਭਰ ਦੇ ਖਿਡਾਰੀ ਜਿਹੜੇ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣਗੇ ਉਹਨਾਂ ਲਈ ਵੀ ਇਹ ਸਾਲ ਖ਼ਾਸ ਰਹਿਣ ਵਾਲਾ ਹੈ। ਆਉ ਇੱਕ ਪੰਛੀ ਝਾਤ ਪਾਉਂਦੇ ਹਾਂ ਦੁਨੀਆ ਭਰ ਵਿੱਚ ਹੋਣ ਵਾਲੇ ਇਹਨਾਂ ਵੱਖ-ਵੱਖ ਖੇਡ ਮੁਕਾਬਲਿਆਂ ਉੱਤੇ.......

**ਫੀਫਾ ਵਿਸ਼ਵ ਕੱਪ**

ਫੁੱਟਬਾਲ ਦੁਨੀਆ ਦੀ ਸਭ ਤੋਂ ਹਰਮਨ ਪਿਆਰੀ ਖੇਡ ਹੈ ਜਿਸ ਲਈ ਦੁਨੀਆ ਭਰ ਦੇ ਲੋਕ ਦੀਵਾਨੇ ਹਨ ਅਤੇ ਇਸ ਦਾ ਵਿਸ਼ਵ ਕੱਪ ਜਦੋਂ ਹੁੰਦਾ ਹੈ ਤਾਂ ਇਸ ਖੇਡ ਦਾ ਬੁਖਾਰ ਦੁਨੀਆ ਭਰ ਦੇ ਲੋਕਾਂ ਦੇ ਸਿਰ ਚੜ੍ਹ ਬੋਲਦਾ ਹੈ। ਫੀਫਾ ਯਾਨਿ ਕਿ 'ਫੈਡਰੇਸ਼ਨ ਇੰਟਰਨੈਸ਼ਨਲ ਫੁੱਟਬਾਲ ਐਸੋਸੀਏਸ਼ਨ' ਵੱਲੋਂ ਹਰ ਚਾਰ ਸਾਲ ਬਾਅਦ ਕਰਵਾਇਆ ਜਾਂਦਾ ਇਹ ਟੂਰਨਾਮੈਂਟ ਇਸ ਸਾਲ ਤਿੰਨ ਮੁਲਕਾਂ ਸੰਯੁਕਤ ਰਾਜ ਅਮਰੀਕਾ, ਮੈਕਸੀਕੋ ਅਤੇ ਕੈਨੇਡਾ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਜਾ ਰਿਹਾ ਹੈ। ਇਹ ਵਿਸ਼ਵ ਕੱਪ ਸੰਯੁਕਤ ਰਾਜ ਅਮਰੀਕਾ ਦੇ ਗਿਆਰਾਂ, ਮੈਕਸੀਕੋ ਦੇ ਤਿੰਨ ਅਤੇ ਕੈਨੇਡਾ ਦੇ ਦੋ ਸ਼ਹਿਰਾਂ ਵਿੱਚ ਇਸ ਸਾਲ 11 ਜੂਨ ਤੋਂ 19 ਜੁਲਾਈ ਤੱਕ ਖੇਡਿਆ ਜਾਵੇਗਾ। ਇਹ ਵਿਸ਼ਵ ਕੱਪ ਤਿੰਨ ਦੇਸ਼ਾਂ ਵੱਲੋਂ ਆਯੋਜਿਤ ਕੀਤਾ ਜਾਣ ਵਾਲਾ ਪਹਿਲਾ ਟੂਰਨਾਮੈਂਟ ਹੋਵੇਗਾ। ਇਸ ਵਾਰ ਇਸ ਆਲਮੀ ਕੱਪ ਵਿੱਚ ਦੁਨੀਆ ਭਰ ਤੋਂ 48 ਟੀਮਾਂ ਭਾਗ ਲੈਣਗੀਆਂ। ਗੌਰਤਲਬ ਹੈ ਕਿ 2022 ਵਿੱਚ ਹੋਏ ਵਿਸ਼ਵ ਕੱਪ ਵਿੱਚ ਅਰਜਨਟੀਨਾ ਨੇ ਇਹ ਖ਼ਿਤਾਬ ਜਿੱਤਿਆ ਸੀ।

**ਸਰਦੀਆਂ ਦੀਆਂ ਉਲੰਪਿਕਸ ਖੇਡਾਂ**

ਸਰਦ ਰੁੱਤ ਦੀਆਂ 25ਵੀਆਂ ਉਲੰਪਿਕਸ ਖੇਡਾਂ ਇਸ ਸਾਲ 6 ਤੋਂ 22 ਫਰਵਰੀ ਤੱਕ ਇਟਲੀ ਦੇ ਸ਼ਹਿਰਾਂ ਮਿਲਾਨ ਅਤੇ ਕੋਰਟੀਨਾ ਡੀ ਐਮਪੇਜ਼ੋ ਵਿਖੇ ਹੋਣਗੀਆਂ। ਇਹ ਇੱਕ ਅੰਤਰਰਾਸ਼ਟਰੀ ਬਹੁ-ਖੇਡ ਸਮਾਗਮ ਹੈ। ਇਹਨਾਂ ਖੇਡਾਂ ਵਿੱਚ 8 ਖੇਡਾਂ ਅੰਦਰ 116 ਈਵੈਂਟ ਕਰਵਾਏ ਜਾਣਗੇ ਅਤੇ ਦੁਨੀਆ ਭਰ ਤੋਂ ਤਕਰੀਬਨ 1790 ਖਿਡਾਰੀ ਇਹਨਾਂ ਖੇਡਾਂ ਵਿੱਚ ਸ਼ਿਰਕਤ ਕਰਨਗੇ। ਇਹ ਖੇਡਾਂ ਆਈ.ਓ.ਸੀ ਦੀ ਨਵੀਂ ਪ੍ਰਧਾਨ 'ਕਿਰਸਟੀ ਕੋਵੈਂਟਰੀ' ਦੀ ਪ੍ਰਧਾਨਗੀ ਵਿੱਚ ਪਹਿਲੀਆਂ ਉਲੰਪਿਕ ਖੇਡਾਂ ਹੋਣਗੀਆਂ।

**ਸਰਦੀਆਂ ਦੀਆਂ ਪੈਰਾਲੰਪਿਕਸ ਖੇਡਾਂ**

ਉਲੰਪਿਕ ਖੇਡਾਂ ਦੀ ਤਰਜ 'ਤੇ ਹੀ ਸਰਦੀਆਂ ਦੀਆਂ ਪੈਰਾਲੰਪਿਕਸ ਖੇਡਾਂ ਵੀ ਉੱਥੇ ਹੀ ਹੁੰਦੀਆਂ ਹਨ ਜਿੱਥੇ ਸਰਦੀਆਂ ਦੀਆਂ ਉਲੰਪਿਕਸ ਖੇਡਾਂ ਹੁੰਦੀਆਂ ਹਨ। ਇਸ ਸਾਲ 16ਵੀਆਂ ਸਰਦ ਰੁੱਤ ਦੀਆਂ ਪੈਰਾਲੰਪਿਕਸ ਵੀ ਇਟਲੀ ਦੇ ਸ਼ਹਿਰਾਂ ਮਿਲਾਨ ਅਤੇ ਕੋਰਟੀਨਾ ਡੀ ਐਮ ਪੇਜ਼ੋ ਵਿਖੇ ਹੀ ਹੋਣਗੀਆਂ। ਇਹ ਖੇਡਾਂ 6 ਮਾਰਚ ਤੋਂ 15 ਮਾਰਚ ਤੱਕ ਹੋਣਗੀਆਂ ਅਤੇ ਇਸ ਵਿੱਚ ਸੰਸਾਰ ਭਰ ਦੇ ਤਕਰੀਬਨ 665 ਪੈਰਾ ਖਿਡਾਰੀ ਭਾਗ ਲੈਣਗੇ। ਇਹਨਾਂ ਖੇਡਾਂ ਵਿੱਚ ਪੈਰਾ ਅਲਪਾਈਨ ਸਕੀਇੰਗ, ਪੈਰਾ ਬਾਇਥਲੋਨ, ਪੈਰਾ ਕਰਾਸ-ਕੰਟਰੀ ਸਕੀਇੰਗ, ਪੈਰਾ ਆਈਸ ਹਾਕੀ, ਪੈਰਾ ਸਨੋਬੋਰਡ ਅਤੇ ਵ੍ਹੀਲਚੇਅਰ ਕਰਲਿੰਗ ਖੇਡਾਂ ਹੋਣਗੀਆਂ।




**ਰਾਸ਼ਟਰਮੰਡਲ ਖੇਡਾਂ**

2026 ਦੀਆਂ ਰਾਸ਼ਟਰਮੰਡਲ ਖੇਡਾਂ ਜਿਨ੍ਹਾਂ ਨੂੰ ਅਧਿਕਾਰਤ ਤੌਰ 'ਤੇ 23ਵੀਆਂ ਰਾਸ਼ਟਰਮੰਡਲ ਖੇਡਾਂ ਵੱਜੋਂ ਵੀ ਜਾਣਿਆ ਜਾਂਦਾ ਹੈ ਇਸ ਸਾਲ 23 ਜੁਲਾਈ ਤੋਂ 2 ਅਗਸਤ ਤੱਕ ਸਕਾਟਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਗਲਾਸਗੋ ਵਿਖੇ ਹੋਣਗੀਆਂ। ਇਹਨਾਂ ਖੇਡਾਂ ਵਿੱਚ 74 ਰਾਸ਼ਟਰਮੰਡਲ ਖੇਡ ਸੰਘਾਂ ਦੇ ਤਕਰੀਬਨ 3000 ਖਿਡਾਰੀ ਭਾਗ ਲੈਣਗੇ। ਪਹਿਲਾਂ ਇਹ ਖੇਡਾਂ ਆਸਟ੍ਰੇਲੀਆ ਦੇ ਰਾਜ ਵਿਕਟੋਰੀਆ ਵਿਖੇ ਹੋਣੀਆਂ ਸਨ ਪਰ ਆਸਟ੍ਰੇਲੀਆ ਨੇ ਵਧਦੀ ਲਾਗਤ ਦੇ ਅਨੁਮਾਨਾਂ ਕਰਕੇ ਇਹਨਾਂ ਖੇਡਾਂ ਨੂੰ ਕਰਵਾਉਣ ਤੋਂ ਮਨਾਂ ਕਰ ਦਿੱਤਾ ਅਤੇ ਕੋਈ ਵੀ ਮੇਜ਼ਬਾਨ ਨਾ ਹੋਣ ਕਰਕੇ ਇਹਨਾਂ ਖੇਡਾਂ ਨੂੰ ਜਦੋਂ ਰੱਦ ਕਰਨ ਦੀ ਨੌਬਤ ਆ ਰਹੀ ਸੀ ਤਾਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੇ ਆਪਣੇ ਮੌਜੂਦਾ ਬੁਨਿਆਦੀ ਢਾਂਚੇ ਦੇ ਆਧਾਰ 'ਤੇ ਘੱਟ ਖੇਡ ਪ੍ਰੋਗਰਾਮਾਂ ਨਾਲ ਇਹਨਾਂ ਖੇਡਾਂ ਨੂੰ ਕਰਵਾਉਣ ਦੀ ਸਹਿਮਤੀ ਦਿੱਤੀ। ਇਸ ਵਾਰ ਇਹਨਾਂ ਖੇਡਾਂ ਵਿੱਚ ਸਿਰਫ਼ ਦਸ ਖੇਡਾਂ ਅਥਲੈਟਿਕਸ, ਬਾਸਕਟਬਾਲ, ਬਾਉਲਸ, ਮੁੱਕੇਬਾਜ਼ੀ, ਜਿਮਨਾਸਟਿਕਸ, ਜੂਡੋ, ਨੈਟਬਾਲ, ਤੈਰਾਕੀ, ਟਰੈਕ ਸਾਇਕਲਿੰਗ ਅਤੇ ਵੇਟਲਿਫਟਿੰਗ ਖੇਡਾਂ ਹੀ ਸ਼ਾਮਿਲ ਕੀਤੀਆਂ ਗਈਆਂ ਹਨ। ਪਿਛਲੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਨੇ ਕੁੱਲ 61 ਤਗਮੇ ਜਿੱਤ ਕੇ ਚੌਥਾ ਸਥਾਨ ਹਾਸਿਲ ਕੀਤਾ ਸੀ।

**ਪੁਰਸ਼ ਟੀ-20 ਵਿਸ਼ਵ ਕੱਪ**

ਆਈ.ਸੀ.ਸੀ ਵੱਲੋਂ ਹਰ ਦੋ ਸਾਲ ਬਾਅਦ ਕਰਵਾਏ ਜਾਂਦੇ ਟੀ20 ਵਿਸ਼ਵ ਕ੍ਰਿਕਟ ਕੱਪ ਦੀ ਮੇਜ਼ਬਾਨੀ ਇਸ ਸਾਲ 7 ਫਰਵਰੀ ਤੋਂ ਅੱਠ ਮਾਰਚ ਤੱਕ ਭਾਰਤ ਅਤੇ ਸ੍ਰੀਲੰਕਾ ਕਰ ਰਹੇ ਹਨ। ਇਸ ਵਿਸ਼ਵ ਕੱਪ ਵਿੱਚ ਦੁਨੀਆ ਦੀਆਂ 20 ਚੋਟੀ ਦੀਆਂ ਟੀਮਾਂ ਭਾਗ ਲੈਣਗੀਆਂ ਅਤੇ ਤਕਰੀਬਨ 55 ਮੈਚ ਖੇਡੇ ਜਾਣਗੇ। ਇਸ ਵਿਸ਼ਵ ਕੱਪ ਦੇ ਮੈਚ ਭਾਰਤ ਦੇ ਪੰਜ ਕ੍ਰਿਕਟ ਸਟੇਡੀਅਮਾਂ ਨਰਿੰਦਰ ਮੋਦੀ ਸਟੇਡੀਅਮ (ਅਹਿਮਦਾਬਾਦ), ਐੱਮ.ਏ ਚਿਦੰਬਰਮ ਸਟੇਡੀਅਮ (ਚੇਨਈ), ਅਰੁਣ ਜੇਤਲੀ ਸਟੇਡੀਅਮ (ਦਿੱਲੀ), ਈਡਨ ਗਾਰਡਨ (ਕੋਲਕਾਤਾ), ਵਾਨਖੇੜੇ ਸਟੇਡੀਅਮ (ਮੁੰਬਈ) ਅਤੇ ਸ੍ਰੀਲੰਕਾ ਦੇ ਤਿੰਨ ਸਟੇਡੀਅਮਾਂ ਆਰ. ਪ੍ਰੇਮਦਾਸਾ (ਕੋਲੰਬੋ), ਸਿੰਹਲੀ ਸਪੋਰਟਸ ਕਲੱਬ ਕ੍ਰਿਕਟ ਮੈਦਾਨ (ਕੋਲੰਬੋ) ਅਤੇ ਕੈਂਡੀ ਵਿੱਚ ਪੱਲੇਕੇਲੇ ਕ੍ਰਿਕਟ ਸਟੇਡੀਅਮ ਵਿਖੇ ਹੋਣਗੇ। ਇਸ ਕੱਪ ਦੇ ਪਿਛਲੇ ਜੇਤੂ ਭਾਰਤ ਤੋਂ ਇਸ ਵਾਰ ਦੇਸ਼ ਵਾਸੀਆਂ ਨੂੰ ਫੇਰ ਤੋਂ ਉਮੀਦਾਂ ਹਨ ਕਿ ਇਹ ਕੱਪ ਇਸ ਵਾਰ ਸਾਡੀ ਟੀਮ ਜਿੱਤੇਗੀ।

**ਏਸ਼ੀਅਨ ਖੇਡਾਂ**

ਏਸ਼ੀਅਨ ਖੇਡਾਂ ਏਸ਼ੀਆ ਮਹਾਦੀਪ ਦੀਆਂ ਸਭ ਤੋਂ ਵੱਡੀਆਂ ਖੇਡਾਂ ਹਨ ਜੋ ਹਰ ਚਾਰ ਸਾਲ ਬਾਅਦ ਕਰਵਾਈਆਂ ਜਾਂਦੀਆਂ ਹਨ। ਇਹਨਾਂ ਖੇਡਾਂ ਦੀ ਸ਼ੁਰੂਆਤ 1951 ਵਿੱਚ ਦਿੱਲੀ ਵਿਖੇ ਹੋਈ ਸੀ ਅਤੇ ਉਸ ਤੋਂ ਬਾਅਦ ਬਾਦਸਤੂਰ ਇਹ ਖੇਡਾਂ ਹਰ ਚਾਰ ਸਾਲ ਬਾਅਦ ਕਰਵਾਈਆਂ ਜਾਂਦੀਆਂ ਹਨ। ਇਸ ਸਾਲ 20ਵੀਆਂ ਏਸ਼ੀਅਨ ਖੇਡਾਂ ਜਪਾਨ ਦੇ ਸ਼ਹਿਰਾਂ 'ਆਈਚੀ ਪ੍ਰੀਫੈਕਚਰ ਅਤੇ ਨਾਗੋਆ' ਵਿਖੇ 19 ਸਤੰਬਰ ਤੋਂ ਚਾਰ ਅਕਤੂਬਰ ਤੱਕ ਕਰਵਾਈਆਂ ਜਾਣਗੀਆਂ। ਇਹਨਾਂ ਖੇਡਾਂ ਵਿੱਚ 46 ਦੇਸ਼ਾਂ ਦੇ ਖਿਡਾਰੀ ਸ਼ਿਰਕਤ ਕਰਨਗੇ ਅਤੇ 42 ਖੇਡਾਂ ਵਿੱਚ 460 ਈਵੈਂਟ ਕਰਵਾਏ ਜਾਣਗੇ। ਪਿਛਲੀਆਂ ਏਸ਼ੀਅਨ ਖੇਡਾਂ (2022) ਵਿੱਚ ਭਾਰਤ ਨੇ ਕੁੱਲ 107 ਤਗਮੇ ਜਿੱਤ ਕੇ ਤਗਮਾ ਸੂਚੀ ਵਿੱਚ ਚੌਥਾ ਸਥਾਨ ਹਾਸਿਲ ਕੀਤਾ ਸੀ ਅਤੇ ਇਸ ਸਾਲ ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿੱਚ ਭਾਰਤੀ ਅਥਲੀਟ ਕੀ ਜਲਵੇ ਬਿਖੇਰਦੇ ਹਨ? ਇਹ ਇਸ ਸਾਲ ਹੋਣ ਵਾਲੀਆਂ ਖੇਡਾਂ ਹੀ ਦੱਸਣਗੀਆਂ। ਇਹਨਾਂ ਪ੍ਰਮੁੱਖ ਖੇਡ ਸਮਾਗਮਾਂ ਤੋਂ ਇਲਾਵਾ ਸੰਸਾਰ ਦੇ ਹਰ ਕੋਨੇ ਵਿੱਚ ਸਾਲ ਭਰ ਕੋਈ ਨਾ ਕੋਈ ਅੰਤਰਰਾਸ਼ਟਰੀ ਈਵੈਂਟ ਚਲਦਾ ਹੀ ਰਹੇਗਾ।



# ਵਿਸ਼ਵ ਪੱਧਰ ’ਤੇ ਚਮਕ ਰਿਹੈ ਪੰਜਾਬੀ ਸਿਨੇਮਾ













ਰਜਨੀ ਭੰਗਾਨੀਆ

ਪੰਜਾਬੀ ਸਿਨੇਮਾ, ਪੰਜਾਬੀ ਸੱਭਿਆਚਾਰ ਤੇ ਇੱਥੋਂ ਦੇ ਜਨਜੀਵਨ ਦੀ ਝਲਕ ਦਿਖਾਉਂਦਾ ਹੈ। ਇਸ ਰਾਹੀਂ ਸਾਡੇ ਹਰ ਪਹਿਲੂ ਨੂੰ ਦਰਸਾਇਆ ਜਾ ਰਿਹਾ ਹੈ। ਪੰਜਾਬੀ ਸਿਨੇਮਾ ਦਾ ਪਹਿਲਾ ਦੌਰ ਕਾਲੀਆਂ-ਚਿੱਟੀਆਂ ਫਿਲਮਾਂ ਦਾ ਰਿਹਾ, ਜਿਸ ਸਮੇਂ ਰੂਹ ਨੂੰ ਸਕੂਨ ਦੇਣ ਵਾਲਾ ਸੰਗੀਤ ਤੇ ਫਿਲਮਾਂ ਸਿਰਜੀਆਂ ਗਈਆਂ ਜੋ ਦਰਸ਼ਕਾਂ ਦੇ ਚੇਤਿਆਂ ਵਿੱਚ ਅੱਜ ਵੀ ਵਸੀਆਂ ਹੋਈਆਂ ਹਨ। ਨਵੇਂ ਦੌਰ ਦੇ ਪੰਜਾਬੀ ਸਿਨੇਮਾ ਨੇ ਆਪਣਾ ਘੇਰਾ ਵਿਸ਼ਾਲ ਕਰ ਲਿਆ ਹੈ। ਇਹ ਉਹੀ ਦੌਰ ਹੈ ਜਿਸ ਵਿੱਚ ਸਾਨੂੰ ਸਿਨੇਮਾ ਵਿੱਚ ਜਾਨ ਪਾਉਣ ਵਾਲੇ ਕਿਰਦਾਰ ਮਿਲੇ। ਇਹ ਉਹ ਅਦਾਕਾਰ ਹਨ ਜਿਨ੍ਹਾਂ ਨੂੰ ਅਸੀਂ ਆਪਣੀ ਮਿੱਟੀ ਦੇ ਸਿਤਾਰੇ ਕਹਿ ਸਕਦੇ ਹਾਂ। ਇਨ੍ਹਾਂ ਨੇ ਪੰਜਾਬੀ ਸਿਨੇਮਾ ਨੂੰ ਮਜ਼ਬੂਤ ਥੰਮ੍ਹ ਦਿੱਤੇ। ਇਨ੍ਹਾਂ ਦੀ ਬਦੌਲਤ ਇਹ ਮਾੜੇ ਸਮੇਂ ਵਿੱਚ ਵੀ ਡਾਵਾਂਡੋਲ ਨਹੀਂ ਹੋਇਆ।

ਪੌਲੀਵੁੱਡ ਸਿਰਫ਼ ਸਿਨੇਮਾ ਨਹੀਂ, ਸਗੋਂ ਸਾਡੀ ਮਿੱਟੀ ਦੀ ਮਹਿਕ, ਸਾਡੀ ਬੋਲੀ ਦੀ ਮਿਠਾਸ ਤੇ ਸਾਡੀ ਸੱਭਿਆਚਾਰਕ ਰੂਹ ਦਾ ਦਰਪਣ ਹੈ। ਇਸ ਨੂੰ ਅੱਜ ਜੋ ਪਛਾਣ ਮਿਲੀ ਹੈ, ਉਹ ਬਿਨਾਂ ਉਨ੍ਹਾਂ ਮਹਾਨ ਅਦਾਕਾਰਾਂ ਦੇ ਸੰਭਵ ਨਹੀਂ ਸੀ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇਸ ਨੂੰ ਸਮਰਪਿਤ ਕਰਕੇ ਪੰਜਾਬੀ ਸਿਨੇਮਾ ਵਿੱਚ ਜਾਨ ਪਾਈ। ਉਨ੍ਹਾਂ ਮਾਣਮੱਤੇ ਅਦਾਕਾਰਾਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਨੇ ਪੰਜਾਬੀ ਸਿਨੇਮਾ ਨੂੰ ਨਵੀਂ ਦਿਸ਼ਾ ਅਤੇ ਨਵੀਂ ਪਛਾਣ ਦਿੱਤੀ। ਪੰਜਾਬ ਦੇ ਨਾਮ ਨੂੰ ਦੁਨੀਆ ਵਿੱਚ ਰੌਸ਼ਨ ਕੀਤਾ।

ਗੁਰਦਾਸ ਮਾਨ ਪੰਜਾਬ ਦਾ ਉਹ ਸਿਤਾਰਾ ਹੈ ਜਿਸ ਨੇ ਸੰਗੀਤ ਤੇ ਸਿਨੇਮਾ ਨੂੰ ਨਵੀਂ ਰੂਹ ਦਿੱਤੀ। ਆਪਣੀ ਗਾਇਕੀ ਤੇ ਅਦਾਕਾਰੀ ਨਾਲ ਪੰਜਾਬੀ ਸਿਨੇਮਾ ਵਿੱਚ ਅਹਿਮ ਜਗ੍ਹਾ ਬਣਾਈ। ਉਸ ਨੇ ਆਪਣੇ ਸੱਭਿਆਚਾਰ ਨੂੰ ਆਪਣੇ ਗੀਤਾਂ ਵਿੱਚ ਜਿਉਂਦਾ ਰੱਖਿਆ ਹੈ ਤੇ ਸਾਫ਼ ਸੁਥਰੀ ਗਾਇਕੀ ਨੂੰ ਤਵੱਜੋਂ ਦਿੱਤੀ। ਗੁਰਦਾਸ ਮਾਨ ਸਿਰਫ਼ ਗਾਇਕ ਹੀ ਨਹੀਂ, ਸਗੋਂ ਉਹ ਪੰਜਾਬ




ਦੀ ਰੂਹ ਹੈ। ਫਿਲਮ ‘ਮਾਮਲਾ ਗੜਬੜ ਹੈ’ ਨਾਲ ਸਿਨੇਮਾ ’ਚ ਸ਼ੁਰੂਆਤ ਕਰਨ ਵਾਲੇ ਗੁਰਦਾਸ ਮਾਨ ਨੇ ‘ਲੌਂਗ ਦਾ ਲਿਸ਼ਕਾਰਾ’ ‘ਸ਼ਹੀਦ-ਏ-ਮੁਹੱਬਤ ਬੂਟਾ ਸਿੰਘ’, ‘ਵਾਰਿਸ ਸ਼ਾਹ’, ‘ਕਚਹਿਰੀ’ ਅਤੇ ‘ਉੱਚਾ ਦਰ ਬਾਬੇ ਨਾਨਕ ਦਾ’ ਆਦਿ ਵਰਗੀਆਂ ਫਿਲਮਾਂ ਰਾਹੀਂ ਪੰਜਾਬੀ ਸਿਨੇਮਾ ਨੂੰ ਨਵੀਂ ਸੋਚ ਬਖ਼ਸ਼ੀ ਅਤੇ ਪੰਜਾਬੀ ਗਾਇਕੀ ਵਿੱਚ ਵੱਡਾ ਨਾਮ ਹੋਣ ਦੇ ਬਾਵਜੂਦ ਕਦੇ ਘਮੰਡ ਨਹੀਂ ਰੱਖਿਆ। ਉਸ ਨੂੰ ਅਸੀਂ ਸਦਾਬਹਾਰ ਪੰਜਾਬੀ ਗਾਇਕੀ ਦਾ ਮਾਲਕ ਕਹਿ ਸਕਦੇ ਹਾਂ।

ਯੋਗਰਾਜ ਸਿੰਘ ਪੰਜਾਬੀ ਐਕਸ਼ਨ ਦਾ ਉਹ ਚਿਹਰਾ ਹੈ ਜਿਸ ਨੇ ਹਿੰਮਤ, ਜੋਸ਼, ਗੁੱਸੇ ਅਤੇ ਇੱਕ ਪੰਜਾਬੀ ਮਰਦ ਦੀ ਸ਼ਖ਼ਸੀਅਤ ਨੂੰ ਪਰਦੇ ’ਤੇ ਸਜਾਇਆ ਹੈ। ‘ਜੱਟ ਪੰਜਾਬ ਦਾ’, ‘ਯਾਰ ਮਾਰ’, ‘ਪੁੱਤ ਜੱਟਾਂ ਦੇ’, ‘ਇਨਸਾਫ ਪੰਜਾਬ ਦਾ’, ‘ਬਦਲਾ’ ਜਿਹੀਆਂ ਫਿਲਮਾਂ ਨੇ ਉਸ ਨੂੰ ਲੱਖਾਂ ਦਿਲਾਂ ਦਾ ਸਿਤਾਰਾ ਬਣਾ ਦਿੱਤਾ। ਉਹਦੀ ਆਵਾਜ਼, ਸੰਵਾਦ ਬੋਲਣ ਦਾ ਲਹਿਜਾ ਤੇ ਹਾਵ-ਭਾਵ ਅੱਜ ਵੀ ਨੌਜਵਾਨਾਂ ਲਈ ਪ੍ਰੇਰਣਾ ਹਨ। ਪੰਜਾਬੀ ਸਿਨੇਮਾ ’ਚ ਹੁਣ ਤੱਕ ਉਸ ਵਰਗਾ ਅਦਾਕਾਰ ਦੇਖਣ ਨੂੰ ਨਹੀਂ ਮਿਲਿਆ।

ਨਿਰਮਲ ਰਿਸ਼ੀ ਵੈਸੇ ਤਾਂ ਹਰ ਕਿਰਦਾਰ ਰਾਹੀਂ ਪਰਦੇ ’ਤੇ ਆਪਣੀ ਅਮਿਟ ਛਾਪ ਛੱਡਦੀ ਹੈ, ਪਰ ਕਿਸੇ ਖ਼ਾਸ ਕਿਰਦਾਰ ’ਚ ਰਹਿਣਾ ਤੇ ਉਸ ਨੂੰ ਹੀ ਸਮਰਪਿਤ ਹੋਣਾ, ਇਹ ਉਸ ਦੀ ਖਾਸੀਅਤ ਹੈ। ਪੰਜਾਬੀ ਸਿਨੇਮਾ ਨੂੰ ਉਸ ਨੇ ਮਾਂ ਤੇ ਹੋਰ ਯਾਦਗਾਰੀ ਕਿਰਦਾਰ ਦਿੱਤੇ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਉਸ ਨੇ ਮਾਂ ਦਾ ਕਿਰਦਾਰ ਪਰਦੇ ’ਤੇ ਅਸਲ ਰੂਪ ’ਚ ਜੀਆ ਹੈ। ‘ਲੌਂਗ ਦਾ ਲਿਸ਼ਕਾਰਾ’ ਦੀ ਗੁਲਾਬੋ ਮਾਸੀ ਪ੍ਰਸਿੱਧ ਹੋਈ ਤੇ ‘ਉੱਚਾ ਦਰ ਬਾਬੇ ਨਾਨਕ ਦਾ’, ‘ਕੁਰਬਾਨੀ ਜੱਟ ਦੀ’, ‘ਜਿਗਰਾ ਜੱਟ ਦਾ’, ‘ਅੱਖੀਆਂ ਉਡੀਕਦੀਆਂ’, ‘ਅੰਗਰੇਜ’, ‘ਦਾਰਾ’, ‘ਨਿੱਕਾ ਜ਼ੈਲਦਾਰ’, ‘ਰੱਬ ਦਾ ਰੇਡੀਓ’ ਵਰਗੀਆਂ ਅਣਗਿਣਤ ਫਿਲਮਾਂ ਵਿੱਚ ਮਾਂ, ਤਾਈ, ਭੂਆ, ਚਾਚੀ ਆਦਿ ਦੇ ਕਿਰਦਾਰਾਂ ਵਿੱਚ ਜਾਨ ਪਾ ਦਿੱਤੀ। ਉਹ ਪੰਜਾਬੀ ਸਿਨੇਮਾ ਵਿੱਚ ਸਭ ਤੋਂ ਵੱਧ ਮਾਂ ਦੇ ਕਿਰਦਾਰ ਵਿੱਚ ਦੇਖੀ ਜਾਣ ਵਾਲੀ




ਅਦਾਕਾਰ ਹੈ। ਉਸ ਨੂੰ 2024 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਗੁੱਗੂ ਗਿੱਲ (ਕੁਲਵਿੰਦਰ ਸਿੰਘ ਗਿੱਲ) ਪੰਜਾਬੀ ਸਿਨੇਮਾ ਦਾ ਸ਼ੇਰ ਹੈ ਜਿਸ ਨੇ 1990 ਦੇ ਦਹਾਕੇ ਤੋਂ ਅਦਾਕਾਰ ਯੋਗਰਾਜ ਸਿੰਘ ਨਾਲ ਹੀ ਪੰਜਾਬੀ ਸਿਨੇਮਾ ਵਿੱਚ ਸ਼ੁਰੂਆਤ ਕੀਤੀ। ‘ਪੁੱਤ ਜੱਟਾਂ ਦੇ’, ‘ਅਣਖੀ ਜੱਟ’, ‘ਜੱਟ ਜਿਉਣਾ ਮੌੜ’, ‘ਦਿਲ ਦਾ ਮਾਮਲਾ’, ‘ਮਿਰਜ਼ਾ ਜੱਟ’, ‘ਲਲਕਾਰਾ ਜੱਟ ਦਾ’, ‘ਬਾਗੀ ਸੂਰਮਾ’, ‘ਵੈਰੀ’, ‘ਜ਼ੈਲਦਾਰ’ ਅਤੇ ‘ਪੁਰਜਾ ਪੁਰਜਾ ਕਟ ਮਰੇ’ ਵਰਗੀਆਂ ਫਿਲਮਾਂ ਵਿੱਚ ਸ਼ਾਨਦਾਰ ਕਿਰਦਾਰ ਨਿਭਾਏ ਤੇ ਦਰਸ਼ਕਾਂ ਦੇ ਦਿਲਾਂ ’ਚ ਮਜ਼ਬੂਤ ਸਾਖ ਬਣਾਈ। ਅੱਜ ਵੀ ਪੰਜਾਬੀ ਸਿਨੇਮਾ ’ਚ ਉਸ ਦੀ ਤੋਰ ਤੇ ਵੱਖਰੀ ਦਿੱਖ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਗੁੱਗੂ ਗਿੱਲ ਉਹ ਅਦਾਕਾਰ ਹੈ ਜਿਸ ਨੇ ਪੰਜਾਬੀ ਫਿਲਮਾਂ ਦੇ ਇੱਕ ਪੂਰੇ ਯੁੱਗ ਨੂੰ ਆਪਣੇ ਨਾਮ ਕੀਤਾ। ‘ਜੱਟ ਐਂਡ ਜੂਲੀਅਟ’ ਫਿਲਮ ਤੋਂ ਪਹਿਲਾਂ ਪੰਜਾਬੀ ਸਿਨੇਮਾ ਵਿੱਚ ਜੱਟ ਦੀ ਸ਼ਖ਼ਸੀਅਤ ਗੁੱਸੇ ਅਤੇ ਅਕੜ ਵਾਲੀ ਸੀ, ਜਿਸ ਨੂੰ ਗੁੱਗੂ ਗਿੱਲ ਨੇ ਪਰਿਭਾਸ਼ਿਤ ਕੀਤਾ। ‘ਜੱਗਾ ਡਾਕੂ’, ‘ਬਦਲਾ ਜੱਟ ਦਾ’, ‘ਤੇਰੀ ਮੇਰੀ ਇੱਕ ਜਿੰਦੜੀ’ ਵਰਗੀਆਂ ਫਿਲਮਾਂ ਉਸ ਦੀ ਬੇਮਿਸਾਲ ਵਿਰਾਸਤ ਹਨ।

ਹਰਭਜਨ ਮਾਨ ਨੇ ਪੰਜਾਬੀ ਸਿਨੇਮਾ ਵਿੱਚ ਉਹ ਰੁਮਾਨੀਅਤ ਪੈਦਾ ਕੀਤੀ ਜੋ ਪਹਿਲਾਂ ਕਾਫ਼ੀ ਘੱਟ ਸੀ। ਪੰਜਾਬੀ ਗਾਇਕ, ਅਦਾਕਾਰ ਅਤੇ ਫਿਲਮ ਨਿਰਮਾਤਾ ਵਜੋਂ ਹਰਭਜਨ ਮਾਨ ਨੇ ਅਮਿਟ ਛਾਪ ਛੱਡੀ ਹੈ। ਉਹ ਜਦੋਂ ਸਿਨੇਮਾ ਵਿੱਚ ਆਇਆ ਤਾਂ ਉਸ ਨੇ ਇਸ ਵਿੱਚ ਨਵੀਂ ਜਾਨ ਫੂਕ ਦਿੱਤੀ। ਪੰਜਾਬੀ ਸਿਨੇਮਾ ਨੂੰ ਮੁੜ ਸੁਰਜੀਤ ਕਰਨ ਦਾ ਸਿਹਰਾ ਉਸ ਦੇ ਸਿਰ ਜਾਂਦਾ ਹੈ। ਉਹ ਪਰਿਵਾਰ ਤੇ ਮਿੱਟੀ ਨਾਲ ਜੋੜਨ ਵਾਲੀਆਂ ਫਿਲਮਾਂ ਲੈ ਕੇ ਆਇਆ ਜਿਨ੍ਹਾਂ ਵਿੱਚ ‘ਜੀ ਆਇਆ ਨੂੰ’, ‘ਅਸਾਂ ਨੂੰ ਮਾਣ ਵਤਨਾਂ ਦਾ’, ‘ਦਿਲ ਆਪਣਾ ਪੰਜਾਬੀ’, ‘ਮਿੱਟੀ ’ਵਾਜ਼ਾਂ ਮਾਰਦੀ’, ‘ਜੱਗ ਜਿਉਦਿਆਂ ਦੇ ਮੇਲੇ’, ‘ਮੇਰਾ




ਪਿੰਡ’, ‘ਯਾਰਾ ਓ ਦਿਲਦਾਰਾ’, ‘ਹੀਰ ਰਾਂਝਾ’, ‘ਹਾਣੀ’ ਆਦਿ ਵਰਗੀਆਂ ਪਰਿਵਾਰਕ ਤੇ ਸੱਭਿਆਚਾਰ ਫਿਲਮਾਂ ਨੇ ਲੋਕਾਂ ਦੇ ਦਿਲਾਂ ਵਿੱਚ ਮਿੱਠੜੇ ਅਹਿਸਾਸ ਪੈਦਾ ਕੀਤੇ। ਪੰਜਾਬੀ ਸਿਨੇਮਾ ਦੀ ਆਧੁਨਿਕ ਦਿੱਖ ਅਤੇ ਉੱਚੇ ਤਕਨੀਕੀ ਮਿਆਰ ਦੀ ਸ਼ੁਰੂਆਤ ਵਿੱਚ ਹਰਭਜਨ ਮਾਨ ਦਾ ਵੱਡਾ ਹਿੱਸਾ ਹੈ।

ਜਸਵਿੰਦਰ ਭੱਲਾ ਨੂੰ ਹਾਸੇ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਪੰਜਾਬੀ ਕਾਮੇਡੀ ਦੀ ਦੁਨੀਆ ਜੇਕਰ ਇੱਕ ਨਾਮ ਨੂੰ ਸਲਾਮ ਕਰਦੀ ਹੈ ਤਾਂ ਉਹ ਜਸਵਿੰਦਰ ਭੱਲਾ ਹੈ। ਉਸ ਬਗੈਰ ਕੋਈ ਵੀ







ਕਾਮੇਡੀ ਫਿਲਮ ਪੂਰੀ ਨਹੀਂ ਹੁੰਦੀ ਸੀ। ਉਸ ਨੇ ਹਾਸਾ ਸੀਰੀਜ਼ ‘ਛਣਕਾਟਾ’ ਤੋਂ ਦਰਸ਼ਕਾਂ ਦੇ ਦਿਲ ਵਿੱਚ ਵੱਖਰੀ ਥਾਂ ਬਣਾਈ ਤੇ ਫਿਲਮ ‘ਦੁੱਲਾ ਭੱਟੀ’ ਤੋਂ ਪੰਜਾਬੀ ਸਿਨੇਮਾ ਵਿੱਚ ਸ਼ੁਰੂਆਤ ਕੀਤੀ। ਉਸ ਦੇ ਅਦਾਕਾਰੀ ਦੇ ਕੀਮਤੀ ਖ਼ਜ਼ਾਨੇ ’ਚੋਂ ਕੁਝ ਫਿਲਮਾਂ ਦੇ ਨਾਮ ਹਨ; ‘ਮਾਹੌਲ ਠੀਕ ਹੈ’, ‘ਕੈਰੀ ਆਨ ਜੱਟਾ’, ‘ਚੱਕ ਦੇ ਫੱਟੇ’, ‘ਜੱਟ ਐਂਡ ਜੂਲੀਅਟ’, ‘ਕੈਰੀ ਆਨ ਜੱਟਾਂ 2’, ‘ਰੌਲਾ ਪੈ ਗਿਆ’, ‘ਵੇਖ ਬਰਾਤਾਂ ਚੱਲੀਆਂ’, ‘ਗੋਲਕ ਬੁਗਨੀ ਬੈਂਕ ਤੇ ਬਟੂਆ’, ‘ਵਧਾਈਆਂ ਜੀ ਵਧਾਈਆਂ’, ‘ਨੌਕਰ ਵਹੁਟੀ ਦਾ’, ‘ਕੈਰੀ ਆਨ ਜੱਟਾ 3’, ‘ਯਾਰਾਂ ਦੀਆਂ ਪੋ ਬਾਰਾਂ’, ‘ਸ਼ਿੰਦਾ ਸ਼ਿੰਦਾ ਨੋ ਪਾਪਾ’ ਆਦਿ ਫਿਲਮਾਂ ’ਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ। ਹਰ ਫਿਲਮ ਵਿੱਚ ਉਸ ਦਾ ਕਿਰਦਾਰ ਘਰ ਘਰ ਵਿੱਚ ਮਸ਼ਹੂਰ ਹੋਇਆ। ਉਸ ਦੀ ਟਾਈਮਿੰਗ, ਪੰਚ ਲਾਈਨ ਅਤੇ ਵਿਅੰਗ ਨੇ ਪੰਜਾਬੀ ਸਿਨੇਮਾ ਨੂੰ ਵੱਖਰਾ ਹੀ ਰੰਗ ਦਿੱਤਾ। ਨਵੇਂ ਦੌਰ ਵਿੱਚ ਕਈ ਸ਼ਾਨਦਾਰ ਸ਼ਖ਼ਸੀਅਤਾਂ ਪੰਜਾਬੀ ਸਿਨੇਮਾ ਦੀ ਜਾਨ ਹਨ, ਜਿਨ੍ਹਾਂ ਵਿੱਚ ਗੁਰਪ੍ਰੀਤ ਕੌਰ ਭੰਗੂ, ਮਲਕੀਤ ਰੌਣੀ, ਕਰਮਜੀਤ ਅਨਮੋਲ, ਬੀਨੂੰ ਢਿੱਲੋਂ, ਅਮਰਿੰਦਰ ਗਿੱਲ, ਦਲਜੀਤ ਦੁਸਾਂਝ, ਐਮੀ ਵਿਰਕ ਅਤੇ ਗੁਰਪ੍ਰੀਤ ਘੁੱਗੀ ਵੱਡਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਦੇ ਇਲਾਵਾ ਪੰਜਾਬੀ ਸਿਨੇਮਾ ਵਿੱਚ ਅਣਗਿਣਤ ਅਭਿਨੇਤਰੀਆਂ ਹਨ, ਜਿਵੇਂ ਸੋਨਮ ਬਾਜਵਾ, ਸਰਗੁਣ ਮਹਿਤਾ, ਨੀਰੂ ਬਾਜਵਾ ਆਦਿ ਵਰਗੀਆਂ ਨਵੀਂ ਪੀੜ੍ਹੀ ਦੀਆਂ ਅਭਿਨੇਤਰੀਆਂ ਦੀ ਵਜ੍ਹਾ ਨਾਲ ਪੰਜਾਬੀ ਸਿਨੇਮਾ ਵਿਸ਼ਵ ਪੱਧਰ ’ਤੇ ਚਮਕ ਰਿਹਾ ਹੈ।












### ਭਾਰਤ ਉੱਤੇ 500% ਟੈਰਿਫ

ਮਾਹਿਰਾਂ ਨੇ ਕਿਹਾ ਕਿ ਇਸ ਨਾਲ ਰੁਪਈਆ 90-95 ਡਾਲਰ ਤੱਕ ਡਿੱਗ ਸਕਦਾ ਹੈ। ਇੰਫਲੇਸ਼ਨ ਵਧੇਗੀ ਅਤੇ ਪੈਟਰੋਲ-ਡੀਜ਼ਲ ਮਹਿੰਗੇ ਹੋਣਗੇ।

ਭਾਰਤ ਨੇ ਰੂਸੀ ਤੇਲ ਖਰੀਦ 10% ਘਟਾਈ ਹੈ ਪਰ ਅਜੇ ਵੀ ਵੱਡੀ ਮਾਤਰਾ ਵਿੱਚ ਖਰੀਦ ਰਿਹਾ ਹੈ। ਜੇ ਟੈਰਿਫ਼ ਲੱਗੇ ਤਾਂ ਭਾਰਤ ਨੂੰ ਅਲਟਰਨੇਟਿਵ ਤੇਲ ਖਰੀਦਣਾ ਪਵੇਗਾ, ਜੋ ਮਹਿੰਗਾ ਹੋਵੇਗਾ। ਇਸ ਨਾਲ ਭਾਰਤੀ ਰਿਫਾਈਨਰੀਆਂ ਨੂੰ ਨੁਕਸਾਨ ਹੋਵੇਗਾ। ਵਪਾਰ ਮੰਤਰਾਲੇ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਨੇ ਆਪਣੇ ਨਿਰਯਾਤ ਨੂੰ ਵਿਭਿੰਨ ਕੀਤਾ ਹੈ ਅਤੇ ਯੂਰੋਪੀਅਨ ਯੂਨੀਅਨ, ਯੂਰੇਸ਼ੀਅਨ ਇਕਨਾਮਿਕ ਯੂਨੀਅਨ ਨਾਲ ਸੌਦੇ ਕੀਤੇ ਹਨ। ਪਰ ਅਮਰੀਕਾ ਵਰਗਾ ਵੱਡਾ ਬਾਜ਼ਾਰ ਨਹੀਂ ਮਿਲੇਗਾ।

ਇਸ ਨਾਲ ਭਾਰਤੀ ਜੇਬ ਉੱਤੇ ਵੀ ਅਸਰ ਪਵੇਗਾ। ਤੇਲ ਮਹਿੰਗਾ ਹੋਵੇਗਾ ਤਾਂ ਟਰਾਂਸਪੋਰਟ, ਖਾਣਾ ਅਤੇ ਹੋਰ ਚੀਜ਼ਾਂ ਮਹਿੰਗੀਆਂ ਹੋ ਜਾਣਗੀਆਂ। ਨੌਜਵਾਨਾਂ ਦੀਆਂ ਨੌਕਰੀਆਂ ਖਤਰੇ ਵਿੱਚ ਪੈਣਗੀਆਂ। ਪਰ ਭਾਰਤ ਨੇ ਕਿਹਾ ਕਿ ਅਸੀਂ ਆਪਣੀ ਊਰਜਾ ਸੁਰੱਖਿਆ ਨੂੰ ਤਰਜੀਹ ਦੇਵਾਂਗੇ।

**ਕੀ ਅਮਰੀਕਾ ਵਿਸ਼ਵ ਦਾ ਅਸਲ ਠਾਣੇਦਾਰ ਹੈ ?**

ਅਮਰੀਕਾ ਨੂੰ ਅਕਸਰ ਵਿਸ਼ਵ ਪੁਲਿਸ ਕਿਹਾ ਜਾਂਦਾ ਹੈ। ਉਹਨਾਂ ਕੋਲ ਵਿਸ਼ਵ ਦੀ ਸਭ ਤੋਂ ਵੱਡੀ ਫ਼ੌਜ ਅਤੇ ਅਰਥਵਿਵਸਥਾ ਹੈ। ਉਹ ਸੈਂਕਸ਼ਨਾਂ ਰਾਹੀਂ ਦੂਜੇ ਦੇਸ਼ਾਂ ਨੂੰ ਕੰਟਰੋਲ ਕਰਦੇ ਹਨ। ਵੈਨੇਜ਼ੂਏਲਾ ਵਿੱਚ ਅਮਰੀਕਾ ਨੇ ਰਾਸ਼ਟਰਪਤੀ ਨੂੰ ਚੁੱਕ ਲਿਆ ਅਤੇ ਇਰਾਨ ਉੱਤੇ ਹਮਲੇ ਕੀਤੇ। ਟਰੰਪ ਨੇ ਕਿਹਾ ਕਿ ਅਮਰੀਕਾ ਆਪਣੇ ਖੇਤਰ ਵਿੱਚ ਪ੍ਰਭਾਵ ਰੱਖੇਗਾ।

ਪਰ ਅਮਰੀਕਾ ਦੀ ਇਹ ਨੀਤੀ ਵਿਵਾਦਗ੍ਰਸਿਤ ਹੈ। ਬਹੁਤੇ ਦੇਸ਼ ਇਸ ਨੂੰ ਦਾਦਾਗਿਰੀ ਕਹਿੰਦੇ ਹਨ। ਭਾਰਤ ਵਾਂਗ ਅਮਰੀਕਾ ਨੂੰ ਆਪਣੀ ਨੀਤੀ ਨਹੀਂ ਬਦਲਣਾ ਚਾਹੀਦਾ। ਵਿਸ਼ਵ ਮਾਹਿਰ ਕਹਿੰਦੇ ਹਨ ਕਿ ਅਮਰੀਕਾ ਦੀ ਤਾਕਤ ਘਟ ਰਹੀ ਹੈ ਅਤੇ ਚੀਨ-ਰੂਸ ਵਰਗੇ ਦੇਸ਼ ਉੱਭਰ ਰਹੇ ਹਨ। ਟਰੰਪ ਦੀ ਨੀਤੀ ਨਾਲ ਅਮਰੀਕਾ ਅਲੱਗ-ਥਲੱਗ ਹੋ ਸਕਦਾ ਹੈ। ਭਾਰਤ ਵਰਗੇ ਦੇਸ਼ ਅਮਰੀਕਾ ਦੀ ਠਾਣੇਦਾਰੀ ਨੂੰ ਚੁਣੌਤੀ ਦੇ ਸਕਦੇ ਹਨ।

**ਭਾਰਤ ਕੋਲ ਕੀ ਰਾਹ ਹਨ: ਰੂਸ-ਚੀਨ ਵੱਲ ਜਾਂ ਅਮਰੀਕਾ ਨਾਲ ਸਮਝੌਤਾ ?**

ਭਾਰਤ ਨੂੰ ਵੱਡਾ ਫ਼ੈਸਲਾ ਲੈਣਾ ਪਵੇਗਾ। ਇੱਕ ਰਾਹ ਹੈ ਅਮਰੀਕਾ ਨਾਲ ਸਮਝੌਤਾ। ਇਸ ਵਿੱਚ ਭਾਰਤ ਰੂਸੀ ਤੇਲ ਘਟਾ ਕੇ ਅਮਰੀਕੀ ਤੇਲ ਖਰੀਦੇ। ਇਸ ਨਾਲ ਟੈਰਿਫ਼ ਨਹੀਂ ਲੱਗਣਗੇ ਅਤੇ ਵਪਾਰ ਵਧੇਗਾ। ਭਾਰਤ ਅਮਰੀਕਾ ਨਾਲ ਕਵਾਡ ਅਲਾਇੰਸ ਵਿੱਚ ਹੈ, ਜੋ ਚੀਨ ਵਿਰੋਧੀ ਹੈ। ਇਸ ਨਾਲ ਭਾਰਤ ਨੂੰ ਤਕਨੀਕ ਅਤੇ ਫ਼ੌਜੀ ਮਦਦ ਮਿਲੇਗੀ। ਪਰ ਇਸ ਨਾਲ ਰੂਸ ਨਾਲ ਸਬੰਧ ਖਰਾਬ ਹੋਣਗੇ, ਜੋ ਭਾਰਤ ਦਾ ਪੁਰਾਣਾ ਮਿੱਤਰ ਹੈ। ਰੂਸ ਭਾਰਤ ਨੂੰ ਐੱਸ-400 ਵਰਗੇ ਹਥਿਆਰ ਦਿੰਦਾ ਹੈ।

ਦੂਜਾ ਰਾਹ ਹੈ ਰੂਸ-ਚੀਨ ਵੱਲ ਜਾਣਾ। ਭਾਰਤ ਰੂਸ-ਇੰਡੀਆ-ਚੀਨ (ਆਰਆਈਸੀ) ਗਰੁੱਪ ਵਿੱਚ ਸ਼ਾਮਲ ਹੋ ਸਕਦਾ ਹੈ। ਇਸ ਨਾਲ ਭਾਰਤ ਨੂੰ ਊਰਜਾ ਅਤੇ ਵਪਾਰ ਵਿੱਚ ਮਦਦ ਮਿਲੇਗੀ। ਚੀਨ ਨਾਲ ਸੀਮਾ ਕਾਰਨ ਵਿਵਾਦ ਹੈ ਪਰ ਆਰਥਿਕ ਸਬੰਧ ਵਧ ਰਹੇ ਹਨ। ਮਾਹਿਰ ਕਹਿੰਦੇ ਹਨ ਕਿ ਟਰੰਪ ਦੀ ਨੀਤੀ ਨਾਲ ਭਾਰਤ ਰੂਸ-ਚੀਨ ਨੇੜੇ ਜਾ ਸਕਦਾ ਹੈ। ਪਰ ਇਹ ਭਾਰਤ ਦੀ ਸਟ੍ਰੈਟਿਜਿਕ ਆਟੋਨਮੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਮਾਹਿਰਾਂ ਨੇ ਕਿਹਾ ਕਿ ਭਾਰਤ ਦੋਹਾਂ ਨਾਲ ਬੈਲੰਸ ਕਰੇ। ਰੂਸੀ ਤੇਲ ਘਟਾਏ ਪਰ ਪੂਰੀ ਤਰ੍ਹਾਂ ਨਾ ਰੋਕੇ। ਅਮਰੀਕਾ ਨਾਲ ਗੱਲਬਾਤ ਕਰੇ ਅਤੇ ਨਵੇਂ ਬਾਜ਼ਾਰ ਲੱਭੇ। ਭਾਰਤ ਯੂਰੋਪ ਅਤੇ ਇਜ਼ਰਾਇਲ ਨਾਲ ਸੌਦੇ ਕਰ ਰਿਹਾ ਹੈ। ਇਹ ਰਾਹ ਸਭ ਤੋਂ ਵਧੀਆ ਹੈ।

****

### ਕੀ 'ਆਪ' ਆਗੂ ਆਤਿਸ਼ੀ ਦੀ ਕਥਿਤ ਟਿੱਪਣੀ

ਪੁਲਿਸ ਨੇ ਦੱਸਿਆ ਕਿ ਵੀਡੀਓ ਦੀ ਫੋਰੈਂਸਿਕ ਜਾਂਚ ਵਿੱਚ ਪਤਾ ਚੱਲਿਆ ਕਿ ਆਤਿਸ਼ੀ ਨੇ ਕਿਤੇ ਵੀ 'ਗੁਰੂ' ਸ਼ਬਦ ਨਹੀਂ ਵਰਤਿਆ। ਇਸ ਨੇ ਮਾਮਲੇ ਨੂੰ ਨਵਾਂ ਮੋੜ ਦਿੱਤਾ ਅਤੇ ਦਿੱਲੀ ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਇਸ ਨੂੰ ਵਿਧਾਨ ਸਭਾ ਦੇ ਅਧਿਕਾਰਾਂ ਦੀ ਉਲੰਘਣਾ ਦੱਸ ਕੇ ਪੰਜਾਬ ਪੁਲਿਸ ਦੇ ਡੀਜੀਪੀ, ਸਪੈਸ਼ਲ ਡੀਜੀਪੀ ਸਾਈਬਰ ਕ੍ਰਾਈਮ ਅਤੇ ਜਲੰਧਰ ਪੁਲਿਸ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤਾ। ਗੁਪਤਾ ਨੇ ਕਿਹਾ, 'ਇਹ ਵੀਡੀਓ ਸਦਨ ਦੀ ਜਾਇਦਾਦ ਹੈ ਅਤੇ ਇਸ ਦੇ ਆਧਾਰ 'ਤੇ ਐੱਫ.ਆਈ.ਆਰ. ਦਰਜ ਕਰਨਾ ਗੰਭੀਰ ਮਾਮਲਾ ਹੈ।' ਉਨ੍ਹਾਂ ਨੇ ਵੀਡੀਓ ਨੂੰ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਅਤੇ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪ ਦਿੱਤਾ।

ਇਸ ਨੋਟਿਸ ਨੇ ਪੰਜਾਬ ਅਤੇ ਦਿੱਲੀ ਵਿਚਕਾਰ ਅੰਤਰ-ਰਾਜੀ ਵਿਵਾਦ ਨੂੰ ਜਨਮ ਦਿੱਤਾ। ਗੁਪਤਾ ਨੇ ਕਿਹਾ, 'ਜਦੋਂ ਅਸੀਂ ਜਾਂਚ ਲਈ ਭੇਜ ਦਿੱਤਾ ਤਾਂ ਪੰਜਾਬ ਵਿੱਚ ਅਜਿਹਾ ਕਰਨ ਦੀ ਕੀ ਲੋੜ ਸੀ ?' ਇਸ ਨੇ ਸਿਆਸਤ ਨੂੰ ਗਰਮਾਇਆ ਕਿਉਂਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਹੈ ਅਤੇ ਭਾਜਪਾ ਇਸ ਨੂੰ ਸਿਆਸੀ ਬਦਲਾਖੋਰੀ ਵਜੋਂ ਵੇਖ ਰਹੀ ਹੈ।

ਇਹ ਵਿਵਾਦ ਕੇਵਲ ਇੱਕ ਟਿੱਪਣੀ ਤੱਕ ਸੀਮਤ ਨਹੀਂ ਰਿਹਾ ਬਲਕਿ ਇਸ ਨੇ ਪੰਜਾਬ ਦੀ ਸਿਆਸਤ ਨੂੰ ਵੀ ਭਖਾ ਦਿੱਤਾ ਹੈ। ਪੰਜਾਬ ਵਿੱਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਮਾਮਲੇ ਹਮੇਸ਼ਾ ਸਿਆਸੀ ਲਾਭ ਲਈ ਵਰਤੇ ਜਾਂਦੇ ਹਨ। ਭਾਜਪਾ ਨੇ ਆਪ ਨੂੰ ਸਿੱਖ ਵਿਰੋਧੀ ਦੱਸ ਕੇ ਪੰਜਾਬ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਕਾਲੀ ਦਲ ਅਤੇ ਕਾਂਗਰਸ ਨੇ ਵੀ ਇਸ ਨੂੰ ਮੌਕਾ ਵਜੋਂ ਵੇਖਿਆ ਹੈ ਕਿਉਂਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਨੂੰ ਘੇਰਨ ਲਈ ਧਾਰਮਿਕ ਮੁੱਦੇ ਅਹਿਮ ਹਨ।

ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਭਾਜਪਾ ਦੀ ਸਾਜਿਸ਼ ਕਿਹਾ ਅਤੇ ਕਿਹਾ, 'ਭਾਜਪਾ ਨੇ ਫਰਜ਼ੀ ਵੀਡੀਓ ਵਿੱਚ ਗੁਰੂਆਂ ਦਾ ਨਾਮ ਜੋੜ ਕੇ ਬੇਅਦਬੀ ਕੀਤੀ ਹੈ। ਇਹ ਫਿਰਕੂ ਹਿੰਸਾ ਭੜਕਾਉਣ ਦੀ ਘਟੀਆ ਸਾਜਿਸ਼ ਹੈ।' ਉਨ੍ਹਾਂ ਨੇ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਨੂੰ ਰਲੇਮਿਲੇ ਦੱਸ ਕੇ ਤੰਜ ਕੱਸਿਆ। ਇਸ ਨੇ ਵਿਰੋਧੀ ਪਾਰਟੀਆਂ ਨੂੰ ਹੋਰ ਭੜਕਾਇਆ ਅਤੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ।

'ਆਪ' ਨੇ ਇਸ ਨੂੰ ਭਾਜਪਾ ਦੀ ਸਾਜਿਸ਼ ਕਿਹਾ ਅਤੇ ਵੀਡੀਓ ਨੂੰ ਫੇਕ ਦੱਸਿਆ। ਆਗੂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, 'ਭਾਜਪਾ ਨੇ ਵੀਡੀਓ ਨਾਲ ਛੇੜਛਾੜ ਕੀਤੀ ਹੈ। ਫੋਰੈਂਸਿਕ ਜਾਂਚ ਵਿੱਚ ਸਾਬਤ ਹੋਇਆ ਕਿ ਆਤਿਸ਼ੀ ਨੇ ਗੁਰੂ ਜੀ ਦਾ ਨਾਮ ਨਹੀਂ ਲਿਆ। ਇਹ ਆਪ ਨੂੰ ਬਦਨਾਮ ਕਰਨ ਦੀ ਸਾਜਿਸ਼ ਹੈ।' ਉਨ੍ਹਾਂ ਨੇ ਅਕਾਲੀ ਦਲ ਅਤੇ ਕਾਂਗਰਸ ਨੂੰ ਵੀ ਨਿੰਦਿਆ ਅਤੇ ਕਿਹਾ ਕਿ ਸੁਖਬੀਰ ਬਾਦਲ, ਖਹਿਰਾ ਅਤੇ ਪਰਗਟ ਸਿੰਘ ਨੇ ਫੇਕ ਵੀਡੀਓ ਸਾਂਝੀ ਕੀਤੀ। ਆਪ ਨੇ ਪੰਜਾਬ ਵਿੱਚ ਪ੍ਰਦਰਸ਼ਨ ਕੀਤੇ ਅਤੇ ਵਿਰੋਧੀਆਂ ਨੂੰ ਫਿਰਕੂ ਸਿਆਸਤ ਕਰਨ ਵਾਲੇ ਦੱਸਿਆ।

ਮਨੀਸ਼ ਸਿਸੋਦੀਆ ਨੇ ਟਵੀਟ ਕੀਤਾ, 'ਇਹ ਯੋਜਨਾਬੱਧ ਜਾਅਲੀ ਖ਼ਬਰਾਂ ਦੀ ਫੈਕਟਰੀ ਹੈ। ਵੀਡੀਓ ਨੂੰ ਕੱਟ ਕੇ ਝੂਠ ਘੜਿਆ ਗਿਆ ਹੈ।'

ਇਹ ਵਿਵਾਦ ਦਰਸਾਉਂਦਾ ਹੈ ਕਿ ਧਾਰਮਿਕ ਮੁੱਦੇ ਸਿਆਸੀ ਲਾਭ ਲਈ ਕਿਵੇਂ ਵਰਤੇ ਜਾਂਦੇ ਹਨ। ਪੂਰਾ ਮਾਮਲਾ ਅਜੇ ਗਰਮਾਇਆ ਹੋਇਆ ਹੈ ਅਤੇ ਫੈਸਲਾ ਜਾਂਚ ਉੱਤੇ ਨਿਰਭਰ ਕਰੇਗਾ।

### ਕੀ ਮਜੀਠੀਆ ਨੂੰ ਜੇਲ੍ਹ ਵਿੱਚ ਖ਼ਤਰਾ

ਉਨ੍ਹਾਂ ਨੇ ਕਿਹਾ ਕਿ ਗੁੰਮ ਸਰੂਪਾਂ ਦੀ ਜਾਂਚ ਜ਼ਰੂਰੀ ਹੈ ਅਤੇ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। 'ਆਪ' ਨੇ ਅਕਾਲੀ ਨੇਤਾਵਾਂ ਨੂੰ ਧਰਮ ਨੂੰ ਰਾਜਨੀਤੀ ਵਿੱਚ ਨਾ ਘਸੀਟਣ ਦੀ ਅਪੀਲ ਕੀਤੀ ਹੈ।

ਸਿਆਸੀ ਮਾਹਿਰਾਂ ਨੇ ਕਿਹਾ ਕਿ ਅਕਾਲੀ ਦਲ ਦੀ ਹਾਰ ਨੇ ਸਿੱਖ ਵੋਟਾਂ ਵਿੱਚ ਵੈਕਿਊਮ ਬਣਾਇਆ ਹੈ, ਜਿਸ ਨੂੰ ਰੈਡੀਕਲ ਨੇਤਾ ਭਰਨ ਦੀ ਕੋਸ਼ਿਸ਼ ਕਰ ਰਹੇ ਹਨ। ਬੀਜੇਪੀ ਦੀ ਵੋਟ ਸ਼ੇਅਰ ਵਧਣ ਨਾਲ ਹਿੰਦੂ-ਸਿੱਖ ਧਰੁਵੀਕਰਨ ਵਧ ਸਕਦਾ ਹੈ। ਇੱਕ ਮਾਹਿਰ ਨੇ ਕਿਹਾ ਕਿ ਖਾਲਿਸਤਾਨ ਖਤਰੇ ਨੂੰ ਵਧਾ-ਚੜ੍ਹਾ ਕੇ ਬੀਜੇਪੀ ਵੋਟ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਆਉਣ ਵਾਲੀਆਂ ਚੋਣਾਂ ਵਿੱਚ ਇਹ ਵਿਵਾਦ ਅਹਿਮ ਰੋਲ ਅਦਾ ਕਰ ਸਕਦਾ ਹੈ।

ਪੰਜਾਬ ਦੇ ਲੋਕ ਇਸ ਵਿਵਾਦ ਨੂੰ ਵੇਖ ਰਹੇ ਹਨ ਅਤੇ ਉਮੀਦ ਕਰ ਰਹੇ ਹਨ ਕਿ ਇਹ ਰਾਜਨੀਤੀ ਨਾਲ ਨਹੀਂ ਖੇਡੇ ਜਾਣਗੇ। ਧਾਰਮਿਕ ਮੁੱਦੇ ਪੰਜਾਬ ਵਿੱਚ ਸੰਵੇਦਨਸ਼ੀਲ ਹਨ ਅਤੇ ਇਨ੍ਹਾਂ ਨੂੰ ਰਾਜਨੀਤੀ ਵਿੱਚ ਘਸੀਟਣ ਨਾਲ ਸਮਾਜ ਵੰਡਿਆ ਜਾ ਸਕਦਾ ਹੈ। ਅਕਾਲੀ ਅਤੇ ਆਪ ਨੂੰ ਚਾਹੀਦਾ ਹੈ ਕਿ ਲੋਕਾਂ ਦੇ ਮੁੱਦੇ ਉੱਤੇ ਧਿਆਨ ਦੇਣ ਅਤੇ ਵਿਵਾਦ ਨੂੰ ਖਤਮ ਕਰਨ। ਪਰ ਲੱਗਦਾ ਹੈ ਕਿ ਇਹ ਝਗੜਾ ਅਜੇ ਵਧੇਗਾ ਅਤੇ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦੇਵੇਗਾ।

***

### ਆਸਟ੍ਰੇਲੀਆ ਨੇ ਭਾਰਤ ਨੂੰ ਵਿਦਿਆਰਥੀ ਵੀਜ਼ਾ ਲਈ

ਅਮਰੀਕਾ ਜਾਂ ਯੂਕੇ। ਪਰ ਉੱਥੇ ਵੀ ਵੀਜ਼ਾ ਨਿਯਮ ਸਖ਼ਤ ਹੋ ਰਹੇ ਹਨ। ਭਾਰਤੀ ਵਿਦਿਆਰਥੀਆਂ ਨੂੰ ਹੁਣ ਵੱਧ ਤਿਆਰੀ ਕਰਨੀ ਪਵੇਗੀ। ਉਨ੍ਹਾਂ ਨੂੰ ਸਾਰੇ ਦਸਤਾਵੇਜ਼ ਅਸਲ ਅਤੇ ਪੂਰੇ ਰੱਖਣੇ ਪੈਣਗੇ। ਇਸ ਦੇ ਨਾਲ ਵਿੱਤੀ ਸਥਿਤੀ ਮਜ਼ਬੂਤ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਵਿੱਚ ਮੁਹਾਰਤ ਹੋਣੀ ਚਾਹੀਦੀ ਹੈ।

ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਜੂਦਗੀ ਬਹੁਤ ਮਜ਼ਬੂਤ ਹੈ। ਉਹ ਉੱਥੇ ਨਾ ਸਿਰਫ਼ ਪੜ੍ਹਦੇ ਹਨ ਬਲਕਿ ਆਸਟ੍ਰੇਲੀਆ ਦੀ ਅਰਥਵਿਵਸਥਾ ਵਿੱਚ ਯੋਗਦਾਨ ਵੀ ਪਾਉਂਦੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆ ਲਈ ਵੱਡੀ ਆਮਦਨੀ ਦਾ ਸਰੋਤ ਹਨ। ਪਰ ਧੋਖਾਧੜੀ ਨਾਲ ਉਨ੍ਹਾਂ ਦੀ ਬਦਨਾਮੀ ਨੂੰ ਰੋਕਣ ਲਈ ਇਹ ਕਦਮ ਜ਼ਰੂਰੀ ਸਮਝੇ ਜਾ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਅਤੇ ਆਸਟ੍ਰੇਲੀਆ ਵਿਚਕਾਰ ਗੱਲਬਾਤ ਨਾਲ ਇਸ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਅਸਲ ਸਿੱਖਿਆ ਏਜੰਸੀਆਂ ਨਾਲ ਸੰਪਰਕ ਕਰਨ ਅਤੇ ਗਲਤ ਤਰੀਕੇ ਨਾ ਅਪਣਾਉਣ। ਇਸ ਨਾਲ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਰਹੇਗਾ।

ਦੂਜੇ ਪਾਸੇ ਇਸ ਸਖਤੀ ਨਾਲ ਆਸਟ੍ਰੇਲੀਆ ਦੇ ਯੂਨੀਵਰਸਿਟੀਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ ਕਿਉਂਕਿ ਭਾਰਤੀ ਵਿਦਿਆਰਥੀ ਉਨ੍ਹਾਂ ਲਈ ਵੱਡਾ ਬਾਜ਼ਾਰ ਹਨ। ਪਰ ਆਸਟ੍ਰੇਲੀਆ ਨੇ ਕਿਹਾ ਹੈ ਕਿ ਇਹ ਬਦਲਾਅ ਅਸਲ ਵਿਦਿਆਰਥੀਆਂ ਨੂੰ ਚੰਗਾ ਅਨੁਭਵ ਦੇਣ ਲਈ ਹੈ। ਭਵਿੱਖ ਵਿੱਚ ਵੇਖੀਏ ਕਿ ਇਹ ਤਬਦੀਲੀ ਕਿੰਨਾ ਅਸਰ ਪਾਉਂਦੀ ਹੈ। ਭਾਰਤੀ ਵਿਦਿਆਰਥੀਆਂ ਨੂੰ ਸਲਾਹ ਹੈ ਕਿ ਉਹ ਆਪਣੀ ਅਰਜ਼ੀ ਵਿੱਚ ਕੋਈ ਗਲਤੀ ਨਾ ਕਰਨ ਅਤੇ ਸਭ ਕੁਝ ਅਸਲ ਰੱਖਣ। ਇਸ ਨਾਲ ਉਨ੍ਹਾਂ ਨੂੰ ਵੀਜ਼ਾ ਮਿਲਣ ਵਿੱਚ ਮਦਦ ਮਿਲੇਗੀ। ਆਸਟ੍ਰੇਲੀਆ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਭਵਿੱਖ ਵਿੱਚ ਚੰਗੇ ਮੌਕੇ ਪਾ ਸਕਦੇ ਹਨ, ਪਰ ਹੁਣ ਨਿਯਮਾਂ ਨੂੰ ਸਮਝਣਾ ਜ਼ਰੂਰੀ ਹੈ।

***

### 'ਸਿਟ' ਨੇ ਲੱਭੇ 50-60 ਪਾਵਨ ਸਰੂਪ,

ਪੰਜਾਬ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ। ਇਹ ਟੀਮ ਆਈ.ਪੀ.ਐੱਸ. ਅਧਿਕਾਰੀ ਗੁਰਪ੍ਰੀਤ ਸਿੰਘ ਭੁੱਲਰ ਦੀ ਅਗਵਾਈ ਵਿੱਚ ਕੰਮ ਕਰ ਰਹੀ ਹੈ। ਸਿਟ ਵਿੱਚ ਹੋਰ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਇਹ ਜਾਂਚ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਤੇਜ਼ ਕੀਤੀ ਗਈ ਹੈ। 7 ਦਸੰਬਰ 2025 ਨੂੰ ਅੰਮ੍ਰਿਤਸਰ ਵਿੱਚ ਐੱਫ.ਆਈ.ਆਰ. ਦਰਜ ਕੀਤੀ ਗਈ ਸੀ, ਜਿਸ ਵਿੱਚ 16 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹਨਾਂ ਵਿੱਚ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਦੇ ਪੁਰਾਣੇ ਅਧਿਕਾਰੀ ਅਤੇ ਕਰਮਚਾਰੀ ਹਨ। ਐੱਫ.ਆਈ.ਆਰ. ਵਿੱਚ ਭ੍ਰਿਸ਼ਟਾਚਾਰ, ਚੋਰੀ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਰਗੇ ਇਲਜ਼ਾਮ ਲਗਾਏ ਗਏ ਸਨ।

ਪਿਛਲੇ ਮਹੀਨੇ ਸਿਟ ਨੇ ਕਈ ਥਾਵਾਂ ਉੱਤੇ ਛਾਪੇ ਮਾਰੇ। 3 ਜਨਵਰੀ 2026 ਨੂੰ ਚੰਡੀਗੜ੍ਹ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਰੂਪਨਗਰ ਵਿੱਚ 15 ਥਾਵਾਂ ਉੱਤੇ ਛਾਪੇਮਾਰੀ ਕੀਤੀ ਗਈ। ਇਸ ਵਿੱਚ ਮੋਬਾਈਲ ਫੋਨ, ਕੰਪਿਊਟਰ, ਟੈਬਲੈੱਟ ਅਤੇ ਵਿੱਤੀ ਰਿਕਾਰਡ ਜ਼ਬਤ ਕੀਤੇ ਗਏ। ਇਹਨਾਂ ਚੀਜ਼ਾਂ ਤੋਂ ਜਾਂਚਕਰਤਾਵਾਂ ਨੂੰ ਮਹੱਤਵਪੂਰਨ ਸਬੂਤ ਮਿਲੇ ਹਨ। ਸਿਟ ਨੇ ਪਹਿਲਾਂ ਹੀ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ - ਸ਼੍ਰੋਮਣੀ ਕਮੇਟੀ ਦੇ ਪੁਰਾਣੇ ਆਡੀਟਰ ਸਤਿੰਦਰ ਸਿੰਘ ਕੋਹਲੀ ਅਤੇ ਇੱਕ ਰਿਟਾਇਰਡ ਅਧਿਕਾਰੀ। ਇਹ ਗ੍ਰਿਫ਼ਤਾਰੀਆਂ ਪੰਜਾਬ ਪੁਲਿਸ ਲਈ ਵੱਡੀ ਕਾਮਯਾਬੀ ਹਨ, ਪਰ ਅਜੇ ਵੀ ਬਹੁਤੇ ਦੋਸ਼ੀ ਫੜੇ ਨਹੀਂ ਗਏ ਹਨ। ਪੁਲਿਸ ਨੇ ਕਿਹਾ ਕਿ ਹੋਰ ਗ੍ਰਿਫ਼ਤਾਰੀਆਂ ਵੀ ਜਲਦੀ ਹੋ ਸਕਦੀਆਂ ਹਨ।

**ਸਿਟ ਦੀ ਪ੍ਰਗਤੀ ਅਤੇ ਤਾਜ਼ਾ ਵਿਕਾਸ**

ਸਿਟ ਨੇ ਹੁਣ ਤੱਕ 50 ਤੋਂ 60 ਸਰੂਪਾਂ ਨੂੰ ਲੱਭ ਲਿਆ ਹੈ। ਇਹ ਸਰੂਪ ਡੇਰਿਆਂ ਅਤੇ ਘਰਾਂ ਵਿੱਚ ਰੱਖੇ ਹੋਏ ਸਨ। ਪਰ ਉਹਨਾਂ ਨੂੰ ਗੁਰ ਮਰਿਆਦਾ ਨਾਲ ਨਹੀਂ ਰੱਖਿਆ ਗਿਆ ਸੀ। ਕਈ ਥਾਵਾਂ ਉੱਤੇ ਉਹਨਾਂ ਨੂੰ ਸਾਧਾਰਨ ਅਲਮਾਰੀਆਂ ਵਿੱਚ ਜਾਂ ਗਲਤ ਤਰੀਕੇ ਨਾਲ ਰੱਖਿਆ ਗਿਆ ਸੀ, ਜੋ ਕਿ ਬੇਅਦਬੀ ਵਾਂਗ ਹੈ। ਸਿਟ ਨੇ ਬੰਗਾ ਅਤੇ ਹੋਰ ਥਾਵਾਂ ਉੱਤੇ ਜਾ ਕੇ ਖੋਜ ਕੀਤੀ ਹੈ। ਸੂਤਰਾਂ ਅਨੁਸਾਰ, ਇਹਨਾਂ ਸਰੂਪਾਂ ਨੂੰ ਵਾਪਸ ਲਿਆਉਣ ਲਈ ਸ਼੍ਰੋਮਣੀ ਕਮੇਟੀ ਦੇ ਲੋਕ ਵੀ ਨਾਲ ਜਾਣਗੇ। ਇਸ ਨਾਲ ਸਰੂਪਾਂ ਨੂੰ ਪੂਰੇ ਆਦਰ ਅਤੇ ਮਰਿਆਦਾ ਨਾਲ ਲਿਆਂਦਾ ਜਾ ਸਕੇਗਾ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਹਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਪੰਜਾਬ ਸਰਕਾਰ ਨਾਲ ਸਹਿਯੋਗ ਕਰਨ ਦਾ ਹੁਕਮ ਦਿੱਤਾ ਹੈ। ਇਸ ਹੁਕਮ ਤੋਂ ਇੱਕ ਦਿਨ ਬਾਅਦ, ਸਿਟ ਦੇ ਮੈਂਬਰਾਂ ਨੇ ਅੰਮ੍ਰਿਤਸਰ ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅਤੇ ਚੰਡੀਗੜ੍ਹ ਵਿੱਚ ਉਪ-ਦਫ਼ਤਰ ਦਾ ਦੌਰਾ ਕੀਤਾ। ਪੰਜਾਬ ਵਿਜੀਲੈਂਸ ਦੇ ਏਆਈਜੀ ਜਗਤਪ੍ਰੀਤ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਜਾ ਕੇ ਰਿਕਾਰਡ ਮੰਗੇ। ਉਹਨਾਂ ਨਾਲ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਵਿੰਦਰਪਾਲ ਸਿੰਘ ਸੰਧੂ ਅਤੇ ਵਧੀਕ ਡੀਸੀਪੀ ਹਰਪਾਲ ਸਿੰਘ ਵੀ ਸਨ। ਉਹਨਾਂ ਨੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਰਿਕਾਰਡ ਮੁਹੱਈਆ ਕਰਨ ਦੀ ਮੰਗ ਕੀਤੀ। ਕਮੇਟੀ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਉਹ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਸਲਾਹ ਕਰ ਕੇ ਲੋੜੀਂਦੇ ਦਸਤਾਵੇਜ਼ ਦੇਣਗੇ।

ਜਥੇਦਾਰ ਨੇ ਇਹ ਹੁਕਮ ਉਸ ਵੇਲੇ ਦਿੱਤਾ ਜਦੋਂ ਕੁਝ ਸਿੱਖ ਆਗੂਆਂ ਨੇ ਸਰਕਾਰ ਦੇ ਦਖਲ ਨੂੰ ਗਲਤ ਕਿਹਾ ਸੀ। ਪਹਿਲਾਂ ਕੁਝ ਲੋਕਾਂ ਨੇ ਕਿਹਾ ਕਿ ਇਹ ਧਾਰਮਿਕ ਮਾਮਲਾ ਹੈ ਅਤੇ ਸਰਕਾਰ ਨੂੰ ਨਹੀਂ ਦਖਲ ਦੇਣਾ ਚਾਹੀਦਾ। ਪਰ ਜਥੇਦਾਰ ਨੇ ਇਸ ਨੂੰ ਯੂ-ਟਰਨ ਵਾਂਗ ਨਹੀਂ ਮੰਨਿਆ ਅਤੇ ਕਿਹਾ ਕਿ ਸਹਿਯੋਗ ਨਾਲ ਹੀ ਮਾਮਲਾ ਹੱਲ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੰਮ ਕੀਤਾ ਜਾਵੇਗਾ। ਇਸ ਨਾਲ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵਿਚਕਾਰ ਸਹਿਯੋਗ ਵਧਿਆ ਹੈ।

ਇਹ ਪਹਿਲੀ ਵਾਰ ਹੈ ਜਦੋਂ ਸਰਕਾਰੀ ਜਾਂਚ ਨਾਲ ਇੰਨੇ ਸਰੂਪਾਂ ਨੂੰ ਲੱਭਿਆ ਗਿਆ ਹੈ। ਪਹਿਲਾਂ ਅੰਦਰੂਨੀ ਜਾਂਚ ਵਿੱਚ ਵੀ ਮਾਮਲਾ ਉਭਰਿਆ ਸੀ, ਪਰ ਕੋਈ ਵੱਡੀ ਕਾਰਵਾਈ ਨਹੀਂ ਹੋਈ। ਹੁਣ ਸਿਟ ਨੇ ਜਾਂਚ ਨੂੰ ਤੇਜ਼ ਕੀਤਾ ਹੈ ਅਤੇ ਹੋਰ ਛਾਪੇ ਵੀ ਵਜ ਸਕਦੇ ਹਨ। ਪੰਜਾਬ ਪੁਲਿਸ ਨੇ ਕਿਹਾ ਕਿ ਜਾਂਚ ਨਿਰਪੱਖ ਅਤੇ ਕਾਨੂੰਨੀ ਤਰੀਕੇ ਨਾਲ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਜਲਦੀ ਸਾਰੇ 328 ਸਰੂਪ ਲੱਭ ਜਾਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇਗੀ।

**ਜਥੇਦਾਰ ਦੀ ਭੂਮਿਕਾ ਅਤੇ ਬਿਆਨ**

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਵਿੱਚ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸਿਆਸਤ ਬੰਦ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਨੂੰ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਜਥੇਦਾਰ ਨੇ ਕਿਹਾ ਕਿ ਇਹ ਭ੍ਰਿਸ਼ਟ ਮੁਲਾਜ਼ਮਾਂ ਵੱਲੋਂ ਪੈਸੇ ਦੇ ਘਪਲੇ ਦਾ ਮਾਮਲਾ ਹੈ ਅਤੇ ਰਿਪੋਰਟ ਵਿੱਚ 16 ਦੋਸ਼ੀਆਂ ਦੇ ਨਾਂ ਸਪੱਸ਼ਟ ਹਨ। ਉਹਨਾਂ ਨੇ ਚਿਤਾਵਨੀ ਦਿੱਤੀ ਕਿ ਕੋਈ ਵੀ ਸਿਆਸੀ ਪਾਰਟੀ ਇਸ ਮਾਮਲੇ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਨਾ ਕਰੇ, ਨਹੀਂ ਤਾਂ ਸਖ਼ਤ ਕਾਰਵਾਈ ਹੋਵੇਗੀ। ਇਸ ਬਿਆਨ ਨਾਲ ਸਿੱਖ ਜਥੇਬੰਦੀਆਂ ਵਿੱਚ ਸਹਿਮਤੀ ਵਧੀ ਹੈ ਅਤੇ ਲੋਕਾਂ ਨੇ ਜਥੇਦਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਪਰ ਕੁਝ ਲੋਕ ਇਸ ਨੂੰ ਸਰਕਾਰ ਵੱਲੋਂ ਦਬਾਅ ਵਜੋਂ ਵੇਖ ਰਹੇ ਹਨ।

**ਮੁੱਖ ਮੰਤਰੀ ਭਗਵੰਤ ਮਾਨ ਅਤੇ ਜਥੇਦਾਰ ਵਿਚਕਾਰ ਬਹਿਸ**

ਇਸ ਮਾਮਲੇ ਨਾਲ ਜੁੜ ਕੇ ਇੱਕ ਹੋਰ ਵਿਵਾਦ ਵੀ ਚੱਲ ਰਿਹਾ ਹੈ। ਜਥੇਦਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ 15 ਜਨਵਰੀ ਨੂੰ ਅਕਾਲ ਤਖ਼ਤ ਸਕੱਤਰੇਤ ਵਿੱਚ ਪੇਸ਼ ਹੋਣ ਲਈ ਤਲਬ ਕੀਤਾ ਹੈ। ਇਹ ਤਲਬ ਵੱਖ-ਵੱਖ ਮੁੱਦਿਆਂ ਉੱਤੇ ਹੈ, ਜਿਸ ਵਿੱਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਟਿੱਪਣੀਆਂ ਅਤੇ ਕਾਰਵਾਈਆਂ ਸ਼ਾਮਲ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਗਾਇਬ ਸਰੂਪਾਂ ਵਾਲਾ ਮਾਮਲਾ ਵੀ ਇਸ ਵਿੱਚ ਸ਼ਾਮਲ ਹੈ।

ਪਹਿਲਾਂ ਅਕਾਲ ਤਖ਼ਤ ਸਾਹਿਬ ਵੱਲੋਂ ਕਿਹਾ ਗਿਆ ਸੀ ਕਿ ਮੁੱਖ ਮੰਤਰੀ ਨੂੰ ਸਵੇਰੇ 10 ਵਜੇ ਆਉਣਾ ਹੈ। ਪਰ ਬਾਅਦ ਵਿੱਚ ਸਮਾਂ ਬਦਲ ਕੇ ਸੰਧਿਆ 4:30 ਵਜੇ ਕਰ ਦਿੱਤਾ ਗਿਆ। ਇਸ ਉੱਤੇ ਮੁੱਖ ਮੰਤਰੀ ਨੇ ਟਵੀਟ ਕੀਤਾ ਅਤੇ ਕਿਹਾ ਕਿ ਉਹਨਾਂ ਦਾ 15 ਜਨਵਰੀ ਨੂੰ ਕੋਈ ਹੋਰ ਰੁਝੇਵਾਂ ਨਹੀਂ ਹੈ। ਉਹ ਸਵੇਰੇ 10 ਵਜੇ ਨਿਮਰਤਾ ਨਾਲ ਹਾਜ਼ਰ ਹੋਣ ਲਈ ਤਿਆਰ ਹਨ। ਉਹਨਾਂ ਨੇ ਕਿਹਾ ਕਿ ਸਮਾਂ ਬਦਲਣ ਬਾਰੇ ਕੋਈ ਅਧਿਕਾਰਤ ਪੱਤਰ ਉਹਨਾਂ ਵੱਲੋਂ ਨਹੀਂ ਜਾਰੀ ਕੀਤਾ ਗਿਆ। ਮੁੱਖ ਮੰਤਰੀ ਨੇ ਰਾਸ਼ਟਰਪਤੀ ਦਫ਼ਤਰ ਨੂੰ ਵੀ ਸੂਚਨਾ ਦਿੱਤੀ ਹੈ ਅਤੇ ਕਿਹਾ ਕਿ ਉਹ ਪੂਰਾ ਦਿਨ ਅਕਾਲ ਤਖ਼ਤ ਨੂੰ ਸਮਰਪਿਤ ਕਰਨਗੇ।

**ਬਹਿਬਲ ਕਲਾਂ ਗੋਲੀਕਾਂਡ ਅਤੇ ਪੀੜਤਾਂ ਦੀ ਅਪੀਲ**

ਇਸ ਸਭ ਨਾਲ ਜੁੜ ਕੇ ਬਹਿਬਲ ਕਲਾਂ ਗੋਲੀਕਾਂਡ ਵੀ ਚਰਚਾ ਵਿੱਚ ਆ ਗਿਆ ਹੈ। ਇਹ ਘਟਨਾ 2015 ਵਿੱਚ ਫਰੀਦਕੋਟ ਵਿੱਚ ਵਾਪਰੀ ਸੀ। ਉਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੇਅਦਬੀ ਦੀ ਘਟਨਾ ਵਿੱਚ ਲੋਕ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਪੁਲਿਸ ਨੇ ਉਹਨਾਂ ਉੱਤੇ ਗੋਲੀਆਂ ਚਲਾਈਆਂ, ਜਿਸ ਵਿੱਚ ਦੋ ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋਏ। ਇਸ ਮਾਮਲੇ ਵਿੱਚ ਅਜੇ ਵੀ ਇਨਸਾਫ਼ ਨਹੀਂ ਮਿਲਿਆ ਹੈ।

ਬਹਿਬਲ ਕਲਾਂ ਵਿੱਚ ਮਾਰੇ ਗਏ ਭਗਵਾਨ ਕ੍ਰਿਸ਼ਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਜਥੇਦਾਰ ਨੂੰ ਅਪੀਲ ਕੀਤੀ ਹੈ। ਉਹਨਾਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੁੱਛਿਆ ਜਾਵੇ ਕਿ ਇਨਸਾਫ਼ ਵਿੱਚ ਦੇਰੀ ਕਿਉਂ ਹੋ ਰਹੀ ਹੈ। ਉਹਨਾਂ ਨੇ ਕਿਹਾ ਕਿ ਧਾਰਮਿਕ ਆਗੂ ਅਤੇ ਵਿਰੋਧੀ ਧਿਰ ਨੂੰ ਦਬਾਅ ਪਾਉਣਾ ਚਾਹੀਦਾ ਹੈ ਤਾਂ ਜੋ ਬੇਅਦਬੀ ਅਤੇ ਗੋਲੀਕਾਂਡ ਵਿੱਚ ਠੋਸ ਕਾਰਵਾਈ ਹੋਵੇ। ਇਹ ਅਪੀਲ ਜਥੇਦਾਰ ਦੇ ਹਾਲੀਆ ਕਦਮਾਂ ਨਾਲ ਮੇਲ ਖਾਂਦੀ ਹੈ।

ਬਹਿਬਲ ਕਲਾਂ ਮਾਮਲਾ ਵੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੇਅਦਬੀ ਨਾਲ ਜੁੜਿਆ ਹੈ। 2015 ਵਿੱਚ ਕਈ ਥਾਵਾਂ ਉੱਤੇ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਸਨ, ਜਿਸ ਨਾਲ ਪੰਜਾਬ ਵਿੱਚ ਵੱਡੇ ਪ੍ਰਦਰਸ਼ਨ ਹੋਏ। ਪੁਲਿਸ ਨੇ ਉਹਨਾਂ ਨੂੰ ਰੋਕਣ ਲਈ ਬਲ ਪ੍ਰਯੋਗ ਕੀਤਾ, ਜਿਸ ਵਿੱਚ ਲੋਕ ਮਾਰੇ ਗਏ। ਉਸ ਵੇਲੇ ਅਕਾਲੀ ਦਲ ਦੀ ਸਰਕਾਰ ਸੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਹੈ। ਪੀੜਤਾਂ ਨੂੰ ਲੱਗਦਾ ਹੈ ਕਿ ਨਵੀਂ ਸਰਕਾਰ ਵੀ ਇਨਸਾਫ਼ ਨਹੀਂ ਕਰ ਰਹੀ। ਉਹਨਾਂ ਨੇ ਜਥੇਦਾਰ ਨੂੰ ਮੰਗ ਕੀਤੀ ਕਿ ਮੁੱਖ ਮੰਤਰੀ ਨੂੰ ਜਵਾਬਤਲਬੀ ਕੀਤੀ ਜਾਵੇ।

**ਭਵਿੱਖ ਦੀ ਉਮੀਦ**

ਇਹ ਪੂਰਾ ਮਾਮਲਾ ਸਿੱਖ ਧਰਮ ਦੀ ਮਰਿਆਦਾ ਅਤੇ ਇਨਸਾਫ਼ ਨਾਲ ਜੁੜਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਗਾਇਬ ਸਰੂਪਾਂ ਨੂੰ ਲੱਭਣ ਨਾਲ ਸੰਗਤ ਵਿੱਚ ਰਾਹਤ ਹੈ, ਪਰ ਅਜੇ ਵੀ ਬਹੁਤ ਕੰਮ ਬਾਕੀ ਹੈ। ਸਿਟ ਨੇ 50-60 ਸਰੂਪ ਲੱਭੇ ਹਨ ਅਤੇ ਹੋਰ ਖੋਜ ਜਾਰੀ ਹੈ। ਉਮੀਦ ਹੈ ਕਿ ਜਲਦੀ ਸਾਰੇ ਸਰੂਪ ਲੱਭ ਜਾਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇਗੀ।

## ਚਾਲੀ ਮੁਕਤਿਆਂ ਦੀ ਵੀਰਤਾ ਅਤੇ

ਜਦੋਂ ਉਹ ਟਿੱਬੀ ਸਾਹਿਬ ਤੋਂ ਉਤਰ ਕੇ ਰਣ ਭੂਮੀ ਵੱਲ ਜਾ ਰਹੇ ਸਨ। ਇੱਥੇ ਉਹ ਟੁੱਟੀ ਰਕਾਬ ਅਜੇ ਵੀ ਸੰਭਾਲੀ ਗਈ ਹੈ ਅਤੇ ਸ਼ਰਧਾਲੂ ਇਸ ਨੂੰ ਵੇਖ ਕੇ ਗੁਰੂ ਜੀ ਦੀ ਯਾਦ ਵਿੱਚ ਡੁੱਬ ਜਾਂਦੇ ਹਨ।

**ਗੁਰਦੁਆਰਾ ਤਰਨ ਤਾਰਨ ਸਾਹਿਬ:** ਇਹ ਗੁਰਦੁਆਰਾ ਸ਼ਹਿਰ ਦੇ ਬਠਿੰਡਾ ਰੋਡ ਉੱਤੇ ਹੈ। ਗੁਰੂ ਜੀ ਖਿਦਰਾਣੇ ਤੋਂ ਰੁਪਾਣੇ ਜਾਂਦੇ ਸਮੇਂ ਇੱਥੇ ਰੁਕੇ ਅਤੇ ਇੱਕ ਛੱਪੜੀ ਵਿੱਚ ਇਸ਼ਨਾਨ ਨੂੰ ਬਖਸ਼ਿਸ਼ ਦਿੱਤੀ ਕਿ ਜੋ ਵੀ ਇੱਥੇ ਇਸ਼ਨਾਨ ਕਰੇਗਾ ਉਸ ਦੇ ਦੁੱਖ ਦੂਰ ਹੋ ਜਾਣਗੇ। ਇਹ ਥਾਂ ਬਿਮਾਰੀਆਂ ਅਤੇ ਤਕਲੀਫ਼ਾਂ ਨੂੰ ਦੂਰ ਕਰਨ ਵਾਲੀ ਵਜੋਂ ਮਸ਼ਹੂਰ ਹੈ।

ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ ਅਤੇ ਸ਼ਰਧਾਲੂਆਂ ਲਈ ਸਾਰੀਆਂ ਸਹੂਲਤਾਂ ਮੌਜੂਦ ਹਨ। ਹਰ ਸਾਲ 1 ਮਾਘ ਨੂੰ ਮਾਘੀ ਮੇਲਾ ਲੱਗਦਾ ਹੈ ਜਿੱਥੇ ਲੱਖਾਂ ਲੋਕ ਆਉਂਦੇ ਹਨ। ਮੇਲੇ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਘੋੜ ਦੌੜਾਂ ਅਤੇ ਗੱਤਕੇ ਦੇ ਜੌਹਰ ਵਿਖਾਉਂਦੀਆਂ ਹਨ। ਇਹ ਮੇਲਾ ਚਾਲੀ ਮੁਕਤਿਆਂ ਨੂੰ ਯਾਦ ਕਰਨ ਵਾਲਾ ਹੈ ਅਤੇ ਇੱਥੇ ਵੱਖ-ਵੱਖ ਦੇਸ਼ਾਂ ਤੋਂ ਲੋਕ ਆਉਂਦੇ ਹਨ।

ਸ੍ਰੀ ਮੁਕਤਸਰ ਸਾਹਿਬ ਅੱਜ ਇੱਕ ਜ਼ਿਲ੍ਹਾ ਹੈ ਅਤੇ ਇਸ ਨੂੰ 2012 ਵਿੱਚ ਅਧਿਕਾਰਕ ਤੌਰ 'ਤੇ ਸ੍ਰੀ ਮੁਕਤਸਰ ਸਾਹਿਬ ਨਾਂਅ ਦਿੱਤਾ ਗਿਆ। ਇਹ ਥਾਂ ਨਾ ਸਿਰਫ਼ ਧਾਰਮਿਕ ਹੈ ਬਲਕਿ ਇਤਿਹਾਸਕ ਵੀ ਹੈ ਅਤੇ ਸੈਲਾਨੀ ਵੀ ਇੱਥੇ ਆਉਂਦੇਹਨ। ਇਹ ਥਾਂ ਸਿੱਖਾਂ ਨੂੰ ਭੁੱਲਾਂ ਨੂੰ ਮਾਫ਼ ਕਰਨ ਅਤੇ ਵਾਪਸ ਗੁਰੂ ਨਾਲ ਜੁੜਨ ਦੀ ਸਿੱਖਿਆ ਦਿੰਦੀ ਹੈ।

ਇਸ ਇਤਿਹਾਸ ਨੇ ਸ੍ਰੀ ਮੁਕਤਸਰ ਸਾਹਿਬ ਨੂੰ ਇੱਕ ਪੂਜਨੀਕ ਥਾਂ ਬਣਾਇਆ ਹੈ ਅਤੇ ਅੱਜ ਵੀ ਇਹ ਸਿੱਖਾਂ ਲਈ ਪ੍ਰੇਰਣਾ ਦਾ ਸੋਮਾ ਹੈ।

***

## ਪੱਤਰਕਾਰਾਂ ਦੀ ਹੱਤਿਆ ਪ੍ਰੈੱਸ ਦੀ

ਇਹ ਹਮਲੇ ਉਸ ਵੇਲੇ ਹੋਰ ਵੀ ਵੱਧ ਗਏ ਹਨ ਜਦੋਂ ਤੋਂ ਕੁਲੀਨ ਵਰਗ ਸੱਤਾ ਦੀ ਦੁਰਵਰਤੋਂ ਵਧੇਰੇ ਕਰ ਰਿਹਾ ਹੈ। ਪਰ ਬਾਵਜੂਦ ਇਸ ਸਭ ਕੁਝ ਦੇ ਖੋਜੀ ਪੱਤਰਕਾਰਤਾ ਦਾ ਵਿਸਥਾਰ ਹੋ ਰਿਹਾ ਹੈ ਅਤੇ ਪੱਤਰਕਾਰ ਲਗਾਤਾਰ ਚੈਲਿੰਜ ਕਬੂਲ ਕਰ ਰਹੇ ਹਨ।

ਪੁਲਿਸ ਅਤੇ ਸਰਕਾਰੀ ਸੁਰੱਖਿਆ ਬਲਾਂ ਦਾ ਦਬਾਅ ਪੱਤਰਕਾਰਤਾ 'ਤੇ ਵੱਧ ਹੈ। ਪੱਤਰਕਾਰ ਗੌਰੀ ਲੰਕੇਸ਼ ਦੀ ਭਾਰਤ ਦੇ ਸ਼ਹਿਰ ਬੰਗਲੌਰ 'ਚ ਹੱਤਿਆ ਨਾਲ ਦੇਸ਼, ਦੁਨੀਆ 'ਚ ਲੱਖਾਂ ਲੋਕਾਂ ਨੂੰ ਗਹਿਰਾ ਸਦਮਾ ਪੁੱਜਿਆ। ਜਦੋਂ ਉਹਨਾਂ ਦੀ ਹੱਤਿਆ ਦੀ ਖ਼ਬਰ ਪ੍ਰਕਾਸ਼ਤ ਹੋਈ ਤਾਂ ਪੂਰਾ ਦੇਸ਼ ਤ੍ਰਬਕ ਉੱਠਿਆ। ਉਹਨਾਂ ਦੇ ਕਾਤਲਾਂ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਹੋਏ। ਭਾਰਤ ਸਰਕਾਰ ਨੂੰ ਵੀ ਸ਼ਰਮਿੰਦਗੀ ਉਠਾਉਣੀ ਪਈ।

ਸਿਰਫ਼ ਇਹ ਨਹੀਂ ਕਿ ਰਾਸ਼ਟਰੀ ਪੱਧਰ 'ਤੇ ਵੱਡੀਆਂ ਅਖ਼ਬਾਰਾਂ ਵਾਲੇ ਪੱਤਰਕਾਰ ਹੀ ਨਿਸ਼ਾਨੇ 'ਤੇ ਰਹਿੰਦੇ ਹਨ, ਸਗੋਂ ਸਥਾਨਕ ਪੱਤਰਕਾਰਾਂ ਨੂੰ ਵੀ ਵੱਡੇ ਲੋਕਾਂ ਦੀ ਗੁੰਡਾਗਰਦੀ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਹਨਾਂ ਦੇ ਕੁਕਰਮਾਂ ਨੂੰ ਉਹ ਲੋਕਾਂ ਸਾਹਮਣੇ ਲਿਆਉਂਦੇਹਨ। 2015 'ਚ ਇੱਕ ਸਥਾਨਕ ਪੱਤਰਕਾਰ ਸੰਦੀਪ ਕੋਠਾਰੀ ਦੀ ਹੱਤਿਆ ਇਸ ਕਰਕੇ ਕਰ ਦਿੱਤੀ ਗਈ ਕਿ ਉਸਨੇ ਖਣਨ ਮਾਮਲਾ(ਰੇਤ-ਬਜਰੀ) ਲੋਕਾਂ ਸਾਹਵੇਂ ਲਿਆਂਦਾ ਸੀ।

ਪੱਤਰਕਾਰਾਂ ਦੀ ਹੱਤਿਆ ਦੇ ਮਾਮਲੇ ਅਸਲ ਅਰਥਾਂ ਵਿੱਚ ਮਨੁੱਖ ਦੇ ਮੁਢਲੇ ਅਧਿਕਾਰਾਂ ਨਾਲ਼ ਜੁੜੇ ਹੋਏ ਹਨ। ਦੁਨੀਆ ਭਰ ਦੇ ਦੇਸ਼ਾਂ ਵਿੱਚ ਪ੍ਰੈੱਸ ਦੀ ਅਜ਼ਾਦੀ ਗੰਭੀਰ ਸੰਕਟ ਵਿੱਚ ਹੈ। ਇੱਕ ਕੀਤੇ ਸਰਵੇ ਅਨੁਸਾਰ 180 ਦੇਸ਼ਾਂ ਵਿੱਚ ਪ੍ਰੈੱਸ ਦੀ ਅਜ਼ਾਦੀ 'ਚ ਚੀਨ ਦਾ ਸਥਾਨ 178ਵਾਂ ਹੈ, ਈਰਾਨ ਦਾ 176 ਵਾਂ, ਅਫ਼ਗਾਨਿਸਤਾ ਦਾ 175 ਵਾਂ ਅਤੇ ਭਾਰਤ ਦਾ 151ਵਾਂ ਸਥਾਨ ਹੈ। ਪ੍ਰੈੱਸ ਅਜ਼ਾਦੀ 'ਚ ਨਾਰਵੇ ਪਹਿਲੇ ਸਥਾਨ 'ਤੇ ਹੈ। ਪਿਛਲੇ 50 ਸਾਲਾਂ 'ਚ ਪ੍ਰੈੱਸ ਦੀ ਅਜ਼ਾਦੀ ਲਾਗਾਤਾਰ ਖੋਹੀ ਗਈ ਹੈ, ਜਿਹੜੀ ਕਿ ਗਲੋਬਲ ਲੋਕਤੰਤਰ ਲਈ ਵੱਡਾ ਖ਼ਤਰਾ ਬਣੀ ਦਿਸਦੀ ਹੈ। ਘਰੇਲੂ-ਯੁੱਧ, ਗ਼ਰੀਬੀ ਅਤੇ ਸਿਆਸੀ ਅਸਥਿਰਤਾ ਇਸ ਅਜ਼ਾਦੀ 'ਚ ਵੱਡਾ ਯੋਗਦਾਨ ਪਾਉਂਦੇਹਨ। ਵੱਧ ਰਹੀਂ ਡਿਕਟੇਟਰਾਨਾ ਸੋਚ ਨੇ ਪ੍ਰੈੱਸ ਦੀ ਅਜ਼ਾਦੀ ਅਤੇ ਪੱਤਰਕਾਰਾਂ ਲਈ ਵੱਡੇ ਖ਼ਤਰੇ ਖੜ੍ਹੇ ਕੀਤੇ ਹਨ।

ਰੂਸ 'ਚ ਇਕੋ ਵਿਅਕਤੀ ਦਾ ਰਾਜ ਅਤੇ ਧੱਕੇਸ਼ਾਹੀ, ਭਾਰਤ ਅਤੇ ਅਮਰੀਕਾ 'ਚ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਦੇ ਤੀਬਰ ਯਤਨ, ਯੁੱਧ-ਜੰਗ ਦੀਆਂ ਵੱਡੇ ਧਨ-ਕੁਬੇਰਾਂ ਵੱਲੋਂ ਪੈਦਾ ਕੀਤੀਆਂ ਪ੍ਰਸਥਿਤੀਆਂ ਪੱਤਰਕਾਰਾਂ ਦੀ ਕਲਮ ਖੋਹਣ, ਉਹਨਾਂ ਦੀ ਜੀਭ ਉੱਤੇ ਜਿੰਦਰੇ ਲਗਾਉਣ ਦਾ ਵੱਡਾ ਕਾਰਨ ਬਣਦੀਆਂ ਜਾ ਰਹੀਆਂ ਹਨ।

ਫਿਰ ਵੀ ਤਸੱਲੀ ਦੀ ਗੱਲ ਇਹ ਹੈ ਕਿ ਸੁਚੇਤ ਅਤੇ ਨਿਡਰ ਪੱਤਰਕਾਰ ਅਜੇ ਵੀ ਸੀਸ ਤਲੀ 'ਤੇ ਧਰ ਕੇ ਆਪਣਾ ਫਰਜ਼ ਨਿਭਾ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਸਾਰਥਕ ਸੋਚ ਵਾਲੇ ਲੋਕ ਪ੍ਰੈੱਸ ਦੀ ਅਜ਼ਾਦੀ ਦਾ ਸਹਾਰਾ ਬਣੇ ਹੋਏ ਹਨ।

***

## ਭਾਰਤ ਮਜ਼ਬੂਤੀ ਨਾਲ ਕਰੇ

ਗੋਆ ਦਾ ਨਾਈਟ ਕਲੱਬ ਵੀ ਸ਼ਾਸਨ-ਪ੍ਰਸ਼ਾਸਨ ਦੇ ਪੱਧਰ 'ਤੇ ਘੋਰ ਲਾਪਰਵਾਹੀ ਦੀ ਭਖਦੀ ਮਿਸਾਲ ਰਿਹਾ। ਕਲੱਬ ਵਿੱਚ ਲੱਗੀ ਅੱਗ ਵਿੱਚ 25 ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਜ਼ਖ਼ਮੀ ਹੋ ਗਏ। ਕਈ ਜ਼ਰੂਰੀ ਪ੍ਰਵਾਨਗੀਆਂ ਤੋਂ ਬਿਨਾਂ ਹੀ ਇਸ ਕਲੱਬ ਨੂੰ ਚਲਾਇਆ ਜਾ ਰਿਹਾ ਸੀ। ਇਸ ਦਾ ਪ੍ਰਵੇਸ਼ ਅਤੇ ਨਿਕਾਸ ਮਾਰਗ ਹੀ ਇੰਨੇ ਤੰਗ ਸਨ ਕਿ ਰਾਹਤ ਤੇ ਬਚਾਅ ਮੁਹਿੰਮ ਵਿੱਚ ਬਹੁਤ ਜ਼ਿਆਦਾ ਰੁਕਾਵਟਾਂ ਆਈਆਂ। ਕੀ ਇਹ ਸਭ ਪਹਿਲਾਂ ਨਹੀਂ ਦਿਸ ਰਿਹਾ ਸੀ? ਅਜਿਹੇ ਵਿੱਚ, ਸਵਾਲ ਉੱਠਣਾ ਸੁਭਾਵਕ ਹੈ ਕਿ ਕਿਸ ਦੀ ਕਿਰਪਾ ਨਾਲ ਕਲੱਬ ਨੂੰ ਲਾਇਸੈਂਸ ਮਿਲਿਆ ਅਤੇ ਉੱਥੇ ਜ਼ਿੰਮੇਵਾਰ ਲੋਕਾਂ ਨੇ ਸੁਰੱਖਿਆ ਪ੍ਰਬੰਧਾਂ ਦੀ ਥਾਹ ਲੈਣ ਦੀ ਜ਼ਿੰਮੇਵਾਰੀ ਕਿਉਂ ਨਹੀਂ ਸਮਝੀ। ਇਸ ਸਭ ਨੂੰ ਦੇਖਦੇ ਹੋਏ ਇਹ ਕਹਿਣਾ ਜ਼ਰੂਰੀ ਹੈ ਕਿ ਪ੍ਰਧਾਨ ਮੰਤਰੀ ਲਈ ਕੁਝ ਵੱਡੇ ਫ਼ੈਸਲੇ ਲੈਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੂੰ ਕੇਂਦਰੀ ਮੰਤਰੀ ਮੰਡਲ ਦੀ ਬਣਤਰ ਤੋਂ ਲੈ ਕੇ ਉਨ੍ਹਾਂ ਲੋਕਾਂ ਦੇ ਸਬੰਧ ਵਿੱਚ ਕੁਝ ਵੱਡੇ ਫ਼ੈਸਲੇ ਕਰਨੇ ਹੋਣਗੇ ਜੋ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਸਰਕਾਰਾਂ ਚਲਾ ਰਹੇ ਹਨ। ਨਹੀਂ ਤਾਂ ਨਾਖ਼ੁਸ਼ਗਵਾਰ ਘਟਨਾਵਾਂ ਉਨ੍ਹਾਂ ਦੇ ਅਕਸ 'ਤੇ ਨਾਂਹ-ਪੱਖੀ ਅਸਰ ਪਾਉਣਗੀਆਂ। ਅਜਿਹੀ ਸਥਿਤੀ ਤੋਂ ਬਚਣ ਲਈ ਉਨ੍ਹਾਂ ਨੂੰ ਬਿਨਾਂ ਦੇਰੀ ਦੇ ਸਖ਼ਤ ਰੁਖ਼ ਅਪਣਾਉਣਾ ਹੀ ਹੋਵੇਗਾ।

***

## ਪੰਜਾਬ ਦੇ ਪਿੰਡਾਂ ਦੀਆਂ ਉੱਭਰਦੀਆਂ ਸਮੱਸਿਆਵਾਂ ਵੱਲ

ਇਨ੍ਹਾਂ ਪੰਚਾਇਤਾਂ ਨੇ ਬਹੁਤ ਚੰਗੇ ਕੰਮ ਕੀਤੇ ਹਨ। ਪੰਚਾਇਤ ਦੇ ਨਿਯਮਾਂ ਅਨੁਸਾਰ ਹਰ ਪਿੰਡ ਵਿੱਚ ਸਾਲ ਵਿੱਚ ਦੋ ਵਾਰ ਪਿੰਡ ਦੀ ਗਰਾਮ ਸਭਾ ਦੀ ਮੀਟਿੰਗ ਹੋਣੀ ਚਾਹੀਦੀ ਹੈ। ਇਸ ਗਰਾਮ ਸਭਾ ਵਿੱਚ ਪਿੰਡ ਦਾ ਹਰ ਵੋਟਰ ਮੈਂਬਰ ਹੈ। ਜਦੋਂ ਗਰਾਮ ਸਭਾ ਹੁੰਦੀ ਹੈ ਤਾਂ ਪਿੰਡ ਦੀ ਪਿਛਲੇ ਛੇ ਮਹੀਨੇ ਦੀ ਹੋਈ ਕਾਰਵਾਈ 'ਤੇ ਚਰਚਾ ਹੁੰਦੀ ਹੈ, ਗਿਲੇ ਸ਼ਿਕਵੇ ਦੂਰ ਕੀਤੇ ਜਾਂਦੇ ਹਨ ਜਿਸ ਤੋਂ ਬਾਅਦ ਚੰਗਾ ਮਾਹੌਲ ਬਣਦਾ ਹੈ। ਜਿਹੜਾ ਵਿਅਕਤੀ ਪੰਚਾਇਤ ਦੇ ਕੰਮਾਂ ਵਿੱਚ ਰੁਕਾਵਟ ਪਾਉਂਦਾ ਹੈ। ਉਸ ਦੀ ਪਹਿਚਾਣ ਹੁੰਦੀ ਹੈ ਅਤੇ ਇਸ ਤਰ੍ਹਾਂ ਪਿੰਡ ਵਿੱਚ ਸੁਚਾਰੂ ਕੰਮਾਂ ਦਾ ਅਤੇ ਆਪਸੀ ਭਾਈਚਾਰੇ ਦਾ ਮਾਹੌਲ ਬਣਦਾ ਹੈ। ਪਰ ਸ਼ਾਇਦ ਹੀ ਕਿਸੇ ਪਿੰਡ ਵਿੱਚ ਹਕੀਕਤ ਵਿੱਚ ਗਰਾਮ ਸਭਾ ਦੀ ਮੀਟਿੰਗ ਸਾਲ ਵਿੱਚ ਦੋ ਵਾਰ ਹੁੰਦੀ ਹੋਵੇ ਅਤੇ ਲੋਕ ਇਕੱਠੇ ਹੁੰਦੇ ਹੋਣ।

ਪੰਜਾਬ ਦੇ 117 ਚੋਣ ਹਲਕਿਆਂ ਵਿਚੋਂ ਜ਼ਿਆਦਾਤਰ ਪੇਂਡੂ ਹਲਕੇ ਹਨ। ਚੋਣਾਂ ਦੇ ਸਮੇਂ 'ਤੇ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਇਸ ਤਰ੍ਹਾਂ ਦੇ ਮੁੱਦਿਆਂ ਲਈ ਮੈਨੀਫੈਸਟੋ ਹੀ ਨਹੀਂ ਬਣਾਇਆ ਹੁੰਦਾ। ਭਾਵੇਂ ਕਿ ਪਿੰਡਾਂ ਵਿੱਚ ਬੱਚਿਆਂ ਦੇ ਖੇਡਣ ਲਈ ਸਟੇਡੀਅਮ ਦੀਆਂ ਤਜਵੀਜ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਪਰ ਸਟੇਡੀਅਮ ਅਤੇ ਆਡੀਟੋਰੀਅਮ ਪਿੰਡਾਂ ਲਈ ਉਲੀਕੇ ਪ੍ਰੋਗਰਾਮਾਂ ਵਿੱਚ ਨਹੀਂ ਲਿਆਂਦੇ ਗਏ। ਹੁਣ ਜਦੋਂ ਕਿ ਸਟੇਡੀਅਮ ਬਣਾਉਣੇ ਸ਼ੁਰੂ ਕੀਤੇ ਹਨ। ਕੁਝ ਚੋਣਵੇਂ ਪਿੰਡਾਂ ਵਿੱਚ ਆਡੀਟੋਰੀਅਮ ਵੀ ਬਣਾਉਣੇ ਚਾਹੀਦੇ ਹਨ ਕਿਉਂ ਜੋ ਜ਼ਿਆਦਾਤਰ ਆਬਾਦੀ ਤਾਂ ਪਿੰਡਾਂ ਵਿੱਚ ਹੀ ਰਹਿੰਦੀ ਹੈ ਅਤੇ ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਅਤੇ ਹੋਰ ਕਲਾ ਵਿੱਚ ਅੱਗੇ ਵਧਣ ਲਈ ਉਨੇ ਹੀ ਮੌਕੇ ਮਿਲਣ ਜਿੰਨੇ ਸ਼ਹਿਰਾਂ ਵਿੱਚ ਮਿਲਦੇ ਹਨ। ਪਿੰਡਾਂ ਦੇ ਪ੍ਰਤੀਨਿਧ ਵਿਧਾਇਕਾਂ ਵਿਚੋਂ ਸ਼ਾਇਦ ਹੀ ਕੋਈ ਪਿੰਡਾਂ ਵਿੱਚ ਰਹਿੰਦਾ ਹੋਵੇ। ਇਸ ਲਈ ਉਹ ਪਿੰਡਾਂ ਦੀਆਂ ਉੱਭਰਦੀਆਂ ਸਮੱਸਿਆਵਾਂ ਵੱਲ ਧਿਆਨ ਘੱਟ ਦਿੰਦੇ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

***

## ਔਰਤਾਂ ਦੀ ਸੁਰੱਖਿਆ, ਸਨਮਾਨ ਅਤੇ ਸੁਤੰਤਰਤਾ ਯਕੀਨੀ

ਬੇਸ਼ਕ ਅਦਾਲਤ ਨੇ ਕਿਹਾ ਸੀ ਕਿ ਪੀੜਿਤਾ ਅਤੇ ਉਸਦੀ ਮਾਂ ਦੇ ਪੰਜ ਕਿਲੋਮੀਟਰ ਦੇ ਦਾਇਰੇ ਵਿੱਚ ਕੁਲਦੀਪ ਸਿੰਘ ਸੇਂਗਰ ਨਹੀਂ ਜਾਵੇਗਾ ਪਰ ਦੋਸ਼ੀ ਲਈ ਪੰਜ ਕਿਲੋਮੀਟਰ ਤਾਂ ਕੁਝ ਵੀ ਨਹੀਂ ਸੀ। ਅਖੀਰ ਪੀੜਿਤਾ ਦੇ ਸੰਘਰਸ਼ ਦੀ ਜਿੱਤ ਹੋਈ ਅਤੇ ਸੁਪਰੀਮ ਕੋਰਟ ਨੇ ਕੁਲਦੀਪ ਸਿੰਘ ਸੇਂਗਰ ਨੂੰ ਦਿੱਤੀ ਗਈ ਜ਼ਮਾਨਤ 'ਤੇ ਰੋਕ ਲੱਗਾ ਦਿੱਤੀ ਅਤੇ ਦਿੱਲੀ ਹਾਈ ਕੋਰਟ ਦੇ ਪੁਰਾਣੇ ਹੁਕਮਾਂ ਨੂੰ ਮੁਅੱਤਲ ਕਰ ਦਿੱਤਾ। ਬਿਨਾਂ ਸ਼ੱਕ ਇਹ ਫੈਸਲਾ ਪੀੜਿਤਾ ਦੀ ਹਿੰਮਤ ਦਾ ਨਤੀਜਾ ਹੈ ਅਤੇ ਹੋਰ ਔਰਤਾਂ ਲਈ ਪ੍ਰੇਰਿਤ ਕਰਨ ਵਾਲਾ ਹੈ ਕਿ ਆਪਣੇ ਹੱਕ ਲੈਣ ਲਈ ਖੁਦ ਹੀ ਮੈਦਾਨ ਵਿੱਚ ਆਉਣਾ ਪੈਂਦਾ ਹੈ।

ਚੌਥਾ ਮਾਮਲਾ ਹੈ ਬਿਹਾਰ ਦੇ ਮੁੱਖ ਮੰਤਰੀ ਵੱਲੋਂ ਕੀਤੀ ਗਈ ਘਿਨਾਉਣੀ ਹਰਕਤ ਦਾ। ਨਿਯੁਕਤੀ ਪੱਤਰ ਦੇਣ ਵੇਲੇ ਅਚਾਨਕ ਔਰਤ ਦਾ ਬੁਰਕਾ ਮੁੱਖ ਮੰਤਰੀ ਵੱਲੋਂ ਆਪਣੇ ਹੱਥਾਂ ਨਾਲ ਚੁੱਕ ਦਿੱਤਾ ਗਿਆ। ਜੇ ਕੋਈ ਸ਼ੱਕ ਸੀ ਤਾਂ ਕਿਸੇ ਔਰਤ ਅਧਿਕਾਰੀ ਦੀ ਡਿਊਟੀ ਲਾਈ ਜਾਂਦੀ ਅਤੇ ਉਸਦੇ ਡਾਕੂਮੈਂਟਸ ਨਾਲ ਉਸਦੇ ਚਿਹਰੇ ਦਾ ਮਿਲਾਨ ਕੀਤਾ ਜਾ ਸਕਦਾ ਸੀ। ਪਰ ਸ਼ਰੇਆਮ ਕਿਸੇ ਔਰਤ ਦਾ ਬੁਰਕਾ ਚੁੱਕ ਦੇਣਾ ਔਰਤ ਜਾਤੀ ਦਾ ਅਪਮਾਨ ਹੈ। ਇਹ ਔਰਤਾਂ ਦੀ ਨਿੱਜਤਾ ਅਤੇ ਧਾਰਮਿਕ ਅਜ਼ਾਦੀ ਉੱਤੇ ਸਿੱਧਾ ਹਮਲਾ ਹੈ। ਔਰਤ ਦੀ ਪਛਾਣ, ਆਸਥਾ ਅਤੇ ਪਹਿਰਾਵੇ 'ਤੇ ਫੈਸਲਾ ਲੈਣ ਦਾ ਅਧਿਕਾਰ ਕੇਵਲ ਉਸੇ ਔਰਤ ਦਾ ਹੈ। ਸਗੋਂ ਰਾਜ ਸਰਕਾਰ ਔਰਤਾਂ ਦੀ ਸੁਰੱਖਿਆ, ਸਨਮਾਨ ਅਤੇ ਸੁਤੰਤਰਤਾ ਯਕੀਨੀ ਬਣਾਉਣ ਲਈ ਜਵਾਬਦੇਹ ਹੈ, ਨਾ ਕਿ ਜਨਤਕ ਤੌਰ 'ਤੇ ਅਮਾਨਤ ਕਰਨ ਲਈ। ਸਵਾਲ ਖੜ੍ਹਾ ਹੁੰਦਾ ਕਿ ਜੇ ਸੱਤਾ ਵਿੱਚ ਬੈਠੇ ਲੋਕ ਹੀ ਔਰਤਾਂ ਦੇ ਹੱਕਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ ਤਾਂ ਹੋਰਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ? ਇਨ੍ਹਾਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਹੈ ਕਿ ਔਰਤਾਂ ਨੂੰ ਮਿਲੇ ਹੱਕਾਂ ਉੱਤੇ ਕਦੇ ਵੀ ਡਾਕਾ ਵੱਜ ਸਕਦਾ ਹੈ ਅਤੇ ਅਪਮਾਨਿਤ ਕੀਤਾ ਜਾ ਸਕਦਾ ਹੈ। ਇਸ ਲਈ ਔਰਤਾਂ ਲਈ ਬਿਨਾਂ ਅਵੇਸਲੇ ਹੋਏ, ਆਪਣੇ ਹੱਕਾਂ ਅਤੇ ਸਨਮਾਨ ਲਈ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ। ਜੇ ਅੱਜ ਅਸੀਂ ਚੁੱਪ ਰਹੇ ਤਾਂ ਕੱਲ੍ਹ ਨੂੰ ਸਾਡੇ ਲਈ ਬੋਲਣ ਵਾਲਾ ਵੀ ਕੋਈ ਨਹੀਂ ਹੋਣਾ।

****

## ਸ੍ਰੀ ਅਕਾਲ ਤਖ਼ਤ ਸਾਹਿਬ ਦੇ

ਪਰ ਆਮ ਆਦਮੀ ਪਾਰਟੀ ਦੇ ਆਗੂ ਕਹਿ ਰਹੇ ਹਨ ਕਿ ਐੱਸ.ਜੀ.ਪੀ.ਸੀ. ਕਾਨੂੰਨ ਤੋਂ ਉੱਪਰ ਨਹੀਂ ਅਤੇ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਇਹ ਮਾਮਲਾ ਭ੍ਰਿਸ਼ਟਾਚਾਰ ਅਤੇ ਅਣਗਹਿਲੀ ਨਾਲ ਜੁੜਿਆ ਹੈ, ਬੇਅਦਬੀ ਨਾਲ ਨਹੀਂ, ਅਤੇ ਸਰਕਾਰ ਨੂੰ ਦਖਲ ਨਹੀਂ ਦੇਣਾ ਚਾਹੀਦਾ। ਇਹ ਮਾਮਲਾ ਪੰਜ ਸਾਲ ਪੁਰਾਣਾ ਹੈ ਅਤੇ ਹਾਲ ਹੀ ਵਿੱਚ ਸਰਕਾਰ ਨੇ ਕੁਝ ਪੰਥਕ ਧੜਿਆਂ ਦੀ ਅਪੀਲ ਕਾਰਨ ਇਸ ਨੂੰ ਮੁੜ ਖੋਲ੍ਹ ਕੇ ਐਫ.ਆਈ.ਆਰ. ਦਰਜ ਕੀਤੀ ਹੈ, ਜਿਸ ਨੇ ਵਿਵਾਦ ਨੂੰ ਹੋਰ ਵਧਾ ਦਿੱਤਾ ਹੈ।

ਵੱਖ-ਵੱਖ ਰਾਜਨੀਤਕ ਧਿਰਾਂ ਨੇ ਇਸ ਘਟਨਾ 'ਤੇ ਵੱਖਰੇ ਰਿਐਕਸ਼ਨ ਦਿੱਤੇ ਹਨ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਜਥੇਦਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਵੀਡੀਓਜ਼ ਦੀ ਫੋਰੈਂਸਿਕ ਜਾਂਚ ਮੰਗੀ ਹੈ। ਉਨ੍ਹਾਂ ਨੇ ਕਿਹਾ ਕਿ ਜੇ ਮਾਨ ਸੱਚਮੁੱਚ ਨਿਮਰਤਾ ਨਾਲ ਪੇਸ਼ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਕੇ ਜਾਂਚ ਨੂੰ ਨਿਰਪੱਖ ਬਣਾਉਣਾ ਚਾਹੀਦਾ ਹੈ। ਖਹਿਰਾ ਨੇ ਆਪ ਦੀ ਆਲੋਚਨਾ ਵੀ ਕੀਤੀ ਕਿ ਉਨ੍ਹਾਂ ਨੇ ਭਗਵੰਤ ਮਾਨ ਨੇ ਆਪਣੀਆਂ ਸਿੱਖ ਮਰਿਆਦਾ ਵਿਰੋਧੀ ਵੀਡੀਓਜ਼ ਨੂੰ ਬਲਾਕ ਕਰਵਾ ਕੇ ਪਾਰਦਰਸ਼ਤਾ ਨੂੰ ਖਤਮ ਕੀਤਾ ਹੈ। ਉਨ੍ਹਾਂ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਮਾਨ ਅਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਬੇਅਦਬੀ ਮਾਮਲਿਆਂ ਵਿੱਚ ਨਿਆਂ ਨਾ ਦੇਣ ਬਾਰੇ ਵੀ ਜਵਾਬਦੇਹ ਬਣਾਉਣ।

ਸ਼੍ਰੋਮਣੀ ਅਕਾਲੀ ਦਲ (ਬਾਦਲ ਧੜੇ) ਨੇ ਇਸ ਮਾਮਲੇ ਵਿੱਚ ਚੁੱਪ ਵੱਟੀ ਰੱਖੀ ਹੈ, ਪਰ ਪੰਥਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਉਹ ਬੇਅਦਬੀ ਮਸਲੇ ਬਾਰੇ ਕਿਉਂ ਨਹੀਂ ਆਵਾਜ਼ ਉਠਾ ਰਹੇ। ਅਕਾਲੀ ਦਲ ਨੇ ਹਮੇਸ਼ਾ ਆਪਣੇ ਆਪ ਨੂੰ ਬੇਅਦਬੀ ਮਾਮਲਿਆਂ ਵਿੱਚ ਨਿਰਦੋਸ਼ ਦੱਸਿਆ ਹੈ, ਪਰ ਹੁਣ ਉਹ ਸਰਕਾਰ ਤੇ ਦਬਾਅ ਨਹੀਂ ਬਣਾ ਰਹੇ। ਪੰਥਕ ਆਗੂ ਕਹਿ ਰਹੇ ਹਨ ਕਿ ਅਕਾਲੀ ਦਲ ਨੂੰ ਨਿਆਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਜਥੇਦਾਰ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਜੇ ਅਕਾਲੀ ਦਲ ਆਪਣਾ ਸਟੈਂਡ ਸਪੱਸ਼ਟ ਰੱਖੇ ਤਾਂ ਉਨ੍ਹਾਂ ਦਾ ਪੰਥਕ ਅਕਸ ਸੁਧਰ ਸਕਦਾ ਹੈ।

ਆਮ ਆਦਮੀ ਪਾਰਟੀ ਨੇ ਇਸ ਤਲਬੀ ਨੂੰ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਨੂੰ ਮੰਦਭਾਗਾ ਕਿਹਾ ਹੈ ਅਤੇ ਕਿਹਾ ਕਿ ਅਜਿਹਾ ਫੈਸਲਾ ਨਹੀਂ ਲਿਆ ਜਾਣਾ ਚਾਹੀਦਾ ਸੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਹੁਕਮ ਦਾ ਜਵਾਬ ਦੇਣਗੇ। ਆਪ ਆਗੂ ਬਲਤੇਜ ਪੰਨੂ ਨੇ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਹਮਲਾ ਕਰ ਕੇ ਪੁੱਛਿਆ ਹੈ ਕਿ ਪਾਵਨ ਸਰੂਪ ਕਿੱਥੇ ਗਏ ? ਅਤੇ ਰਿਕਵਰੀ ਕਿਉਂ ਨਹੀਂ ਹੋਈ? ਆਪ ਨੇ ਕਿਹਾ ਕਿ ਸਰਕਾਰ ਬੇਅਦਬੀ ਮਾਮਲਿਆਂ ਵਿੱਚ ਨਿਆਂ ਦੇਣ ਲਈ ਵਚਨਬੱਧ ਹੈ ਪਰ ਐੱਸ.ਜੀ.ਪੀ.ਸੀ. ਸਹਿਯੋਗ ਨਹੀਂ ਦੇ ਰਹੀ।

ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਸਰਵਉੱਚ ਹੈ ਅਤੇ ਰਹਿਤ ਮਰਿਆਦਾ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਕਿਹਾ ਕਿ ਭਾਵੇਂ ਕੋਈ ਮੁੱਖ ਮੰਤਰੀ ਹੋਵੇ ਜਾਂ ਕੇਂਦਰੀ ਨੇਤਾ, ਅਕਾਲ ਤਖ਼ਤ ਸਾਹਿਬ ਦੇ ਫੈਸਲੇ ਸਭ ਤੇ ਲਾਗੂ ਹੁੰਦੇ ਹਨ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਪੰਥ ਨੂੰ ਲਾਭ ਪਹੁੰਚਾਉਣ ਵਾਲੇ ਹੋਣੇ ਚਾਹੀਦੇ ਹਨ ਅਤੇ ਜਥੇਦਾਰੀ ਦੇ ਅਹੁਦੇ ਦਾ ਮਾਣ ਬਚਾਉਂਦੇ ਹੋਏ ਲਏ ਜਾਣੇ ਚਾਹੀਦੇ ਹਨ। ਪਰ ਕੁਝ ਲੋਕ ਇਸ ਨੂੰ 328 ਸਰੂਪਾਂ ਦੇ ਮਾਮਲੇ ਵਿੱਚ ਚੱਲ ਰਹੀ ਜਾਂਚ ਨੂੰ ਧੁੰਦਲਾ ਕਰਨ ਵਾਲੀ ਚਾਲ ਮੰਨ ਰਹੇ ਹਨ।

ਭਗਵੰਤ ਮਾਨ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਉਹ ਅਕਾਲ ਤਖ਼ਤ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ, ਨਾ ਕਿ ਮੁੱਖ ਮੰਤਰੀ ਵਜੋਂ। ਉਨ੍ਹਾਂ ਨੇ ਕਿਹਾ ਕਿ ਉਹ ਨੰਗੇ ਪੈਰੀਂ ਚੱਲ ਕੇ ਹਾਜ਼ਰ ਹੋਣਗੇ ਅਤੇ ਹੁਕਮ ਨੂੰ ਸਿਰ ਮੱਥੇ 'ਤੇ ਲੈਣਗੇ। ਹਾਲਾਂਕਿ 15 ਜਨਵਰੀ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਆ ਰਹੇ ਹਨ, ਪਰ ਮਾਨ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਉਨ੍ਹਾਂ ਲਈ ਸਭ ਤੋਂ ਉੱਪਰ ਹੈ। ਇਸ ਤੋਂ ਲੱਗਦਾ ਹੈ ਕਿ ਉਹ ਜ਼ਰੂਰ ਪੇਸ਼ ਹੋਣਗੇ ਅਤੇ ਆਪਣਾ ਸਪੱਸ਼ਟੀਕਰਨ ਦੇਣਗੇ ਪਰ ਵਿਰੋਧੀ ਆਗੂ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਅਸਤੀਫਾ ਦੇ ਕੇ ਪੇਸ਼ ਹੋਣਾ ਚਾਹੀਦਾ ਹੈ ਤਾਂ ਜੋ ਜਾਂਚ ਨਿਰਪੱਖ ਰਹੇ।

ਇਤਿਹਾਸ ਵਿੱਚ ਵੀ ਅਕਾਲ ਤਖ਼ਤ ਸਾਹਿਬ ਨੇ ਕਈ ਵਾਰ ਰਾਜਨੀਤਕ ਆਗੂਆਂ ਨੂੰ ਤਲਬ ਕੀਤਾ ਹੈ। ਜਿਵੇਂ 1979 ਵਿੱਚ ਪ੍ਰਕਾਸ਼ ਸਿੰਘ ਬਾਦਲ, 1986 ਵਿੱਚ ਸੁਰਜੀਤ ਸਿੰਘ ਬਰਨਾਲਾ ਅਤੇ ਪਹਿਲਾਂ ਗਿਆਨੀ ਜੈਲ ਸਿੰਘ ਅਤੇ ਬੂਟਾ ਸਿੰਘ ਨੂੰ ਬੁਲਾਇਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਵੀ ਤਲਬ ਕੀਤਾ ਗਿਆ ਸੀ। ਇਹ ਘਟਨਾ ਉਸੇ ਪਰੰਪਰਾ ਨੂੰ ਜਾਰੀ ਰੱਖ ਰਹੀ ਹੈ। ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਬੇਅਦਬੀ ਦਾ ਨਿਆਂ ਮਿਲੇ ਅਤੇ ਧਰਮ ਤੇ ਸਿਆਸਤ ਵਿੱਚ ਸੰਤੁਲਨ ਬਣਿਆ ਰਹੇ।

ਅਗਲੇ ਦਿਨਾਂ ਵਿੱਚ ਕੀ ਹੋਵੇਗਾ, ਇਹ ਵੇਖਣ ਵਾਲੀ ਗੱਲ ਹੈ। ਇਹ ਵਿਵਾਦ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦੇ ਸਕਦਾ ਹੈ ਅਤੇ ਆਉਣ ਵਾਲੀਆਂ ਚੋਣਾਂ 'ਤੇ ਅਸਰ ਪਾ ਸਕਦਾ ਹੈ। ਪੰਜਾਬ ਵਿੱਚ ਧਾਰਮਿਕ ਅਤੇ ਰਾਜਨੀਤਕ ਸੰਤੁਲਨ ਬਣਾਉਣ ਲਈ ਸਭ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਤਾਂ ਜੋ ਕੌਮ ਨੂੰ ਨੁਕਸਾਨ ਨਾ ਹੋਵੇ।

***

## ਕਲਮ, ਕੌਮ ਅਤੇ ਚੇਤਨਾ:

ਸਾਹਿਤ ਅਤੇ ਇਤਿਹਾਸ ਦੇ ਇਸ ਮੇਲ ਵਿੱਚ ਪ੍ਰਮਿੰਦਰ ਸਿੰਘ ਪ੍ਰਵਾਨਾ ਜਿਸ ਵਿਰਾਸਤ ਨੂੰ ਸੰਭਾਲ ਰਹੇ, ਉਹ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਹੈ, ਬਲਕਿ ਸੁਚੇਤ ਮਨਾਂ ਵਿੱਚ ਲੰਬੇ ਸਮੇਂ ਤੱਕ ਜਿਊਂਦੀ ਰਹੇਗੀ। ਸਿੱਖ ਇਤਿਹਾਸ ਨੂੰ ਸਮਾਂਬਧ ਉਕਰ ਕੇ ਤਿੱਥ-ਬ-ਤਿੱਥ ਲਿਖਿਆ ਹੈ, ਜਿਸ ਨੂੰ ਪੜ੍ਹ ਕੇ ਅਸਲ ਸਿੱਖ ਸੂਰਬੀਰਤਾ ਤੇ ਸੰਤ ਸਿਪਾਹੀ ਬਿਰਤੀ ਦਾ ਗਿਆਨ ਹੁੰਦਾ ਹੈ।

ਅੱਜ ਜਦੋਂ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ਾਂ ਹੋ ਰਹੀਆਂ ਹਨ, ਪ੍ਰਮਿੰਦਰ ਸਿੰਘ ਪ੍ਰਵਾਨਾ ਵਰਗੇ ਇਤਿਹਾਸਕਾਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਸੱਚ ਲਿਖਿਆ ਨਹੀਂ ਜਾਂਦਾ, ਉਹ ਨਿਭਾਇਆ ਜਾਂਦਾ ਹੈ। ਸਹਿਜ ਸੁਭਾਅ ਬਿਰਤੀ ਦੇ ਮਾਲਕ ਪ੍ਰਵਾਨਾ ਦੇ ਜੀਵਨ 'ਚ ਬੇਸ਼ਕ ਅਨੇਕਾਂ ਔਕੜਾਂ ਆਈਆ ਪਰ ਪਰਿਵਾਰਕ ਮੈਂਬਰਾਂ ਦੀ ਹੱਲਾਸ਼ੇਰੀ ਨੇ ਹਮੇਸ਼ਾ ਉਨ੍ਹਾਂ ਨੂੰ ਲਿਖਣ ਲਈ ਪ੍ਰੇਰਿਤ ਕੀਤਾ।

ਸਮੁੱਚੇ ਤੌਰ 'ਤੇ ਉਨ੍ਹਾਂ ਦੀ ਇਸ ਘਾਲਣਾ ਨੂੰ ਕੁਸ਼ਲ ਪ੍ਰਬੰਧਕ ਇਤਿਹਾਸਕਾਰ, ਮੰਚ ਸੰਚਾਲਕ ਅਤੇ ਚੰਗੇ ਬੁਲਾਰੇ ਦੇ ਤੌਰ 'ਤੇ ਅੰਕਿਤ ਕੀਤਾ ਜਾਂਦਾ ਹੈ।

***

## ਕੈਨੇਡਾ:ਆਪਣੇ ਮਾਪਿਆਂ ਨੂੰ ਪੱਕਾ ਨਹੀਂ

2026 ਵਿੱਚ ਵੀ ਜਾਰੀ ਰਹੇਗੀ।1 ਜਨਵਰੀ, 2025 ਨੂੰ ਨਵੀਆਂ ਅਰਜ਼ੀਆਂ 'ਤੇ ਰੋਕ ਲਗਾਉਣ ਦਾ ਐਲਾਨ ਕਰਨ ਤੋਂ ਬਾਅਦ, 9ਞ33 ਨੇ ਸੰਭਾਵੀ ਸਪਾਂਸਰਾਂ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ 2020 ਵਿੱਚ ਸਪਾਂਸਰ ਕਰਨ ਲਈ ਦਿਲਚਸਪੀ ਜਮ੍ਹਾ ਕੀਤੀ ਸੀ, 2025 ਦੇ ਦਾਖਲੇ ਲਈ ਅਰਜ਼ੀ ਦੇਣ ਲਈ। ਇਹ ਪ੍ਰਕਿਰਿਆ 28 ਜੁਲਾਈ, 2025 ਤੋਂ ਸ਼ੁਰੂ ਹੋਈ ਅਤੇ 9 ਅਕਤੂਬਰ, 2025 ਨੂੰ ਖਤਮ ਹੋਈ। ਆਈ.ਆਰ.ਸੀ.ਸੀ. ਨੇ ਕਿਹਾ ਕਿ ਉਨ੍ਹਾਂ ਨੇ ਲਗਪਗ 2 ਹਫ਼ਤਿਆਂ ਵਿੱਚ 17,860 ਸੱਦੇ ਭੇਜੇ ਹਨ ਪਰ ਉਹ 10,000 ਪੂਰੀਆਂ ਅਰਜ਼ੀਆਂ ਸਵੀਕਾਰ ਕਰਨਗੇ।

ਇਹ ਪ੍ਰੋਗਰਾਮ ਕੈਨੇਡਾ ਵਿੱਚ ਉਨ੍ਹਾਂ ਪ੍ਰਵਾਸੀਆਂ ਨੂੰ ਦੁਬਾਰਾ ਮਿਲਾਉਣ ਲਈ ਤਿਆਰ ਕੀਤਾ ਗਿਆ ਸੀ ਜੋ ਸਥਾਈ ਨਿਵਾਸੀ ਬਣ ਗਏ ਹਨ, ਜਿਸਦਾ ਮਤਲਬ ਹੈ ਕਿ ਸਿਰਫ਼ ਕੈਨੇਡਾ ਵਿੱਚ ਸਥਾਈ ਨਿਵਾਸੀ ਹੀ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਵਿੱਚ ਦਾਖਲ ਹੋਣ ਲਈ ਸਪਾਂਸਰ ਕਰ ਸਕਦੇ ਹਨ। ਇਹ ਪ੍ਰੋਗਰਾਮ ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਵਿੱਚ ਕੰਮ ਕਰਨ ਅਤੇ ਸੂਬਾਈ ਸਿਹਤ ਸੰਭਾਲ ਪ੍ਰਾਪਤ ਕਰਨ ਦੀ ਵੀ ਆਗਿਆ ਦਿੰਦਾ ਹੈ, ਜੋ ਕਿ ਸੁਪਰ ਵੀਜ਼ਾ ਨਹੀਂ ਦਿੰਦਾ। ਇਸ ਇਮੀਗ੍ਰੇਸ਼ਨ ਪ੍ਰੋਗਰਾਮ ਦੇ ਸਪਾਂਸਰ ਕੈਨੇਡੀਅਨ ਨਾਗਰਿਕ ਹਨ ਜੋ ਸਪਾਂਸਰ ਕੀਤੇ ਵਿਅਕਤੀਆਂ ਨੂੰ 20 ਸਾਲਾਂ ਲਈ ਵਿੱਤੀ ਤੌਰ 'ਤੇ ਸਹਾਇਤਾ ਕਰਨ ਲਈ ਸਹਿਮਤ ਹੁੰਦੇ ਹਨ, ਜਿਸ ਦਿਨ ਤੋਂ ਮਾਪੇ ਜਾਂ ਦਾਦਾ-ਦਾਦੀ ਸਥਾਈ ਨਿਵਾਸੀ ਬਣਦੇ ਹਨ।

ਕੈਨੇਡਾ ਪਿਛਲੇ ਸਾਲ ਨਾਲੋਂ ਕੈਨੇਡਾ ਵਿੱਚ ਨਵੇਂ ਸਥਾਈ ਨਿਵਾਸੀਆਂ ਦੀ ਕੁੱਲ ਗਿਣਤੀ ਨੂੰ ਚਾਰ ਪ੍ਰਤੀਸ਼ਤ ਘਟਾਉਣ ਦੀ ਯੋਜਨਾ ਬਣਾ ਰਿਹਾ ਹੈ, ਇਹ ਕਹਿੰਦੇ ਹੋਏ ਕਿ ਇਹ 2026 ਵਿੱਚ ਸਿਰਫ ਕੁੱਲ 380,000 ਨੂੰ ਸਥਾਈ ਨਿਵਾਸੀ ਦਾ ਦਰਜਾ ਦੇਵੇਗਾ।

***

## ਸਪਲਿਟਸਵਿਲਾ ਐਕਸ 6 ਕਾਰਨ

ਮੁਸ਼ਕਲ ਜਾਂ ਮੁਕਾਬਲੇ ਵਾਲੀਆਂ ਸਥਿਤੀਆਂ ਵਿੱਚ ਵੀ ਜ਼ਮੀਨ 'ਤੇ ਟਿਕੇ ਰਹਿਣਾ ਸਿਖਾਇਆ ਹੈ। ਸਪਲਿਟਸਵਿਲਾ ਦੇ ਅੰਦਰ ਮੇਰੀਆਂ ਕਦਰਾਂ-ਕੀਮਤਾਂ ਮੇਰੀ ਸਭ ਤੋਂ ਵੱਡੀ ਤਾਕਤ ਹਨ। ਹੁਣ ਤੱਕ ਦੇ ਆਪਣੇ ਅਨੁਭਵ ਬਾਰੇ, ਉਹ ਮੰਨਦਾ ਹੈ, ਮੈਂ ਉਤਸ਼ਾਹਿਤ, ਘਬਰਾਇਆ ਹੋਇਆ ਅਤੇ ਸ਼ੁਕਰਗੁਜ਼ਾਰ ਹਾਂ—ਸਭ ਇੱਕੋ ਸਮੇਂ। ਹਰ ਚੁਣੌਤੀ, ਹਰ ਗੱਲਬਾਤ, ਇਹ ਸਭ ਮੈਨੂੰ ਆਪਣੇ ਬਾਰੇ ਹੋਰ ਜਾਣਨ ਵਿੱਚ ਮਦਦ ਕਰ ਰਿਹਾ ਹੈ।

ਮੈਂ ਸਪਲਿਟਸਵਿਲਾ ਨੂੰ ਸਿਰਫ਼ ਇੱਕ ਹੋਰ ਰਿਐਲਿਟੀ ਸ਼ੋਅ ਨਹੀਂ ਮੰਨ ਰਿਹਾ ਹਾਂ। ਮੇਰੇ ਲਈ, ਇਹ ਵਧਣ ਦਾ ਮੌਕਾ ਹੈ। ਜੇਕਰ ਲੋਕ ਇੱਕ ਪਲ ਵੀ ਦੇਖਦੇ ਹਨ ਜਿੱਥੇ ਮੈਂ ਇਮਾਨਦਾਰ ਅਤੇ ਸੱਚਾ ਸੀ, ਤਾਂ ਇਹ ਮੇਰੇ ਲਈ ਕਾਫ਼ੀ ਹੈ, ਉਹ ਕਹਿੰਦਾ ਹੈ। ਸਪਲਿਟਸਵਿਲਾ ਐਕਸ 6 ਦੀ ਮੇਜ਼ਬਾਨੀ ਬਾਲੀਵੁੱਡ ਦੀਵਾ ਸੰਨੀ ਲਿਓਨ ਅਤੇ ਕਰਨ ਕੁੰਦਰਾ ਕਰਦੇ ਹਨ। ਇਸ ਸੀਜ਼ਨ ਨੂੰ ਸਭ ਤੋਂ ਭਿਆਨਕ ਦੱਸਿਆ ਜਾ ਰਿਹਾ ਹੈ ਅਤੇ ਇਸ ਵਿੱਚ ਮਜ਼ੇਦਾਰ ਹਿੱਸਿਆਂ ਅਤੇ ਨਾਟਕੀ ਪਲਾਂ ਦੇ ਨਾਲ ਇੱਕ ਬਿਲਕੁਲ ਨਵਾਂ ਥੀਮ ਹੈ। 16ਵੇਂ ਸੀਜ਼ਨ ਦਾ ਥੀਮ ਪਿਆਰ ਬਨਾਮ ਪੈਸੇ ਦੀ ਧਾਰਨਾ 'ਤੇ ਅਧਾਰਤ ਹੈ, ਜਿਸ ਵਿੱਚ ਪ੍ਰਤੀਯੋਗੀਆਂ ਨੂੰ ਲਵ ਵਿਲਾ ਅਤੇ ਮਨੀ ਵਿਲਾ ਵਿੱਚ ਵੰਡਿਆ ਗਿਆ ਹੈ। ਪਹਿਲੇ ਦੋ ਐਪੀਸੋਡਾਂ ਦੇ ਅਨੁਸਾਰ, ਲਵ ਵਿਲਾ ਕਰਨ ਕੁੰਦਰਾ ਅਤੇ ਸੰਨੀ ਲਿਓਨ ਦੁਆਰਾ ਹੋਸਟ ਕੀਤਾ ਜਾਵੇਗਾ, ਜਦੋਂ ਕਿ ਮਨੀ ਵਿਲਾ ਉਰਫੀ ਜਾਵੇਦ ਅਤੇ ਨਿਆ ਸ਼ਰਮਾ ਦੁਆਰਾ ਸੰਚਾਲਿਤ ਕੀਤਾ ਜਾਵੇਗਾ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

**ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।**

RAISING VOICE FOR TRUTH
ਹੋਕਾ TV

**ਮੁ.ਫਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

# https://hokatv.com/guest/home